## ਜੀਵਨ ਕਉਤਕ

ਸਾਧ ਜਨਾ ਕੀ ਅਚਰਜ ਕਥਾ

# ਸੰਤ ਬਾਬਾ ਮਹਾਂ ਹਰਿਨਾਮ ਸਿੰਘ ਜੀ ਮਹਾਰਾਜ

ਡੇਰਾ ਰੂਮੀ ਵਾਲਾ ਭੁੱਚੋ ਕਲਾਂ ਜ਼ਿਲ੍ਹਾ ਬਠਿੰਡਾ

**(ਭਾਗ ਗਿਆਰਵਾਂ)**



**ਧੰਨ ਗੁਰੂ ਨਾਨਕ ਸਾਹਿਬ ਜੀ**

"ਗੁਰੂ ਨਾਨਕ ਦਾ ਰੂਪ ਬਣਾਕੇ ਨਾਰਾਇਣ ਜੱਗ ਆਇਆ ਵੇਸ ਵਟਾਇਆ"
"ਮਾਇਆ ਤਿਸ ਦੇ ਨੇੜ ਨ ਆਵੇ ਨਿਰੰਕਾਰ ਦਾ ਸਾਇਆ ਸਚੇ ਭਾਇਆ"

**ਅਸੀਸਾਂ**

**ਬਾਬਾ ਖੇਮ ਸਿੰਘ ਜੀ**


**ਪ੍ਰਕਾਸ਼ਕ**

**ਬਾਬਾ ਸੁਖਦੇਵ ਸਿੰਘ ਜੀ**

*ਮੌਜੂਦਾ ਮਹਾਂਪੁਰਸ਼*
ਡੇਰਾ ਬਾਬਾ ਰੂਮੀ ਵਾਲਾ ਭੁੱਚੋ ਕਲਾਂ, ਬਠਿੰਡਾ।
ਫੋਨ : 0164-2741811, 09216513139

ਸਭ ਹੱਕ ਲੇਖਕ ਦੇ ਰਾਖਵੇਂ ਹਨ।

**ਦੂਜੀ ਵਾਰ : 2010**

**ਅਸੀਸਾਂ**

**ਬਾਬਾ ਖੇਮ ਸਿੰਘ ਜੀ**

**ਪ੍ਰਕਾਸ਼ਕ**

**ਬਾਬਾ ਸੁਖਦੇਵ ਸਿੰਘ ਜੀ**

*ਮੌਜੂਦਾ ਮਹਾਂਪੁਰਸ਼*

ਡੇਰਾ ਬਾਬਾ ਰੂੰਮੀ ਵਾਲਾ ਭੁੱਚੋ ਕਲਾਂ, ਬਠਿੰਡਾ।

ਫੋਨ : 0164-2741811, 09216513139

*ਛਾਪਕ :*

**ਪ੍ਰਿੰਟਵੈੱਲ**

146, ਇੰਡਸਟ੍ਰੀਅਲ ਫੋਕਲ ਪੁਆਇੰਟ,

ਅੰਮ੍ਰਿਤਸਰ

# ਤਤਕਰਾ


ਆਪੇ ਦੇਖੈ ਆਪੇ ਬੂਝੈ ਆਪੇ ਹੈ ਵਣਜਾਰਾ 5
ਭੂਲਹਿ ਬਾਰਿਕ ਅਨਿਕ ਲਖ ਬਰੀਆ ਅਨ ਠਉਰ ਨਾਹੀ ਜਹ ਜਾਤਾ 7
ਕੋਟਿ ਅਪਰਾਧ ਖੰਡਨ ਕੇ ਦਾਤੇ ਤੁਝ ਬਿਨੁ ਕਉਨੁ ਉਧਾਰੇ 8
ਜਲਿ ਥਲਿ ਮਹੀਅਲਿ ਪੂਰਿ ਪੂਰਨ ਕੀਟ ਹਸਤਿ ਸਮਾਨਿਆ 11
ਦੁਹਾ ਸਿਰਿਆ ਕਾ ਆਪਿ ਸੁਆਮੀ ॥ ਖੇਲੈ ਬਿਗਸੈ ਅੰਤਰਜਾਮੀ ॥ 13
ਸੇਵਕ ਕੀ ਮਨਸਾ ਪੂਰੀ ਭਈ ॥ ਸਤਿਗੁਰ ਤੇ ਨਿਰਮਲ ਮਤਿ ਲਈ ॥ 16
ਦਾਸਨ ਦਾਸ ਰੇਣੁ ਦਾਸਨ ਕੀ ਜਨ ਕੀ ਟਹਲ ਕਮਾਵਉ 17
ਕਹੁ ਕਬੀਰ ਜਿਨਿ ਦੀਆ ਪਲੀਤਾ ਤਿਨਿ ਤੈਸੀ ਝਲ ਦੇਖੀ 19
ਤੇਰੀ ਕੁਦਰਤਿ ਤੂਹੈ ਜਾਣਹਿ ਅਉਰੁ ਨ ਦੂਜਾ ਜਾਣੈ ॥ 22
ਸਭੁ ਕੋਇ ਮੀਠਾ ਮੰਗਿ ਦੇਖੈ ਖਸਮ ਭਾਵੈ ਸੋ ਕਰੇ 24
ਭੁਲਿਆ ਆਪਿ ਸਮੁਝਾਇਸੀ ਜਾ ਕਉ ਨਦਰਿ ਕਰੇ ॥ 26
ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ ॥ 28
ਸਤਿਗੁਰੂ ਸਦਾ ਦਇਆਲੁ ਹੈ ਭਾਈ ਵਿਣੁ ਭਾਗਾ ਕਿਆ ਪਾਈਐ ॥ 29
ਹਰਿ ਰਸੁ ਪੀ ਜਨ ਸਦਾ ਤ੍ਰਿਪਤਾਸੇ ਵਿਚਹੁ ਆਪੁ ਗਵਾਏ ॥ 30
ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ ॥ ਗੁਰ ਬਚਨੀ ਹਰਿ ਨਾਮੁ ਉਚਰੈ ॥ 32
ਕਾਹੇ ਭ੍ਰਮਤ ਹਉ ਤੁਮ ਭ੍ਰਮਹੁ ਨ ਭਾਈ ਰਵਿਆ ਰੇ ਰਵਿਆ ਸ੍ਰਬ ਥਾਨ ॥੧॥ 33
ਤੇਰਾ ਭਾਣਾ ਸਭੁ ਕਿਛੁ ਹੋਵੈ ॥ ਮਨ ਹਠਿ ਕੀਚੈ ਅੰਤਿ ਵਿਗੋਵੈ ॥ 35
ਏਹਾ ਭਗਤਿ ਜਨੁ ਜੀਵਤ ਮਰੈ ॥ ਗੁਰ ਪਰਸਾਦੀ ਭਵਜਲੁ ਤਰੈ ॥ 39
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥ 42
ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ ॥ 44
ਰਾਮ ਰਾਇ ਹੋਹਿ ਬੈਦ ਬਨਵਾਰੀ 45
ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ ॥ 47
ਜੇਵਡੁ ਸਾਹਿਬੁ ਤੇਵਡ ਦਾਤੀ ਦੇ ਦੇ ਕਰੇ ਰਜਾਈ 50
ਗੁਰਬਾਣੀ ਸੰਗਤ ਬਿਨਾ ਦੂਜੀ ਓਟ ਨਹੀ ਹੈ ਰਾਈ 51
ਕਲੇਰਾਂ ਦੀ ਸੰਗਤ ਨੇ ਭੁੱਚੋ ਦਰਸ਼ਨ ਕਰਨ ਆਉਣਾ 53
ਜਿਸ ਨੋ ਸਾਹਿਬੁ ਵਡਾ ਕਰੇ ਸੋਈ ਵਡ ਜਾਣੀ ॥ 55
ਗੁਰ ਕੀ ਸਿਖ ਕੋ ਵਿਰਲਾ ਲੇਵੈ ॥ ਨਾਨਕ ਜਿਸੁ ਆਪਿ ਵਡਿਆਈ ਦੇਵੈ ॥ 59
ਸੋ ਬੁਝੈ ਜਿਸੁ ਆਪਿ ਬੁਝਾਏ ॥ 64

ਕੀਤਾ ਲੋੜਹਿ ਸੋ ਕਰਹਿ ਤੁਝ ਬਿਨੁ ਕਛੁ ਨਾਹਿ ॥ 65
ਆਪਿ ਉਪਾਵਨ ਆਪਿ ਸਧਰਨਾ ॥ ਆਪਿ ਕਰਾਵਨ ਦੋਸੁ ਨ ਲੈਨਾ ॥ 67
ਮਨ ਓਇ ਦਿਨਸ ਧੰਨਿ ਪਰਵਾਨਾ 71
ਜਾ ਕੈ ਦਰਸਿ ਪਾਪ ਕੋਟਿ ਉਤਾਰੇ 73
ਅਨਿਕ ਬਿਘਨ ਤੇ ਸਾਧੂ ਰਾਖੈ 75
ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ ॥ 78
ਸੰਖੇਪ ਅਤੇ ਜ਼ਰੂਰੀ ਧੀਰਉ ਦੇਖਿ ਤੁਮਾਰੇ ਰੰਗਾ ॥ 82
ਮੈ ਪੇਖਿਓ ਰੀ ਊਚਾ ਮੋਹਨੁ ਸਭ ਤੇ ਊਚਾ ॥ 89
ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ ॥ 96
ਕੋਟਿ ਬਿਘਨ ਹਿਰੇ ਖਿਨ ਮਾਹਿ ॥ 97
ਆਸਾ ਮਨਸਾ ਸਭ ਤੇਰੀ ਮੇਰੇ ਸੁਆਮੀ 99
ਏਕੁ ਤੂ ਹੋਰਿ ਵੇਸ ਬਹੁ ਤੇਰੇ ॥ ਨਾਨਕੁ ਜਾਣੈ ਚੋਜ ਨ ਤੇਰੇ ॥ 102
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥੧॥ 104
ਜੋ ਤੂ ਕਰਹਿ ਕਰਾਵਹਿ ਸੁਆਮੀ ਸਾ ਮਸਲਤਿ ਪਰਵਾਣੁ ॥ 105
ਜੈਕਾਰੁ ਕੀਓ ਧਰਮੀਆ ਕਾ ਪਾਪੀ ਕਉ ਡੰਡੁ ਦੀਓਇ ॥ 107
ਜੈਸੀ ਆਸਾ ਤੈਸੀ ਮਨਸਾ ॥ ਜੈਸੀ ਮਨਸਾ ਤੈਸੀ ਦਸਾ ॥ 108
ਇਨਿ ਮਾਇਆ ਜਗਦੀਸ ਗੁਸਾਈ ਤੁਮਰੇ ਚਰਨ ਬਿਸਾਰੇ ॥ 109
ਜੋ ਤੁਮ ਕਰਹੁ ਸੋਈ ਭਲ ਹਮਰੈ ਪੇਖਿ ਨਾਨਕ ਸੁਖ ਚਰਨਾਰੈ ॥ 111
ਕਹੁ ਭੀਖਨ ਦੁਇ ਨੈਨ ਸੰਤੋਖੇ ਜਹ ਦੇਖਾ ਤਹ ਸੋਈ ॥ 112
ਚਾਕਰੁ ਕਹੀਐ ਖਸਮ ਕਾ ਸਉਹੇ ਉਤਰ ਦੇਇ ॥ 113
ਭਏ ਕ੍ਰਿਪਾਲ ਸੁਆਮੀ ਮੇਰੇ ਜੀਉ ॥ 114
ਜਿਸੁ ਭਾਵੈ ਤਿਸੁ ਆਪਨ ਨਾਇ ਲਾਵੈ ॥ ਜਿਸੁ ਭਾਵੈ ਤਿਸੁ ਖੇਲ ਖਿਲਾਵੈ ॥ 119
ਤੁਮਰੀ ਬਿਧਿ ਤੁਮ ਹੀ ਜਾਨਹੁ 120
ਪੂਰਾ ਗੁਰੁ ਪੂਰੀ ਬਣਤ ਬਣਾਈ ॥ ਨਾਨਕ ਭਗਤ ਮਿਲੀ ਵਡਿਆਈ ॥ 123
ਜਾ ਕਾ ਹਰਿ ਸੁਆਮੀ ਪ੍ਰਭੁ ਬੇਲੀ । ਪੀੜ ਗਈ ਫਿਰਿ ਨਹੀ ਦੁਹੇਲੀ । 124
ਭਰਮਿ ਭੁਲਾਈ ਸਭੁ ਜਗੁ ਫਿਰੀ ਫਾਵੀ ਹੋਈ ਭਾਲਿ ॥ 128
ਜਾ ਕਉ ਬਖਸੇ ਮੇਲੇ ਸੋਇ ॥ ਐਥੈ ਓਥੈ ਸਦਾ ਸੁਖੁ ਹੋਇ ॥ 131
ਸੰਤ ਬਾਬਾ ਸੁਖਦੇਵ ਸਿੰਘ ਜੀ ਮੰਦਰ ਮੁਹਾਰ ਨਾਨਕਸਰ ਤੋਂ ਭੁੱਚੋ ਸਾਹਿਬ ਤੱਕ 133

- - -

# ਆਪੇ ਦੇਖੈ ਆਪੇ ਬੂਝੈ ਆਪੇ ਹੈ ਵਣਜਾਰਾ

ਸੇਵਕ ਸੇਵਾ ਕਰ ਕੇ ਦਾਤਾਂ ਪ੍ਰਾਪਤ ਕਰਦਾ ਹੈ। ਦਾਤਾਂ ਪ੍ਰਾਪਤ ਕਰ ਕੇ ਫਿਰ ਸੇਵਾ ਕਰੇ ਤਾਂ ਹੋਰ ਬਖ਼ਸ਼ਿਸ਼ਾਂ ਲੈਣ ਦਾ ਅਧਿਕਾਰੀ ਬਣਦਾ ਹੈ। ਹੋਰ ਬਖ਼ਸ਼ਿਸ਼ ਮਿਲਣ ਸਮੇਂ ਪ੍ਰੀਖਿਆ ਦੀ ਕਸਵੱਟੀ ਵੀ ਲੱਗਦੀ ਹੈ। ਪਾਸ ਹੋਣ ਉੱਤੇ ਨਵੇਂ ਅਹੁਦੇ ਮੁਰਾਤਬੇ ਮਿਲਦੇ ਹਨ। ਇਕ ਵਾਰ ਸੰਤ ਧੰਨਾ ਸਿੰਘ ਜੀ ਨੂੰ ਭਾਈ ਰੂਪੇ ਨਗਰ ਤੋਂ ਬੁਲਾ ਕੇ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਹੁਕਮ ਕੀਤਾ, "ਤੁਸੀਂ ਸ੍ਰੀ ਅੰਮ੍ਰਿਤਸਰ ਜਾਉ। ਸਾਡੇ ਵੱਲੋਂ ਉਥੇ ਇਕ ਸੌ ਇਕ ਰੁਪਏ ਦੀ ਦੇਗ ਕਰਾ ਕੇ ਅਰਦਾਸ ਕਰਵਾ ਕੇ ਆਉ। ਨਾਲ ਹੁਕਮ ਕੀਤਾ ਕਿ ਆਉਣ ਜਾਣ ਸਮੇਂ ਸਾਵਧਾਨੀ ਰੱਖਣੀ। ਇਸ ਬਚਨ ਦੇ ਵਿਚ ਕੋਈ ਭੇਦ ਸੀ। ਹੁਕਮ ਅਨੁਸਾਰ ਸੰਤ ਧੰਨਾ ਸਿੰਘ ਜੀ ਸ੍ਰੀ ਅੰਮ੍ਰਿਤਸਰ ਨੂੰ ਚੱਲ ਪਏ। ਹਰੀਕੇ ਪੱਤਣ ਦਰਿਆ ਪਾਰ ਕਰਨ ਸਮੇਂ ਉਸ ਵੇਲੇ ਬੇੜੀ ਚੜ੍ਹ ਕੇ ਪਾਰ ਹੋਈਦਾ ਸੀ। ਜਿਸ ਸਮੇਂ ਸੰਤ ਧੰਨਾ ਸਿੰਘ ਜੀ ਨੇ ਦਰਿਆ ਪਾਰ ਕਰਨ ਸਮੇਂ ਮੱਲਾਹ ਨੂੰ ਕਿਹਾ ਕਿ ਅਸੀਂ ਪਾਰ ਜਾਣਾ ਹੈ, ਬੇੜੀ ਚਲਾਉ ਤਾਂ ਮੱਲਾਹ ਨੇ ਕਿਹਾ ਕਿ ਔਹ ਵੇਖੋ, ਮੇਰਾ ਪੁੱਤਰ ਦਰਦ ਨਾਲ ਮਰ ਰਿਹਾ ਹੈ, ਝੱਟ-ਪਲ ਦਾ ਪ੍ਰਾਹੁਣਾ ਹੈ। ਮੈਥੋਂ ਇਹ ਕੰਮ ਘੱਟੋ-ਘੱਟ ਅੱਜ ਤਾਂ ਨਹੀਂ ਹੋਣਾ। ਉਪਰੰਤ ਸੰਤ ਧੰਨਾ ਸਿੰਘ ਜੀ ਨੇ ਵੀ ਲੜਕੇ ਦੀ ਹਾਲਤ ਵੇਖੀ, ਜਿਹੜੀ ਕਿ ਬਹੁਤ ਹੀ ਦੁਖਦਾਈ ਸੀ। ਮਨ ਵਿਚ ਤਰਸ ਆ ਗਿਆ। ਉਸੇ ਸਮੇਂ ਦਰਿਆ ਵਿਚੋਂ ਸੁੱਚਾ ਜਲ ਲੈ ਕੇ ਬਾਣੀ ਦਾ ਪਾਠ ਕਰ ਕੇ ਜਲ ਦੇ ਦਿੱਤਾ। ਪੀਣ ਸਾਰ ਹੀ ਬੱਚਾ ਤੰਦਰੁਸਤ ਹੋ ਗਿਆ। ਇਥੇ ਭੁੱਚੋ ਅਚਾਨਕ ਹੀ ਉਸ ਸਮੇਂ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਬਚਨ ਕੀਤਾ, "ਨੀਲਾ ਸਿੰਆਂ, ਧੰਨਾ ਸਿੰਘ ਨੂੰ ਜੋ ਅਸੀਂ ਬਚਨ ਕੀਤਾ ਸੀ ਕਿ ਸਾਵਧਾਨ ਹੋ ਕੇ ਰਹੀਂ, ਉਹ ਸਾਵਧਾਨ ਨਹੀਂ ਰਿਹਾ।" ਨੀਲਾ ਸਿੰਘ ਨੇ ਬੇਨਤੀ ਕੀਤੀ, "ਜੀ, ਸਮਝ ਨਹੀਂ ਆਈ।" ਅੱਗੋਂ ਬਾਬਾ ਜੀ ਨੇ ਬਚਨ ਕੀਤਾ, "ਉਸ ਦੇ ਆਏ ਤੋਂ ਪਤਾ ਲੱਗ ਜਾਏਗਾ।"

ਉਪਰੰਤ ਭਾਈ ਨੀਲਾ ਸਿੰਘ ਚੁੱਪ ਕਰ ਗਿਆ। ਠੀਕ ਇਸ ਬਚਨ ਤੋਂ ਤਿੰਨ-ਚਾਰ ਦਿਨ ਬਾਅਦ ਸ਼ਾਮ ਦੇ ਸਮੇਂ ਬਾਬਾ ਜੀ ਨੇ ਹੁਕਮ ਕੀਤਾ, "ਨੀਲਾ ਸਿੰਆਂ, ਤੂੰ ਬਾਹਰ ਪਹਿਰੇ 'ਤੇ ਖੜਾ ਹੋ ਜਾ, ਹੋਰ ਕਿਸੇ ਨੂੰ ਨਹੀਂ ਰੋਕਣਾ, ਜੇ ਧੰਨਾ ਸਿੰਘ ਆਵੇ ਤਾਂ ਉਸ ਨੂੰ ਰੋਕ ਦੇਣਾ। ਕਹਿਣਾ ਕਿ ਜਿਨ੍ਹਾਂ ਪੈਰਾਂ ਉੱਤੇ ਖੜਾ ਹੈ, ਇਥੇ ਹੀ ਖੜਾ ਹੋ ਜਾ। ਫਿਰ ਸਾਨੂੰ ਖ਼ਬਰ ਕਰ ਦੇਣੀ।" ਹੁਕਮ ਅਨੁਸਾਰ ਭਾਈ ਨੀਲਾ ਸਿੰਘ ਪਹਿਰੇ ਉੱਤੇ ਖੜਾ ਹੋ ਗਿਆ।

ਜਿਸ ਵਕਤ ਸੰਤ ਧੰਨਾ ਸਿੰਘ ਜੀ ਆਏ, ਦਰਸ਼ਨ ਕਰਨ ਦੀ ਆਗਿਆ ਮੰਗੀ ਤਾਂ ਅੱਗੋਂ ਭਾਈ ਨੀਲਾ ਸਿੰਘ ਨੇ ਬਾਬਾ ਜੀ ਦਾ ਹੁਕਮ ਸੁਣਾ ਦਿੱਤਾ। ਉਸ ਸਮੇਂ ਸੰਤ ਧੰਨਾ ਸਿੰਘ ਜੀ, ਜਿਨ੍ਹਾਂ ਕਦਮਾਂ ਉਪਰ ਖੜੇ ਸਨ, ਉਥੇ ਹੀ ਖੜੇ ਹੋ ਗਏ। ਉਪਰੰਤ ਭਾਈ ਨੀਲਾ ਸਿੰਘ ਜੀ ਨੇ ਹਜ਼ੂਰ ਦੇ ਪਾਸ ਪਹੁੰਚ ਕੇ ਧੰਨਾ ਸਿੰਘ ਜੀ ਦੀ ਬੇਨਤੀ ਕਰ ਦਿੱਤੀ। ਹਜ਼ੂਰ ਨੇ ਸੁਣ ਕੇ ਬਚਨ ਕੀਤਾ, "ਪਰਸੋਂ ਗੱਲ ਕਰਾਂਗੇ।" ਜਿਸ ਵਕਤ ਸ਼ਾਮ ਦਾ ਵਕਤ ਹੋਇਆ, ਲੰਗਰ ਤਿਆਰ ਹੋ ਕੇ ਆਇਆ, ਸੰਗਤ ਦੇ ਵਿਚ ਲੰਗਰ ਵਰਤਣ ਸਮੇਂ ਫਿਰ ਸੇਵਕਾਂ ਨੇ ਬੇਨਤੀ ਕੀਤੀ, "ਮਹਾਰਾਜ, ਸੰਤ ਧੰਨਾ ਸਿੰਘ ਨੂੰ ਲੰਗਰ ਵਰਤਦੇ ਸਮੇਂ ਅੰਦਰ ਸੱਦੀਏ ਕਿ ਉਥੇ ਪੁਚਾ ਦੇਈਏ ?" ਹਜ਼ੂਰ ਨੇ ਬਚਨ ਕੀਤਾ, "ਉਸ ਨੂੰ ਨਾ ਅੰਦਰ ਨਾ ਬਾਹਰ ਕਿਤੇ ਲੰਗਰ ਨਹੀਂ ਦੇਣਾ।" ਇਸ ਤਰ੍ਹਾਂ ਸੰਤ ਧੰਨਾ ਸਿੰਘ ਜੀ ਨਿਰ ਆਹਾਰ ਭਾਵ ਭੁੱਖੇ ਤਿਹਾਏ ਹੀ ਇਕੋ ਥਾਂ ਉਪਰ ਖੜੇ ਰਹੇ। ਤੀਸਰੇ ਦਿਨ ਹੁਕਮ ਕਰ ਕੇ ਬਾਹਰ ਹੀ ਲੰਗਰ ਛਕਾ ਕੇ ਹੁਕਮ ਕੀਤਾ, "ਤੈਨੂੰ ਭੇਜਿਆ ਕਿਸ ਕੰਮ ਤੇ ਤੂੰ ਕੀਤਾ ਕੀ। ਮੱਲਾਹ ਦੇ ਪੁੱਤ ਨੂੰ ਤੂੰ ਜਲ ਕਿਉਂ ਦਿੱਤਾ। ਤੈਨੂੰ ਪਤਾ ਹੈ ਉਸ ਨੇ ਮਰ ਕੇ ਰਾਜੇ ਦੇ ਘਰ ਜਨਮ ਲੈਣਾ ਸੀ, ਤੂੰ ਉਸ ਨੂੰ ਭੁੱਖ ਨੰਗ ਦੇ ਘਰ ਬੰਨ੍ਹ ਕੇ ਬਿਠਾ ਆਇਆ ਹੈਂ। ਤੂੰ ਚੰਗੀ ਗੱਲ ਨਹੀਂ ਕੀਤੀ। ਹੁਣ ਤੂੰ ਇਥੋਂ ਹੀ ਭਾਈ ਰੂਪੇ ਚਲਿਆ ਜਾ। ਡੇਰੇ ਵਿਚ ਜਿੰਨਾ ਚਿਰ ਤੈਨੂੰ ਨਾ ਸੱਦੀਏ, ਤੂੰ ਨਹੀਂ ਆਉਣਾ।" ਉਪਰੰਤ ਸੰਤ ਧੰਨਾ ਸਿੰਘ ਜੀ ਨੇ ਬੇਨਤੀ ਕੀਤੀ, "ਮੇਰੇ ਪਾਸੋਂ ਉਹ ਸੇਵਾ ਕਰਾਈ ਜਾਉ ਜੋ ਅੱਗੇ ਭਾਈ ਰੂਪੇ ਵਿਚ ਕਰ-ਕਰਾ ਰਹੇ ਹੋ। ਇਤਨੀ ਮਿਹਰ ਕਰੋ।" ਹੁਕਮ ਕੀਤਾ, "ਸ਼ੁੱਧ ਹੈ, ਉਹ ਸੇਵਾ ਤੂੰ ਕਰੀ ਚੱਲ।" ਉਥੋਂ ਹੀ ਨਮਸਕਾਰ ਕਰ ਕੇ ਸੰਤ ਧੰਨਾ ਸਿੰਘ

ਜੀ ਭਾਈ ਰੂਪੇ ਚਲੇ ਗਏ। ਸੇਵਾ ਲਗਾਤਾਰ ਚੱਲਦੀ ਰਹੀ। ਬੜੀ ਦੇਰ ਬਾਅਦ ਮਾਫ਼ੀ ਮਿਲੀ, ਇਸ ਤੋਂ ਅੱਗੇ ਮਾਫ਼ੀ ਵਾਲਾ ਪ੍ਰਸੰਗ ਪੜ੍ਹੋ।

## ਭੂਲਹਿ ਬਾਰਿਕ ਅਨਿਕ ਲਖ ਬਰੀਆ ਅਨ ਠਉਰ ਨਾਹੀ ਜਹ ਜਾਤਾ

ਸੰਤ ਭਾਈ ਧੰਨਾ ਸਿੰਘ ਜੀ ਦਾ ਬਾਬਾ ਮਹਾਂ ਹਰਿਨਾਮ ਸਿੰਘ ਜੀ ਦੇ ਹੁਕਮ ਅਨੁਸਾਰ ਬਾਬਾ ਜੀ ਦੇ ਸਾਹਮਣੇ ਆਉਣਾ ਜਾਣਾ ਬੰਦ ਹੋ ਗਿਆ ਸੀ ਪਰੰਤੂ ਸੇਵਾ ਨਹੀਂ ਛੱਡੀ। ਅੱਗੇ ਤਾਂ ਕਦੇ-ਕਦੇ ਆ ਕੇ ਦਰਸ਼ਨ ਕਰਦੇ ਸਨ। ਫਿਰ ਭਾਈ ਰੂਪੇ ਨਗਰ ਤੋਂ ਸੇਵਾ ਵਿਚ ਦੁੱਧ ਇਕੱਠਾ ਕਰ ਕੇ ਭੇਜ ਦਿੰਦੇ ਰਹੇ। ਨਾਲ ਕਦੇ-ਕਦੇ ਸੇਵਾ ਕਰਨ ਵਾਲੇ ਰਾਹੀਂ ਦਰਸ਼ਨ ਕਰਨ ਵਾਸਤੇ ਬੇਨਤੀ ਕਰ ਦੇਣੀ। ਬਾਬਾ ਜੀ ਨੇ ਸੁਣ ਕੇ ਕਦੇ ਚੁੱਪ ਰਹਿਣਾ ਅਤੇ ਕਦੇ ਬਚਨ ਕਰਨਾ ਕਿ ਅਜੇ ਨਹੀਂ। ਸੇਵਾਦਾਰ ਨੇ ਇਹੀ ਬਚਨ ਅੱਗੇ ਸੰਤ ਧੰਨਾ ਸਿੰਘ ਜੀ ਨੂੰ ਜਾ ਕਹਿਣਾ। ਸੰਤ ਧੰਨਾ ਸਿੰਘ ਜੀ ਨੇ ਸਤਿ ਬਚਨ ਕਰ ਦੇਣਾ। ਇਸ ਤਰ੍ਹਾਂ ਨਿਰੰਤਰ ਸੇਵਾ ਚੱਲਦੀ ਰਹੀ। ਉਪਰੰਤ ਇਕ ਦਿਨ ਬਾਬਾ ਜੀ ਨੇ ਸੇਵਾਦਾਰ ਦੇ ਬੇਨਤੀ ਕਰਨ ਉਪਰੰਤ ਹੁਕਮ ਕੀਤਾ, "ਉਸ ਨੂੰ ਕਹੋ ਕਿ ਹੁਣ ਜਦੋਂ ਆਉਣਾ ਚਾਹੇ, ਆ ਜਾਵੇ।" ਕੁਝ ਸਮੇਂ ਬਾਅਦ ਹੀ ਸੰਤ ਧੰਨਾ ਸਿੰਘ ਜੀ ਦੁੱਧ ਲੈ ਕੇ ਆਪ ਪਹੁੰਚ ਗਏ। ਪਹਿਰੇਦਾਰ ਰਾਹੀਂ ਆਗਿਆ ਮਿਲਣ ਉਪਰੰਤ ਹਜ਼ੂਰ ਦੇ ਦਰਸ਼ਨ ਕੀਤੇ, ਸਿਰ ਨਿਵਾਇਆ। ਉਸ ਸਮੇਂ ਸੰਤ ਧੰਨਾ ਸਿੰਘ ਜੀ ਦੇ ਨੇਤਰਾਂ ਵਿਚੋਂ ਕੋਈ-ਕੋਈ ਹੰਝੂ ਡਿੱਗ ਰਿਹਾ ਸੀ, ਮਾਨੋਂ ਵਿਛੋੜੇ ਦੀ ਅੱਗ ਨੂੰ ਨੇਤਰਾਂ ਦੇ ਪਾਣੀ ਰਾਹੀਂ ਬੁਝਾ ਰਹੇ ਹੋਣ। ਕਿਤਨਾ ਸਮਾਂ ਸਿਰ ਝੁਕਾ-ਝੁਕਾ ਕੇ ਬਾਰ-ਬਾਰ ਚੁੱਕਦੇ ਰਹੇ। ਦੋਹੀਂ ਪਾਸੀਂ ਚੁੱਪ ਛਾਈ ਰਹੀ। ਉਪਰੰਤ ਬਾਬਾ ਜੀ ਨੇ ਬਚਨ ਕੀਤਾ, "ਅੱਗੇ ਵਾਸਤੇ ਇਹ ਕੰਮ ਨਹੀਂ ਕਰਨਾ।" ਸੰਤ ਧੰਨਾ ਸਿੰਘ ਜੀ ਨੇ ਹੱਥ ਜੋੜ ਕੇ ਖਿਮਾ ਮੰਗੀ, ਉਪਰੰਤ ਬਾਬਾ ਜੀ ਨੇ ਬਚਨ ਕੀਤਾ, "ਸ਼ੁੱਧ ਹੈ, ਲੰਗਰ ਵਿਚੋਂ ਜਲ-ਪਾਣੀ ਵਰਤੋ।" "ਆਪਿ ਭੁਲਾਇ ਆਪੇ ਮਤਿ ਦੇਵੈ" ਦੇ ਮਹਾਂ ਵਾਕ ਅਨੁਸਾਰ ਇਹ ਪ੍ਰਸੰਗ ਸਮਾਪਤ ਹੋਇਆ।

*(ਇਹ ਪ੍ਰਸੰਗ ਮਾਤਾ-ਪਿਤਾ ਪਾਸੋਂ ਪ੍ਰਾਪਤ ਹੋਇਆ।)*

# ਕੋਟਿ ਅਪਰਾਧ ਖੰਡਨ ਕੇ ਦਾਤੇ ਤੁਝ ਬਿਨੁ ਕਉਨੁ ਉਧਾਰੇ

ਮਾਲਵੇ ਵਿਚ ਇਕ ਨਗਰ ਜਿਸ ਦਾ ਨਾਮ 'ਮੱਤਾ' ਹੈ ਨੇੜੇ ਦੇ ਪਿੰਡਾਂ ਦਾ ਨਾ ਦੋਦਾ ਹੈ। ਦੋ ਪਿੰਡ ਨੇੜੇ-ਨੇੜੇ ਹੋਣ ਕਰਕੇ ਇਕੱਠਾ ਨਾਮ 'ਦੋਦਾ ਮੱਤਾ' ਕਹਿੰਦੇ ਹਨ। 'ਮੱਤੇ' ਨਗਰ ਦਾ ਇਕ ਗੁਰਮੁਖ ਪਰਿਵਾਰ ਪਾਕਿਸਤਾਨ ਦੇ ਇਲਾਕੇ ਚੱਕ ਹੁਕਮ ਪੁਰਾ ਜ਼ਿਲਾ ਸਰਗੋਧਾ ਵਿਚ ਰਹਿੰਦਾ ਸੀ। ਇਹਨਾਂ ਦੇ ਬਜ਼ੁਰਗਾਂ ਨੂੰ ਉਸ ਸਮੇਂ ਦੀ ਅੰਗਰੇਜ਼ ਸਰਕਾਰ ਵੱਲੋਂ ਚੌਦਾਂ ਦੀ ਜੰਗ ਸਮੇਂ ਮੁਰੱਬੇ ਇਨਾਮ ਦੇ ਤੌਰ 'ਤੇ ਮਿਲੇ ਹੋਏ ਸਨ। ਸਾਰਾ ਪਰਿਵਾਰ ਉਥੇ ਹੀ ਕਾਫ਼ੀ ਸਮੇਂ ਤੋਂ ਟਿਕਿਆ ਹੋਇਆ ਸੀ। ਇਹ ਗੁਰਮੁਖ ਪਰਿਵਾਰ ਸੰਤ ਸੇਵੀ ਪਰਿਵਾਰ ਸੀ ਇਸ ਸਮੇਂ ਜੋ ਸਾਧੂ ਇਹਨਾਂ ਨੂੰ ਮਿਲਿਆ ਹੋਇਆ ਸੀ ਇਹ ਪਰਿਵਾਰ ਸਾਧੂ ਸਮਝ ਕੇ ਸਭ ਤਰ੍ਹਾਂ ਨਾਲ ਸੇਵਾ ਕਰਦੇ ਸਨ। ਪਰੰਤੂ ਉਸ ਸਾਧੂ ਦੇ ਮਨ ਵਿਚ ਕੁਝ ਹੋਰ ਗੱਲ ਸੀ, ਸ. ਗਜਿੰਦਰ ਸਿੰਘ ਜੀ ਦੇ ਦੱਸਣ ਅਨੁਸਾਰ ਇਕ ਦਿਨ ਇਸ ਮਹਾਤਮਾ ਨੂੰ ਦਸਤਾਂ ਦੀ ਬੀਮਾਰੀ ਲੱਗ ਗਈ, ਉਸ ਸਮੇਂ ਇਸ ਪਰਿਵਾਰ ਨੇ ਬੇਅੰਤ ਸੇਵਾ ਇਸ ਸਾਧੂ ਦੀ ਕੀਤੀ ਅਤੇ ਇਸ ਦੀ ਦੇਹ ਅਰੋਗ ਹੋ ਗਈ। ਇਸ ਦੌਰਾਨ ਕੁੰਭ ਦਾ ਪੁਰਬ ਆ ਗਿਆ ਇਸ ਸੰਤ ਨੇ ਜਿਸ ਦਾ ਨਾਮ ਇਹਨਾਂ ਨੇ 'ਅਵਧੂਤ' ਜੀ ਬ੍ਰਾਹਮਣ ਬਿਰਾਦਰੀ ਵਿਚੋਂ ਸਨ ਇਸ ਤਰ੍ਹਾਂ ਦੱਸਿਆ ਹੈ ਅਵਧੂਤ ਜੀ ਨੇ ਸ. ਗਜਿੰਦਰ ਸਿੰਘ ਜੀ ਤੋਂ ਦੋ ਸੌ ਰੁਪਏ ਮੰਗੇ ਨਾਲ ਹੀ ਕਹਿਆ ਕਿ ਮੈਂ ਕੁੰਭ 'ਤੇ ਜਾ ਕੇ ਯੱਗ ਕਰਨਾ ਹੈ। ਇਸ ਪਰਿਵਾਰ ਨੇ ਇਹ ਗੱਲ ਮਨ ਵਿਚ ਸੋਚ ਕੇ ਜੇ ਆਪਾਂ ਅਵਧੂਤ ਜੀ ਦੇ ਨਾਲ ਹੀ ਕੁੰਭ ਦੇ ਮੇਲੇ 'ਤੇ ਚੱਲੀਏ ਦਰਸ਼ਨ ਕਰਾਂਗੇ ਕਿਹਾ ਅਵਧੂਤ ਜੀ ਅਸੀਂ ਵੀ ਤੁਹਾਡੇ ਨਾਲ ਹੀ ਕੁੰਭ 'ਤੇ ਚੱਲਾਂਗੇ। ਉਥੇ ਜਿਥੇ-ਜਿਥੇ ਤੁਸੀਂ ਹੁਕਮ ਕਰੋਗੇ ਉਥੇ ਹੀ ਅਸੀਂ ਦਾਨ ਕਰ ਦਿਆਂਗੇ ਇਸ

ਕਰਕੇ ਸਾਨੂੰ ਵੀ ਨਾਲ ਲੈ ਚੱਲਿਓ। ਉਸ ਸਮੇਂ ਤਾਂ ਅਵਧੂਤ ਜੀ ਨੇ ਹਾਂ ਕਰ ਦਿੱਤੀ। ਗੁਰ ਵਾਕ ਹੈ "ਨਰ ਚਾਹਤ ਕੁਛ ਅਉਰ ਅਉਰੈ ਕੀ ਅਉਰੈ ਭਈ" ਵਾਲਾ ਫ਼ੁਰਮਾਨ ਸੱਚ ਹੋਇਆ। ਉਪਰੰਤ ਕੁੰਭ ਮੇਲੇ ਦੇ ਨੇੜੇ ਜਾ ਕੇ ਉਸ ਇਲਾਕੇ ਵਿਚ ਹੈਜ਼ੇ ਦੀ ਬੀਮਾਰੀ ਫੈਲ ਗਈ। ਇਸ ਕਾਰਨ ਇਸ ਪਰਿਵਾਰ ਨੇ ਅਵਧੂਤ ਜੀ ਨੂੰ ਬੇਨਤੀ ਕੀਤੀ, ਅਵਧੂਤ ਜੀ! ਉਥੇ ਤਾਂ ਬੀਮਾਰੀ ਦੀ ਖ਼ਬਰ ਅਖ਼ਬਾਰਾਂ ਵਿਚ ਆ ਗਈ ਹੈ ਆਪਣਾ ਉਥੇ ਜਾਣਾ ਠੀਕ ਨਹੀਂ। ਸੁਣ ਕੇ ਅਵਧੂਤ ਜੀ ਤਾਂ ਚੁੱਪ ਕਰ ਗਏ ਪਰ ਮਨ ਚੁੱਪ ਨਾ ਹੋਇਆ। ਮਨ ਵਿਚ ਤਾਂ ਅੱਗੇ ਹੀ ਹੋਰ ਵਿਚਾਰ ਸਨ। ਫਿਰ ਇਸ ਸਮੇਂ ਤਾਂ ਵਿਚਾਰ ਵੀ ਭੈੜੇ ਹੋ ਗਏ, 'ਇਸੁ ਕੀ ਸੇਵਾ ਜੋ ਕਰੇ ਤਿਸੁ ਹੀ ਕਉ ਫਿਰ ਖਾਇ" ਦੇ ਬਚਨ ਅਨੁਸਾਰ ਅਵਧੂਤ ਜੀ ਕੋਲ ਰਿਧੀਆਂ ਸਿਧੀਆਂ ਸਨ, ਅਚਾਨਕ ਹੀ ਸ. ਗਜਿੰਦਰ ਸਿੰਘ ਦੇ ਘਰੋਂ ਬੀਬੀ ਰਾਜਿੰਦਰ ਕੌਰ ਬੇਹੋਸ਼ ਹੋ ਗਈ। ਇਕ ਵਾਰ ਤਾਂ ਕੋਸ਼ਿਸ਼ ਕਰਨ ਨਾਲ ਬੇਹੋਸ਼ੀ ਦੂਰ ਹੋ ਗਈ। ਇਸ ਤੋਂ ਬਾਅਦ ਦਿਨ ਵਿਚ ਕਈ ਕਈ ਵਾਰ ਬੇਹੋਸ਼ ਹੋ ਜਾਣਾ ਉਪਰੰਤ ਅਵਧੂਤ ਜੀ ਤਾਂ ਸਰਦਾਰ ਜੀ ਦੇ ਦੱਸਣ ਅਨੁਸਾਰ ਕਿਤੇ ਚਲੇ ਗਏ ਅਤੇ ਬੀਬੀ ਰਾਜਿੰਦਰ ਕੌਰ ਜੀ ਦਿਨ ਵਿਚ ਕਈ ਕਈ ਵਾਰ ਬੇਹੋਸ਼ ਹੋਣ ਲੱਗ ਪਏ। ਉਪਰੰਤ ਸ. ਗਜਿੰਦਰ ਸਿੰਘ ਬੀਬੀ ਰਜਿੰਦਰ ਕੌਰ ਦਾ ਇਲਾਜ ਕਰਾਉਣ ਲੱਗ ਪਏ। ਫਿਰ ਕਈ ਵਾਰ ਬੇਹੋਸ਼ੀ ਦੀ ਹਾਲਤ ਵਿਚ ਬੀਬੀ ਰਾਜਿੰਦਰ ਕੌਰ ਨੇ ਬੋਲਣਾ ਸਾਨੂੰ ਅਵਧੂਤ ਜੀ ਨੇ ਭੇਜਿਆ ਹੈ, ਸਾਨੂੰ ਲੱਡੂ ਖਾਣ ਨੂੰ ਦਿਉ। ਰਾਜਿੰਦਰ ਕੌਰ ਦੇ ਬੋਲਣ ਅਨੁਸਾਰ ਕਈ ਵਾਰ ਲੱਡੂ ਵੀ ਦਿੱਤੇ। ਪਰੰਤੂ ਬੀਮਾਰੀ ਵਧਦੀ ਗਈ ਸਾਰਾ ਪਰਿਵਾਰ ਤੰਗ ਰਹਿਣ ਲੱਗ ਪਿਆ। ਸ. ਗਜਿੰਦਰ ਸਿੰਘ ਦੀ ਰਿਸ਼ਤੇਦਾਰੀ ਪਿੰਡ ਬਜੋਆਣੇ ਵਿਚ ਸੀ ਕਿਸੇ ਸਮੇਂ ਬਜੋਆਣਾ ਆਏ ਬਾਬਾ ਮਹਾਂ ਹਰਿਨਾਮ ਸਿੰਘ ਜੀ ਦੀ ਸਿਫ਼ਤ ਸੁਣ ਕੇ ਰਸਤੇ ਵਿਚੋਂ ਕੁਛ ਫਲਾਂ ਦਾ ਪ੍ਰਸ਼ਾਦ ਲੈ ਕੇ ਬਾਬਾ ਮਹਾਂ ਹਰਿਨਾਮ ਸਿੰਘ ਜੀ ਦੇ ਚਰਨਾਂ ਵਿਚ ਪਹੁੰਚੇ। ਅੱਗੇ ਪਹਿਰਦੇਾਰ ਰਾਹੀਂ ਆਗਿਆ ਮਿਲਣ ਉਪਰੰਤ ਡੇਰੇ ਅੰਦਰ ਪਹੁੰਚੇ। ਪਿਛਲੇ ਪਹਿਰ ਦਾ ਵਕਤ ਸੀ। ਕੁਛ ਪ੍ਰੇਮੀ ਬਾਬਾ ਜੀ ਦੇ ਆਸਣ ਵਾਲੀ ਜਗ੍ਹਾ 'ਤੇ ਬੈਠੇ ਬਾਹਰ ਸੁਖਮਨੀ ਸਾਹਿਬ ਦਾ ਪਾਠ ਕਰ ਰਹੇ ਸਨ। ਸੁਖਮਨੀ ਸਾਹਿਬ ਦੇ ਪਾਠ ਦਾ ਵੇਰਵਾ ਸਿਰਫ਼ ਇਕ ਪ੍ਰਸੰਗ 'ਚੋਂ

ਹੀ ਮਿਲਿਆ। ਪਾਠ ਦਾ ਭੋਗ ਪੈਣ ਉਪਰੰਤ ਕੋਠੜੀ ਦਾ ਦਰਵਾਜ਼ਾ ਖੁੱਲ੍ਹਿਆ, ਸਰਬੱਤ ਸੰਗਤ ਨੇ ਨਮਸਕਾਰ ਕੀਤੀ, ਸ. ਗਜਿੰਦਰ ਸਿੰਘ ਅਤੇ ਬੀਬੀ ਰਾਜਿੰਦਰ ਕੌਰ ਨੇ ਪ੍ਰਸ਼ਾਦ ਰੱਖ ਕੇ ਨਮਸਕਾਰ ਕੀਤੀ। ਉਪਰੰਤ ਬਾਬਾ ਜੀ ਨੇ ਹੁਕਮ ਕੀਤਾ, "ਸ਼ਰਾ ਕਰਾਉ।" ਹੁਕਮ ਅਨੁਸਾਰ ਸ਼ਰਾ ਕੀਤੀ ਗਈ ਫਿਰ ਹੁਕਮ ਹੋਇਆ "ਮੱਟੀ ਵਿਚੋਂ ਅੰਮ੍ਰਿਤ ਦਿਉ।" ਸੇਵਾਦਾਰ ਨੇ ਮੱਟੀ ਵਿਚੋਂ ਜਲ ਦਿੱਤਾ, ਨਾਲ ਹੀ ਬਚਨ ਕੀਤਾ, "ਕਾਲ ਉਪਜੈ ਬਾਗੜੋਂ ਬੁਰਾ ਬ੍ਰਾਹਮਣ ਤੋ ਹੋਇ" ਇਸ ਰਮਜ਼ ਨਾਲ ਦੁੱਖ ਲੱਗਣ ਦਾ ਕਾਰਨ ਵੀ ਦੱਸ ਦਿੱਤਾ। ਮੱਟੀ ਵਿਚੋਂ ਅੰਮ੍ਰਿਤ ਛੱਕਣ ਕਰਕੇ ਮੁੜ ਕੇ ਬੀਮਾਰੀ ਵੀ ਹਟ ਗਈ। ਉਪਰੰਤ ਬਾਬਾ ਜੀ ਦੇ ਚਰਨਾਂ ਨਾਲ ਅਤੁੱਟ ਪ੍ਰੇਮ ਵਧ ਗਿਆ। ਫਿਰ ਕਿਸੇ ਸਮੇਂ ਦਰਸ਼ਨ ਕਰਨ ਆਏ ਮਨ ਵਿਚ ਇੱਛਾ ਸੀ ਕਿ ਬਾਬਾ ਜੀ ਤੋਂ ਪੁੱਤਰ ਦੀ ਦਾਤ ਮੰਗੀਏ, ਦਰਸ਼ਨ ਕਰਨ ਆਏ। ਸ. ਗਜਿੰਦਰ ਸਿੰਘ ਅਤੇ ਬੀਬੀ ਰਾਜਿੰਦਰ ਕੌਰ ਨੂੰ ਬਾਬਾ ਜੀ ਨੇ ਹੁਕਮ ਕਰ ਕੇ ਆਪਣੇ ਕੋਲ ਸਾਹਮਣੇ ਬੋਰੀ ਉੱਤੇ ਬੈਠਣ ਦਾ ਹੁਕਮ ਕੀਤਾ। ਹੁਕਮ ਅਨੁਸਾਰ ਬੀਬੀ ਰਾਜਿੰਦਰ ਕੌਰ ਬੋਰੀ ਉੱਤੇ ਬੈਠ ਗਈ। ਇਸ ਸਮੇਂ ਸ. ਗਜਿੰਦਰ ਸਿੰਘ ਕਿਸੇ ਕਾਰਨ ਪਿਸ਼ਾਬ ਆਦਿਕ ਕਰਨ ਲਈ ਡੇਰੇ ਤੋਂ ਬਾਹਰ ਆ ਗਏ ਸਨ। ਬਾਬਾ ਜੀ ਨੇ ਹੁਕਮ ਕੀਤਾ, "ਬਾਲਿਆ, ਇਸ ਲੜਕੀ ਦੇ ਹੱਥਾਂ ਵਿਚੋਂ ਕੰਗਣਾਂ ਦੀ ਜੋੜੀ ਲੁਹਾ ਕੇ ਸਾਡੇ ਅੱਗੇ ਰੱਖ ਦੇ।" ਸੰਤ ਨਰੈਣ ਸਿੰਘ ਜੀ ਨੇ ਹੁਕਮ ਅਨੁਸਾਰ ਬੀਬੀ ਰਾਜਿੰਦਰ ਕੌਰ ਦੇ ਹੱਥਾਂ ਵਿਚੋਂ ਕੰਗਣ ਲੁਹਾ ਕੇ ਬਾਬਾ ਜੀ ਦੇ ਅੱਗੇ ਰੱਖ ਦਿੱਤੇ। ਉਪਰੰਤ ਬੀਬੀ ਰਾਜਿੰਦਰ ਕੌਰ ਦੇ ਮਨ ਵਿਚ ਆਈ ਸਰਦਾਰ ਜੀ ਇੰਸ ਵੇਲੇ ਕੋਲ ਨਹੀਂ ਸਨ, ਬਾਬਾ ਜੀ ਨੇ ਕੰਗਣ ਲੁਹਾ ਲਏ ਹਨ। ਇਹ ਬੇਪਰਵਾਹ ਹਨ ਪਤਾ ਨਹੀਂ ਕੀ ਹੋਵੇ ਕੜੇ ਮੋੜਨ ਜਾਂ ਨਾ ਮੋੜਨ। ਇਧਰ ਬੀਬੀ ਰਾਜਿੰਦਰ ਕੌਰ ਦੇ ਮਨ ਵਿਚ ਕਈ ਤਰ੍ਹਾਂ ਦੇ ਉਤਰਾਅ ਚੜ੍ਹਾਅ ਆ ਰਹੇ ਹਨ। ਇਧਰ ਸਰਬ ਕਲਾ ਸਮਰੱਥ ਬਾਬਾ ਮਹਾਂ ਹਰਿਨਾਮ ਸਿੰਘ ਜੀ ਸਭ ਕੁਛ ਜਾਣਦੇ ਹਨ। ਜਿਵੇਂ ਫ਼ੁਰਮਾਨ ਹੈ।

**ਹਰਿ ਜਾਣੈ ਸਭੁ ਕਿਛੁ, ਜੋ ਜੀਇ ਵਰਤੈ ਪ੍ਰਭੁ ਘਾਲਿਆ**
**ਕਿਸੈ ਕਾ ਇਕੁ ਤਿਲੁ ਨ ਗਵਾਈ॥"**

*(ਰਾਗ ਗੋਂਡ ਚਉਪਦੇ ਮਹਲਾ ੪, ਅੰਗ ੮੦੯)*

ਕੁਛ ਸਮੇਂ ਬਾਅਦ ਬਾਬਾ ਜੀ ਨੇ ਹੱਸ ਕੇ ਬਚਨ ਕੀਤਾ, "ਬਾਲਿਆ, ਦੇਵੀ ਨੂੰ ਕੜੇ ਮੋੜ ਦੇ, ਇਸ ਦੇ ਮਨ ਵਿਚ ਹੈ ਕਿ ਸੰਤ ਕਿਤੇ ਕੰਗਣ ਹੀ ਨਾ ਰੱਖ ਲੈਣ, ਸ਼ੁੱਧ ਹੈ।" ਫਿਰ ਸ. ਗਜਿੰਦਰ ਸਿੰਘ ਅਤੇ ਬੀਬੀ ਰਾਜਿੰਦਰ ਕੌਰ ਨੂੰ ਪ੍ਰਸੰਨ ਹੋ ਕੇ ਆਗਿਆ ਬਖ਼ਸ਼ੀ ਫਿਰ ਸਮੇਂ ਅਨੁਸਾਰ ਦੋ ਪੁੱਤਰ ਇਹਨਾਂ ਦੇ ਘਰ ਹੋਏ। ਜਿਨ੍ਹਾਂ ਦੇ ਨਾਮ ਬਰਜਿੰਦਰ ਸਿੰਘ ਵੱਡਾ ਅਤੇ ਰਛਪਾਲ ਸਿੰਘ ਛੋਟਾ ਦੋ ਪੁੱਤਰ ਕੰਗਣਾਂ ਦੇ ਬਹਾਨੇ ਬਖ਼ਸ਼ਿਸ਼ ਕੀਤੇ।

**ਗੁਝੀ ਛੰਨੀ ਨਾਹੀ ਬਾਤ ॥**
**ਗੁਰੁ ਨਾਨਕੁ ਤੁਠਾ ਕੀਨੀ ਦਾਤਿ ॥**

*(ਆਸਾ ਮਹਲਾ ੫, ਅੰਗ ੩੯੬)*

ਦੇ ਬਚਨ ਅਨੁਸਾਰ ਮੇਹਰ ਹੋਈ ਉਪਰੰਤ ਇਹ ਪਰਿਵਾਰ ਅੱਜ ਤਕ ਸ਼ਰਧਾਲੂ ਹੈ।

*(ਇਹ ਪ੍ਰਸੰਗ ਗਜਿੰਦਰ ਸਿੰਘ ਜੀ ਨੇ ਆਪ ਲਿਖਾਇਆ।)*

# ਜਲਿ ਥਲਿ ਮਹੀਅਲਿ ਪੂਰਿ ਪੂਰਨ ਕੀਟ ਹਸਤਿ ਸਮਾਨਿਆ

ਮਹਾਂ ਪੁਰਖਾਂ ਦੀ ਰਹਿਣੀ, ਬਹਿਣੀ ਤਿੰਨਾਂ ਲੋਕਾਂ ਤੋਂ ਨਿਆਰੀ ਭਾਵ ਕਿ ਰੱਬੀ ਹੁਕਮ ਅਨੁਸਾਰ ਹੁੰਦੀ ਹੈ। ਸੰਸਾਰੀ ਬੰਦਾ ਵੇਖ ਕੇ ਹੈਰਾਨ ਹੁੰਦਾ ਹੈ ਕਿ ਇਹ ਕਿਸ ਤਰ੍ਹਾਂ ਹੋ ਗਿਆ ਜਾਂ ਇਹ ਹੋ ਨਹੀਂ ਸਕਦਾ। ਪਿੱਛੇ ਪਾਠਕ ਜਨ ਪੜ੍ਹ ਚੁੱਕੇ ਹਨ ਕਿ ਬਾਬਾ ਮਹਾਂ ਹਰਿਨਾਮ ਸਿੰਘ ਜੀ ਦੀ ਰਹਿਣੀ-ਬਹਿਣੀ ਬੜੀ ਅਸਚਰਜਤਾ ਵਾਲੀ ਸੀ। ਸਰਦੀ ਗਰਮੀ ਤੋਂ ਨਿਰਲੇਪ ਅਤੇ ਹਰ ਮੌਸਮ ਵਿਚ ਰਜਾਈ ਉੱਤੇ ਰੱਖਣੀ ਸਰਦੀ ਦੇ ਸਮੇਂ ਪੱਖਾ ਕਰਵਾਉਣਾ, ਅੱਜ ਵੀ ਇਕ ਅਸਚਰਜ ਕੌਤਕ ਵਰਤਿਆ ਅਚਾਨਕ ਹੀ ਹੁਕਮ ਕਰ ਕੇ ਮਾਈ ਦਾਤਾਰ ਕੌਰ, ਮਾਈ ਖੇਮ ਕੌਰ ਜੰਡਾਂ ਵਾਲੇ ਵਾਲੀ, ਮਾਈ ਜੈ ਕੌਰ ਡਰੋਲੀ ਵਾਲੀ ਤਿੰਨਾਂ ਨੂੰ ਹੁਕਮ ਕੀਤਾ, "ਤੁਸੀਂ ਤਿੰਨੇ ਸਾਡੀ ਮੁੱਠੀ ਚਾਪੀ ਕਰੋ।" ਹੁਕਮ ਅਨੁਸਾਰ ਸੇਵਾ ਸ਼ੁਰੂ ਹੋ ਗਈ। ਕੁਛ ਸਮੇਂ ਉਪਰੰਤ

ਇਕ ਸੰਤ ਮੰਡਲੀ ਸੇਵਾਦਾਰ ਰਾਹੀਂ ਆਗਿਆ ਲੈ ਕੇ ਦਰਸ਼ਨ ਕਰਨ ਵਾਸਤੇ ਅੰਦਰ ਆਈ ਅਤੇ ਅੰਦਰ ਆ ਕੇ ਨਮਸਕਾਰ ਕਰ ਕੇ ਬੈਠ ਗਈ। ਉਪਰੰਤ ਬਾਬਾ ਜੀ ਨੇ ਸੁਖ ਅਨੰਦ ਪੁੱਛੀ ਅਤੇ ਆਉਣ ਦਾ ਕਾਰਨ ਪੁੱਛਿਆ। ਪਰ ਉਹਨਾਂ ਨੇ ਕੁਛ ਚੰਗੀ ਤਰ੍ਹਾਂ ਕਿਸੇ ਗੱਲ ਦਾ ਜਵਾਬ ਨਾ ਦਿੱਤਾ ਹਜ਼ੂਰ ਨੇ ਬਚਨ ਕੀਤਾ, "ਸਮਝ ਗਏ ਤੁਸੀਂ ਬ੍ਰਹਮਚਾਰੀ ਹੋ ਤੇ ਸਾਡੇ ਵੱਲ ਵੇਖ ਕੇ ਗਿਲਾਨੀ ਕੀਤੀ ਹੈ। ਫਿਰ ਸੰਤ ਨਰੈਣ ਸਿੰਘ ਜੀ ਨੂੰ ਬੁਲਾਇਆ, 'ਬਾਲਿਆ, ਇਹਨਾਂ ਸੰਤਾਂ ਦੇ ਮੁੱਖੀ ਸੰਤ ਦੀ ਸ਼ਰਾ ਕਰਾਉ।" ਹੁਕਮ ਅਨੁਸਾਰ ਜਿਸ ਸਮੇਂ ਵੱਡੇ ਸੰਤ ਦੀ ਸ਼ਰਾ ਕਰਾ ਕੇ ਬਾਬਾ ਜੀ ਦੀ ਹਜ਼ੂਰੀ ਵਿਚ ਲੈ ਕੇ ਆਏ। ਉਪਰੰਤ ਉਸ ਨੇ ਬਾਬਾ ਜੀ ਨੂੰ ਅਸਚਰਜ ਰੂਪ ਤੇ ਰੰਗ ਵਿਚ ਤੱਕ ਕੇ ਸੰਸਕ੍ਰਿਤ ਦੇ ਕਈ ਸਲੋਕ ਪੜ੍ਹੇ ਬਾਬਾ ਜੀ ਸੁਣ ਕੇ ਹੱਸਦੇ ਰਹੇ ਅਖ਼ੀਰ ਉੱਤੇ ਆਪ ਹੀ ਪੁੱਛ ਲਿਆ, "ਕਿਉਂ ਹੁਣ ਬਸ ਕਰ ਤੈਂ ਕੀ ਵੇਖਿਆ।" ਉਸ ਨੇ ਨਮਸਕਾਰ ਕੀਤੀ ਸਿਰਫ਼ ਇਤਨਾ ਹੀ ਕੁਛ ਕਿਹਾ ਜੀ ਮੇਰੀ ਤਸੱਲੀ ਹੋ ਗਈ ਮੇਰੀ ਭੁੱਲ ਬਖ਼ਸ਼ ਦਿਉ ਪਰੰਤੂ ਬਾਬਾ ਜੀ ਨੇ ਬਚਨ ਕੀਤਾ, "ਸੰਤ ਜੀ, ਸਭ ਕੁਝ ਦੱਸ ਦਿਉ ਕਈਆਂ ਦਾ ਭਲਾ ਹੋਏਗਾ।" ਹੁਕਮ ਅਨੁਸਾਰ ਉਸ ਮਹਾਤਮਾ ਨੇ ਇਉਂ ਦੱਸਿਆ ਮਹਾਰਾਜ ਅਸੀਂ ਬਦਰੀ ਨਾਥ ਤੋਂ ਚੱਲੇ ਤੁਹਾਡੀ ਸਿਫ਼ਤ ਬੜੀ ਸੁਣੀ ਪਰੰਤੂ ਇਥੇ ਆ ਕੇ ਵੇਖਿਆ ਕਿ ਨੌਜਵਾਨ ਮਾਈਆਂ ਤੁਹਾਡੀ ਸੇਵਾ ਕਰ ਰਹੀਆਂ ਹਨ ਵੇਖ ਕੇ ਮਨ ਵਿਚ ਕਈ ਤਰ੍ਹਾਂ ਦੇ ਖ਼ਿਆਲ ਆਏ ਕਿਉਂਕਿ ਅਸੀਂ ਬ੍ਰਹਮਚਾਰੀ ਸੀ, ਜਤੀ ਸੀ ਅਤੇ ਇਸਤਰੀ ਤੋਂ ਅਸੀਂ ਘਿਰਣਾ ਕਰਦੇ ਸੀ। ਪਰੰਤੂ ਆਪ ਜੀ ਨੇ ਕ੍ਰਿਪਾ ਕਰ ਕੇ ਸਾਨੂੰ ਨਰਕ ਵਿਚ ਡਿੱਗਣ ਤੋਂ ਬਚਾ ਲਿਆ ਹੈ। ਬਾਬਾ ਜੀ ਨੇ ਬਚਨ ਕੀਤਾ, "ਜੋ ਹੋਰ ਵੇਖਿਆ ਹੈ ਉਹ ਵੀ ਦੱਸੋ।" ਫਿਰ ਉਸ ਮਹਾਤਮਾ ਨੇ ਇਸ ਤਰ੍ਹਾਂ ਦੱਸਿਆ, ਮਹਾਰਾਜ! ਜੀ ਮੈਂ ਆਪ ਜੀ ਦਾ ਸਰੀਰ ਤਾਂ ਕਰੋੜਾਂ ਸੂਰਜਾਂ ਦੀ ਤਰ੍ਹਾਂ ਪ੍ਰਕਾਸ਼ ਦੇ ਰਿਹਾ ਵੇਖਿਆ ਹੈ, ਬੇਅੰਤ ਦੇਵੀ ਦੇਵਤੇ ਹੱਥ ਬੰਨ੍ਹ ਕੇ ਖੜੋਤੇ ਹੋਏ ਹਨ। ਆਪ ਜੀ ਖੀਰ ਸਮੁੰਦਰ ਵਿਚ ਬਿਰਾਜ ਰਹੇ ਹੋ, ਸ਼ੇਸ਼ ਨਾਗ ਦੀ ਸੇਜ ਹੈ, ਮਾਤਾ ਲੱਛਮੀ ਆਪ ਜੀ ਦੀ ਸੇਵਾ ਕਰ ਰਹੀ ਹੈ।" ਕੋਟਿ ਦੇਵੀ ਜਾਕਉ ਸੇਵਹਿ ਲਖਿਮੀ ਅਨਿਕ ਭਾਤ ਉਪਰੰਤ ਬਾਬਾ ਜੀ ਨੇ ਬਚਨ ਕੀਤਾ, "ਸ਼ੁੱਧ ਹੈ।" ਤੁਹਾਡੀ ਯਾਤਰਾ ਸਫਲ ਹੈ। ਅੱਗੇ ਵਾਸਤੇ ਕੋਈ ਸ਼ੰਕਾ ਨਹੀਂ

ਕਰਨੀ। ਅਸੀਂ ਕਿਸੇ ਰੰਗ ਵਿਚ ਰਹੀਏ ਉਪਰੰਤ ਇਹਨਾਂ ਮਹਾਤਮਾ ਦੀ ਜਲ ਪਾਣੀ ਦੀ ਸੇਵਾ ਕਰਨ ਬਾਅਦ ਜਾਣ ਦੀ ਆਗਿਆ ਦੇ ਦਿੱਤੀ ਉਪਰੰਤ ਤਿੰਨਾਂ ਮਾਈਆਂ ਮਾਈ ਦਾਤਾਰ ਕੌਰ, ਮਾਈ ਖੇਮ ਕੌਰ, ਬੀਬੀ ਜੈ ਕੌਰ ਡਰੋਲੀ ਵਾਲੀਆਂ ਨੂੰ ਮੁਖ਼ਾਤਬ ਕਰ ਕੇ ਬਚਨ ਕੀਤਾ ਕਿ, "ਦੇਵੀ ਤੁਸੀਂ ਤਿੰਨੇ ਕਈ ਦਿਨਾਂ ਤੋਂ ਸੇਵਾ ਕਰਨੀ ਚਾਹੁੰਦੀਆਂ ਸੀ ਪਰ ਸੰਗਦੀਆਂ ਦੱਸ ਦੀਆਂ ਨਹੀਂ ਸੀ, ਜਾਓ ਅੱਜ ਤੁਹਾਡੀ ਵੀ ਇੱਛਾ ਪੂਰੀ ਹੋ ਗਈ।

**ਮਨ ਕੀ ਇਛ ਪੁਜਾਵਣ ਹਾਰਾ॥**
**ਸਦਾ ਸਦਾ ਜਾਈ ਬਲਿਹਾਰਾ॥**
**ਇਛਾ ਪੂਰਕੁ ਸਰਬ ਸੁਖ ਦਾਤਾ**
**ਹਰਿ ਜਾ ਕੈ ਵਸਿ ਹੈ ਕਾਮਧੇਨਾ॥**

*(ਧਨਾਸਰੀ ਮਹਲਾ ੪, ਅੰਗ ੬੬੯)*

(ਇਹ ਪ੍ਰਸੰਗ ਲੇਖਕ ਨੂੰ ਮਾਤਾ-ਪਿਤਾ ਪਾਸੋਂ ਮਿਲਿਆ।)

## ਦੁਹਾ ਸਿਰਿਆ ਕਾ ਆਪਿ ਸੁਆਮੀ॥ ਖੇਲੈ ਬਿਗਸੈ ਅੰਤਰਜਾਮੀ॥

ਜਿਤਨਾ ਸਮਾਂ ਭੁੱਚੋ ਵਾਲੇ ਸਰੀਰ ਕਰਕੇ ਸੰਸਾਰ ਵਿਚ ਰਹੇ, ਬਾਬਾ ਅਨੰਦ ਸਿੰਘ ਜੀ ਨੇ ਕਿਸੇ ਸੇਵਕ ਦੀ ਸੰਸਾਰਕ ਲੋੜ ਆਪ ਪੂਰੀ ਨਹੀਂ ਕੀਤੀ। ਜਿਸ ਨੇ ਵੀ ਕੋਈ ਬੇਨਤੀ ਕੀਤੀ, ਉਸ ਨੂੰ ਹੁਕਮ ਕਰ ਕੇ ਭੁੱਚੋ ਭੇਜਿਆ। ਕੋਈ ਹਜ਼ੂਰੀ ਸੇਵਕ ਰੱਖਣਾ ਸੀ ਤਾਂ ਉਸ ਨੂੰ ਵੀ ਹੁਕਮ ਕਰ ਕੇ ਭੁੱਚੋ ਭੇਜਿਆ। ਇਸ ਮਰਿਆਦਾ ਨੂੰ ਪੂਰੇ ਤੌਰ ਤੇ ਨਿਭਾਇਆ। ਇਸੇ ਤਰ੍ਹਾਂ ਇਕ ਨੰਬਰਦਾਰ ਕਰਤਾਰ ਸਿੰਘ ਔਲਖ ਪੱਤੀ ਕਲੇਰਾਂ ਨਗਰ ਵਿਚੋਂ ਸੀ। ਇਸ ਨੂੰ ਵੀ ਆਪਣੀ ਮਰਿਆਦਾ ਅਨੁਸਾਰ ਹੁਕਮ ਕੀਤਾ, "ਜਾਹ, ਭੁੱਚੋ ਜਾ ਕੇ ਹਾਜ਼ਰੀ ਲੁਆ ਕੇ ਆ।" ਬਚਨ ਕੀਤਾ, "ਤੇਰੇ 'ਤੇ ਕ੍ਰਿਪਾ ਕਰ ਕੇ ਤੈਨੂੰ ਚਰਨ ਵੀ ਫੜਾ ਦੇਣਗੇ।" ਹੁਕਮ ਅਨੁਸਾਰ ਕਰਤਾਰ ਸਿੰਘ

ਭੁੱਚੋ ਪਹੁੰਚਿਆ, ਉਸੇ ਸਮੇਂ ਹੀ ਹਜ਼ੂਰ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਹੁਕਮ ਕੀਤਾ, "ਬਾਲਿਆ, ਇਸ ਨੂੰ ਸਾਡੇ ਚਰਨ ਫੜਾ ਦੇ।" ਸੰਤ ਨਰੈਣ ਸਿੰਘ ਜੀ ਨੇ ਹੁਕਮ ਅਨੁਸਾਰ ਚਰਨਾਂ ਤੋਂ ਰਜਾਈ ਚੁੱਕ ਕੇ ਨੰਬਰਦਾਰ ਨੂੰ ਚਰਨ ਪਕੜਾ ਦਿੱਤੇ। ਕਰਤਾਰ ਸਿੰਘ ਨੇ ਚਰਨਾਂ 'ਤੇ ਨਮਸਕਾਰ ਕੀਤੀ। ਉਪਰੰਤ ਬਾਬਾ ਜੀ ਨੇ ਬਚਨ ਕੀਤਾ, "ਤੈਨੂੰ ਚਰਨ ਕਿਸ ਨੇ ਫੜਾਏ।" ਕਰਤਾਰ ਸਿੰਘ ਨੇ ਬੇਨਤੀ ਕੀਤੀ, "ਮਹਾਰਾਜ ਜੀ, ਮੈਨੂੰ ਤੁਹਾਡੇ ਚਰਨ ਨਰੈਣ ਸਿੰਘ ਬਾਲੇ ਨੇ ਫੜਾਏ ਹਨ।" ਤਾਂ ਬਾਬਾ ਜੀ ਨੇ ਬਚਨ ਕੀਤਾ, "ਨਹੀਂ, ਨਰੈਣ ਸਿੰਘ ਕੌਣ ਹੁੰਦਾ ਹੈ ਚਰਨ ਫੜਾਉਣ ਵਾਲਾ। ਤੈਨੂੰ ਚਰਨ ਮਹਾਂਪੁਰਖ ਕਲੇਰਾਂ ਵਾਲਿਆਂ ਦੇ ਹੁਕਮ ਅਨੁਸਾਰ ਅਸੀਂ ਫੜਾਏ ਹਨ।

ਉਪਰੰਤ ਕਰਤਾਰ ਸਿੰਘ ਔਲਖ ਨੇ ਕਿਹਾ, "ਜੀ, ਸਤਿ ਬਚਨ, ਠੀਕ ਹੈ।" ਉਸ ਸਮੇਂ ਅਜੇ ਸੂਰਜ ਛਿਪਿਆ ਨਹੀਂ ਸੀ। ਹਜ਼ੂਰ ਨੇ ਬਚਨ ਕੀਤਾ, "ਰਹਰਾਸੀਏ ਨੂੰ ਸੱਦੋ, ਰਹਰਾਸਿ ਦਾ ਪਾਠ ਸੁਣੀਏ।" ਤਾਂ ਕਰਤਾਰ ਸਿੰਘ ਨੇ ਬੇਨਤੀ ਕੀਤੀ, "ਗਰੀਬ ਨਿਵਾਜ, ਅਜੇ ਤਾਂ ਦਿਨ ਖੜਾ ਹੈ, ਪਾਠ ਦਾ ਸਮਾਂ ਨਹੀਂ ਹੈ।" ਤਾਂ ਬਾਬਾ ਜੀ ਨੇ ਬਚਨ ਕੀਤਾ, "ਜਿਥੇ ਅਸੀਂ ਹੁਣ ਬੈਠੇ ਹਾਂ, ਉਥੇ ਹੁਣ ਹੀ ਸਮਾਂ ਹੈ। ਉਪਰੰਤ ਰਹਰਾਸਿ ਦਾ ਪਾਠ ਹੋਇਆ, ਸੂਰਜ ਛਿਪਣ ਦੇ ਸਮੇਂ ਜਾਨਵਰ ਬਹੁਤ ਬੋਲ ਰਹੇ ਸਨ। ਬਾਬਾ ਜੀ ਨੇ ਬਚਨ ਕੀਤਾ ਕਿ ਇਹ ਕੌਣ ਬੋਲ ਰਿਹਾ ਹੈ ਤਾਂ ਨੰਬਰਦਾਰ ਕਰਤਾਰ ਸਿੰਘ ਔਲਖ ਨੇ ਬੇਨਤੀ ਕੀਤੀ, "ਮਹਾਰਾਜ, ਜਾਨਵਰ ਬੋਲ ਰਹੇ ਹਨ।" ਹਜ਼ੂਰ ਨੇ ਬਚਨ ਕੀਤਾ, "ਸਭ ਆਪੋ-ਆਪਣੀ ਹਾਜ਼ਰੀ ਦਰਗਾਹ ਵਿਚ ਲੁਆ ਰਹੇ ਹਨ। ਨਾਮ ਜਪਦੇ ਹਨ।"

**ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ**
**ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ॥੨॥੩॥**

*(ਮਲਾਰ ਮਹਲਾ ੪, ਅੰਗ ੧੨੬੫)*

ਫਿਰ ਹੁਕਮ ਕੀਤਾ, "ਇਸ ਨੂੰ ਚਿੰਤ ਰਾਮ ਦਾ ਦਰਸ਼ਨ ਕਰਾਉ।"

ਹੁਕਮ ਅਨੁਸਾਰ ਭਾਈ ਰਤਨ ਸਿੰਘ ਡਰੋਲੀ ਨੇ ਚਿੰਤ ਰਾਮ ਦੇ ਕੋਲ ਲਿਜਾ ਕੇ ਬਿਠਾ ਦਿੱਤਾ। ਨਾਲ ਹੀ ਕਿਹਾ, "ਚਿੰਤ ਰਾਮ ਜੀ, ਕਰਤਾਰ

ਸਿੰਘ ਨੰਬਰਦਾਰ ਦਰਸ਼ਨ ਕਰਨ ਆਇਆ ਹੈ।" ਚਿੰਤ ਰਾਮ ਨੇ ਹੱਸ ਕੇ ਕਿਹਾ, "ਹਾਂ, ਕਲੇਰਾਂ ਵਾਲੇ ਰਿਖੀਆਂ ਦਾ ਸੇਵਕ ਹੈ।" ਉਪਰੰਤ ਬਾਬਾ ਜੀ ਨੇ ਦੂਰੋਂ ਆਵਾਜ਼ ਦੇ ਕੇ ਬਚਨ ਕੀਤਾ, "ਬੱਸ ਸ਼ੁੱਧ ਹੈ।" ਇਸ ਤਰ੍ਹਾਂ ਨੰਬਰਦਾਰ ਭੁੱਚੋ ਇੱਕੀ ਦਿਨ ਰਿਹਾ। ਇਕ ਦਿਨ ਨੰਬਰਦਾਰ ਕਰਤਾਰ ਸਿੰਘ ਨੇ ਬੇਨਤੀ ਕੀਤੀ, "ਮਹਾਰਾਜ, ਲੁਧਿਆਣੇ ਇਕ ਵਾਣ ਵੱਟਣਾ ਸੰਤ ਤੇ ਇੱਕ ਮਾਈ ਚੰਦੋ ਰਹਿੰਦੀ ਹੈ।" ਬਾਬਾ ਜੀ ਨੇ ਬਚਨ ਕੀਤਾ, "ਪ੍ਰਮਾਰਥ ਦੇ ਪੰਜਾਂ ਖੰਡਾਂ ਵਿਚੋਂ ਪਹਿਲੇ ਖੰਡ ਦਾ ਮਾਲਕ ਹੈ ਵਾਣ ਵੱਟਣਾ ਦੁਨਿਆਵੀ ਨੌਂ ਖੰਡਾਂ ਵਿਚੋਂ ਵੀ ਪਹਿਲੇ ਖੰਡ ਦਾ ਮਾਲਿਕ ਹੈ।" ਤੇ ਅਖ਼ੀਰ ਉੱਤੇ ਬਚਨ ਕੀਤਾ, "ਅੱਧੀ ਰਾਤ ਦੇ ਸਮੇਂ ਰੋਜ਼ਾਨਾ ਵਾਣ ਵੱਟਣਾ ਤੇ ਮਾਈ ਚੰਦੋ ਲੁਧਿਆਣੇ ਕੋਲ ਫਲੌਰ ਦੇ ਪੁਲ ਉੱਤੇ ਸਾਨੂੰ ਮਿਲਦੇ ਹਨ। ਉਥੇ ਇਹਨਾਂ ਨੇ ਕੀ ਕਰਨਾ ਕੀ ਨਹੀਂ ਕਰਨਾ, ਹੁਕਮ ਲੈ ਕੇ ਆਪੋ ਆਪਣੇ ਪਾਸੇ ਚਲੇ ਜਾਂਦੇ ਹਨ।" ਉਪਰੰਤ ਕਰਤਾਰ ਸਿੰਘ ਔਲਖ ਨੂੰ ਆਗਿਆ ਬਖ਼ਸ਼ ਕੇ ਤੋਰ ਦਿੱਤਾ, ਹੁਕਮ ਕੀਤਾ, "ਜਾਓ, ਮਹਾਂਪੁਰਖਾਂ ਦੀ ਸੇਵਾ ਕਰੋ।" ਨੰਬਰਦਾਰ ਨੇ ਤੁਰਨ ਸਮੇਂ ਬੇਨਤੀ ਕੀਤੀ, "ਮਹਾਰਾਜ, ਤੁਹਾਡੇ ਕੋਲ ਬੈਠੇ, ਜੋ ਚਿੱਤ ਕਰੇ ਪੁੱਛ ਲਈਏ, ਕੋਈ ਡਰ ਨਹੀਂ ਲੱਗਦਾ ਅਤੇ ਰਿਖੀਆਂ ਕੋਲ ਤਾਂ ਬੋਲਿਆ ਹੀ ਨਹੀਂ ਜਾਂਦਾ ਅਤੇ ਡਰ ਵੀ ਬੜਾ ਲੱਗਦਾ ਹੈ। ਸਾਹ ਹੀ ਸੁੱਕੇ ਰਹਿੰਦੇ ਹਨ।" ਬਾਬਾ ਜੀ ਨੇ ਬਚਨ ਕੀਤਾ, "ਇਥੇ ਇਵੇਂ ਹੀ ਠੀਕ ਹੈ, ਉਥੇ ਉਸ ਤਰ੍ਹਾਂ ਹੀ ਠੀਕ ਹੈ।" ਉਪਰੰਤ ਆਗਿਆ ਲੈ ਕੇ ਕਰਤਾਰ ਸਿੰਘ ਔਲਖ ਸਿੱਧਾ ਬਾਬਾ ਅਨੰਦ ਸਿੰਘ ਜੀ ਪਾਸ ਪਹੁੰਚਿਆ। ਬਾਬਾ ਜੀ ਨੇ ਸਾਰਾ ਸਮਾਚਾਰ ਪੁੱਛ ਕੇ ਪ੍ਰਸੰਨਤਾ ਬਖ਼ਸ਼ੀ ਤੇ ਸੇਵਾ ਵਿਚ ਰੱਖ ਲਿਆ।

(ਇਹ ਬਚਨ ਕਰਤਾਰ ਸਿੰਘ ਔਲਖ ਨੰਬਰਦਾਰ ਕਲੇਰਾਂ ਨੇ ਲਿਖਾਇਆ।)

# ਸੇਵਕ ਕੀ ਮਨਸਾ ਪੂਰੀ ਭਈ॥
# ਸਤਿਗੁਰ ਤੇ ਨਿਰਮਲ ਮਤਿ ਲਈ॥

ਇੱਥੇ ਇਕ ਗੁਰਮੁਖ ਪਿਆਰੀ ਰੂਹ ਬਾਬਾ ਜੀ ਪਾਸ ਭੁੱਚੋ ਪਹੁੰਚੀ, ਜਿਸ ਦਾ ਸਰੀਰ ਮਧਰਾ, ਚਿਹਰੇ ਦੇ ਰੋਮ ਸਾਫ਼ ਵੇਖਣ ਸਾਰ ਬਾਬਾ ਜੀ ਬੜੇ ਹੱਸੇ। ਇਸ ਦਾ ਨਾਮ, ਗੋਤ, ਜਾਤ, ਪਿੰਡ ਸਭ ਕੁਝ ਪੁੱਛਿਆ ਅਤੇ ਇਸ ਨੇ ਲਿਖਾਇਆ। ਉਪਰੰਤ ਬਾਬਾ ਜੀ ਨੇ ਆਪਣੇ ਕੋਲ ਰੱਖ ਲਿਆ। ਇਸ ਗੁਰਮੁਖ ਦਾ ਨਾਮ ਭਾਈ ਬਾਵਾ ਸਿੰਘ ਸੀ ਅਤੇ ਪਿੰਡ ਸਹੌਲੀ ਦੇ ਰਹਿਣ ਵਾਲਾ ਰਾਮਗੜ੍ਹੀਆ ਸਿੱਖ ਸੀ। ਇਕ ਦਿਨ ਬਾਬਾ ਜੀ ਨੇ ਹੁਕਮ ਕੀਤਾ, "ਸਾਡੇ ਲੰਗਰ ਵਾਸਤੇ ਲੱਕੜਾਂ ਪਾੜ ਦੇ।" ਬਾਵਾ ਸਿੰਘ ਨੇ ਬੇਨਤੀ ਕੀਤੀ, "ਜੀ, ਮੈਨੂੰ ਹਥੌੜਾ ਅਤੇ ਛੈਣੀਆਂ ਮੰਗਾ ਦਿਉ।" ਭੁੱਚੋ ਨਗਰ ਵਿਚੋਂ ਮਿਸਤਰੀਆਂ ਦੇ ਘਰਾਂ ਵਿਚੋਂ ਹਥੌੜਾ ਅਤੇ ਛੈਣੀਆਂ ਲੈਣ ਗਏ ਪਰੰਤੂ ਉਹਨਾਂ ਨੇ ਓਪਰਾ ਬੰਦਾ ਜਾਣ ਕੇ ਨਾ ਦਿੱਤੀਆਂ। ਫਿਰ ਕਿਹਾ ਕਿ ਜੇ ਰੂੰਮੀ ਵਾਲੇ ਡੇਰੇ ਸੇਵਾ ਕਰਨੀ ਹੈ ਤਾਂ ਪੈਸੇ ਦੇ ਕੇ ਸੰਦ ਲੈ ਜਾ। ਉਪਰੰਤ ਬਾਵਾ ਸਿੰਘ ਨੇ ਇਸੇ ਤਰ੍ਹਾਂ ਹੀ ਕੀਤਾ। ਬੇਅੰਤ ਲੱਕੜਾਂ ਦੇ ਮੁੱਢ ਪਾੜ ਕੇ ਜਮ੍ਹਾਂ ਕਰ ਦਿੱਤੇ। ਅਖ਼ੀਰ ਉੱਤੇ ਇਸ ਦੀ ਸੇਵਾ 'ਤੇ ਬਾਬਾ ਜੀ ਨੇ ਪ੍ਰਸੰਨ ਹੋ ਕੇ ਬਾਵਾ ਸਿੰਘ ਨੂੰ ਖ਼ੁਸ਼ੀਆਂ ਦਿੱਤੀਆਂ ਅਤੇ ਬਾਵਾ ਸਿੰਘ ਜੀ ਨੇ ਵੀ ਸੇਵਾ ਕਰਨ ਉਪਰੰਤ ਮਿਸਤਰੀਆਂ ਨੂੰ ਹਥੌੜਾ ਛੈਣੀਆਂ ਵਾਪਸ ਕਰ ਦਿੱਤੀਆਂ ਤੇ ਆਪਣੇ ਪੈਸੇ ਮੋੜ ਲਿਆਇਆ। ਇਸ ਤਰ੍ਹਾਂ ਬਾਵਾ ਸਿੰਘ ਲਗਾਤਾਰ ਚਾਲੀ ਦਿਨ ਭੁੱਚੋ ਬਾਬਾ ਜੀ ਪਾਸ ਰਿਹਾ। ਹੋਰ ਵੀ ਸੇਵਾ ਦਾ ਜੋ ਹੁਕਮ ਹੁੰਦਾ ਸੀ, ਕਰਦਾ ਰਿਹਾ। ਤੁਰਨ ਸਮੇਂ ਬਾਵਾ ਸਿੰਘ ਨੂੰ ਬਚਨ ਕੀਤਾ, "ਤੇਰੀ ਮਹਾਂਪੁਰਖਾਂ ਨਾਲ ਬਣ ਆਵੇਗੀ। ਉਹਨਾਂ ਪਾਸ ਤੂੰ ਸੇਵਾ ਕਰਨੀ ਹੈ।" ਬਾਵਾ ਸਿੰਘ ਨੇ ਬੇਨਤੀ ਕੀਤੀ, "ਜੀ, ਮੈਂ ਤਾਂ ਕਿਸੇ ਮਹਾਂਪੁਰਖ ਦੇ ਕੋਲ ਨਹੀਂ

ਗਿਆ, ਨਾ ਮੈਂ ਕਿਸੇ ਨੂੰ ਜਾਣਦਾ ਹੀ ਹਾਂ।" ਬਾਬਾ ਜੀ ਨੇ ਬਚਨ ਕੀਤਾ, "ਸਮਾਂ ਆਉਣ 'ਤੇ ਸਭ ਕੁਝ ਹੋ ਜਾਏਗਾ।" ਇਸ ਨੇ ਸਤਿ ਬਚਨ ਕੀਤਾ। ਉਪਰੰਤ ਉਥੋਂ ਚਲਾ ਗਿਆ। ਫਿਰ ਬਾਵਾ ਸਿੰਘ ਜੀ ਨੇ ਸਾਰੀ ਉਮਰ ਕਲੇਰੀਂ ਨਾਨਕਸਰ ਬਾਬਾ ਜੀ ਪਾਸ ਹੀ ਗੁਜ਼ਾਰੀ।

**ਸੇਵਕੁ ਕੀ ਓੜਕਿ ਨਿਬਹੀ ਪ੍ਰੀਤਿ** ਦੇ ਵਾਕ ਅਨੁਸਾਰ ਬਚਨ ਸੱਤ ਹੋਇਆ।

(ਇਹ ਪ੍ਰਸੰਗ ਭਾਈ ਬਾਵਾ ਸਿੰਘ ਜੀ ਦੇ ਮੁੱਖ ਤੇ ਫਿਰ ਮਾਤਾ ਪਿਤਾ ਪਾਸੋਂ ਵੀ ਸੁਣਿਆ।)

## ਦਾਸਨ ਦਾਸ ਰੇਣੁ ਦਾਸਨ ਕੀ ਜਨ ਕੀ ਟਹਲ ਕਮਾਵਉ

ਇਕ ਵਾਰ ਭੁੱਚੋ ਵਾਲਿਆਂ ਦਾ ਦਰਸ਼ਨ ਕਰਨ ਵਾਸਤੇ ਬਾਬਾ ਅਨੰਦ ਸਿੰਘ ਜੀ ਮਹਾਰਾਜ ਕਲੇਰਾਂ ਵਾਲੇ ਆਏ। ਨਾਲ ਮਾਝੇ ਦੀ ਸੰਗਤ ਸ. ਸੁਰੈਣ ਸਿੰਘ, ਸ. ਖ਼ੁਸ਼ਾਲ ਸਿੰਘ, ਲਾਲਾ ਧਨਪਤ ਰਾਏ ਤੇ ਲਾਲਾ ਦਾਸ ਰਾਮ ਟਹਿਲ ਸਿੰਘ (ਸ਼ਹੀਦਾ) ਭਾਈ ਚੰਦਾ ਸਿੰਘ ਵਾਂ ਖਾਰੇ ਤੋਂ ਅਤੇ ਇਹਨਾਂ ਦੀ ਮਾਈ ਭਾਗਣ ਤੇ ਹੋਰ ਬਹੁਤ ਸੰਗਤ ਸੀ। ਇਸ ਸੰਗਤ ਦੇ ਪਹੁੰਚਣ ਤੋਂ ਕੁਝ ਸਮਾਂ ਪਹਿਲਾਂ ਬਾਬਾ ਮਹਾਂ ਹਰਿਨਾਮ ਸਿੰਘ ਨੇ ਹੁਕਮ ਕੀਤਾ, "ਡਰੋਲੀ ਵਾਲੇ ਦੋਵੇਂ ਜੀਆਂ ਨੂੰ ਹਾਜ਼ਰ ਕਰੋ।" ਹਾਜ਼ਰ ਹੋਣ ਉਪਰੰਤ ਹੁਕਮ ਕੀਤਾ, "ਮਹਾਂਪੁਰਖ ਆ ਰਹੇ ਹਨ, ਨਾਲ ਸੰਗਤ ਹੈ ਤੇ ਤੁਸੀਂ ਉਹਨਾਂ ਦੀ ਸੇਵਾ ਕਰਨੀ ਹੈ।" ਆਪ ਹੀ ਜੁਗਤ ਦੱਸੀ ਤੇ ਬਚਨ ਕੀਤਾ, "ਤੁਸੀਂ ਮਹਾਂਪੁਰਖਾਂ ਦੀ ਸੰਗਤ ਦੀ ਸੇਵਾ ਕਰਨੀ ਹੈ ਤੇ ਉਸ ਵੇਲੇ ਜੇ ਕੋਈ ਤੁਹਾਨੂੰ ਪੁੱਛੇ ਤਾਂ ਤੁਸੀਂ ਆਪਣੇ ਆਪ ਨੂੰ ਨਾਈ ਕਹਿਣਾ ਕਿ ਅਸੀਂ ਇਸ ਸਮੇਂ ਵਾਸਤੇ ਮਹਾਰਾਜ ਦੇ ਹੁਕਮ ਅਨੁਸਾਰ ਸੇਵਾ ਕਰਨੀ ਹੈ। ਫਿਰ ਤਾਂ ਤੁਹਾਨੂੰ ਸੇਵਾ ਮਿਲ ਜਾਏਗੀ, ਨਾਲ ਸਰਦਾਰ ਹਨ, ਉਹ ਸੇਵਾ ਦੇ ਦੇਣਗੇ। ਐਵੇਂ ਸੇਵਾ ਨਹੀਂ ਮਿਲਣੀ।" ਭਾਈ ਰਤਨ ਸਿੰਘ ਅਤੇ ਜੈ ਕੌਰ ਨੇ ਹੁਕਮ ਅਨੁਸਾਰ ਸਤਿ ਬਚਨ ਕੀਤਾ। ਉਪਰੰਤ ਸੰਗਤ ਸਮੇਤ ਬਾਬਾ ਨੰਦ ਸਿੰਘ ਜੀ ਪਹੁੰਚ ਗਏ। ਹਜ਼ੂਰ ਨੇ ਇਕੱਲੇ-ਇਕੱਲੇ

ਦਾ ਨਾਮ ਪੁੱਛਣ ਉਪਰੰਤ ਖ਼ੁਸ਼ੀਆਂ ਬਖ਼ਸ਼ੀਆਂ। ਹੁਕਮ ਅਨੁਸਾਰ ਭਾਈ ਰਤਨ ਸਿੰਘ ਤੇ ਜੈ ਕੌਰ ਨੇ ਸੇਵਾ ਕੀਤੀ। ਦੋਵੇਂ ਵਕਤ ਲੰਗਰ ਛੱਕਣ ਉਪਰੰਤ ਬਰਤਨ ਸਾਫ਼ ਕਰਦੇ ਰਹੇ। ਇਥੇ ਅੱਗੇ ਆਪਣੇ ਬਰਤਨ ਆਪ ਸਾਫ਼ ਕਰਨ ਦਾ ਹੁਕਮ ਸੀ। ਸੰਗਤ ਦੇ ਭਾਂਡੇ ਮਾਂਜਣ ਸਮੇਂ ਜਿਸ ਨੇ ਵੀ ਇਹਨਾਂ ਨੂੰ ਜਾਤ ਪੁੱਛੀ, ਹੁਕਮ ਅਨੁਸਾਰ ਇਹਨਾਂ ਨੇ ਆਪਣੇ ਆਪ ਨੂੰ ਨਾਈ ਹੀ ਦੱਸਿਆ। ਫਿਰ ਕਿਸੇ ਨੇ ਇਤਰਾਜ਼ ਨਹੀਂ ਕੀਤਾ, ਸੇਵਾ ਲਗਾਤਾਰ ਮਿਲਦੀ ਰਹੀ। ਇਸ ਸਮੇਂ ਬਾਬਾ ਜੀ ਕਲੇਰਾਂ ਵਾਲਿਆਂ ਨੇ ਬੇਨਤੀ ਕੀਤੀ, "ਗਰੀਬ ਨਿਵਾਜ, ਦਾਸ ਨੂੰ ਕੋਈ ਸੁਮੱਤ ਬਖ਼ਸ਼ੋ।" ਉਪਰੰਤ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਬਚਨ ਕੀਤਾ, "ਮਹਾਂਪੁਰਖੋ, ਬੜਾ ਭਿਆਨਕ ਸਮਾਂ ਆ ਰਿਹਾ ਹੈ, ਤੁਸੀਂ ਸੰਭਾਲਣਾ ਹੈ। ਗੁਰੂ ਨਾਨਕ ਦਾ ਧਿਆਨ ਤੇ ਸਿਮਰਨ ਸੰਗਤ ਨੂੰ ਕਰਵਾਉਣਾ ਹੈ। ਕੋਈ ਸੰਤ ਮਹਾਂਪੁਰਖ ਨਾ ਗੁਰੂ ਨਾਨਕ ਨਾਲੋਂ ਵੱਡਾ ਹੈ ਨਾ ਗੁਰੂ ਨਾਨਕ ਦੇ ਬਰਾਬਰ ਹੈ। ਜਿੰਨੀ ਘਾਲਣਾ ਕਰ ਕੇ ਤੁਸੀਂ ਗੁਰੂ ਨਾਨਕ ਨੂੰ ਪ੍ਰਤੱਖ ਕੀਤਾ ਹੈ, ਇਤਨੀ ਕਿਸੇ ਤੋਂ ਨਹੀਂ ਹੋ ਸਕਣੀ। ਜਿਸ ਤਰ੍ਹਾਂ ਦਾ ਸਰੂਪ ਤੁਸੀਂ ਗੁਰੂ ਨਾਨਕ ਦਾ ਵੇਖਿਆ ਹੈ, ਉਸ ਨਾਲ ਰਲਦਾ-ਮਿਲਦਾ ਗੁਰੂ ਨਾਨਕ ਦਾ ਫੋਟੋ ਤਿਆਰ ਕਰਵਾ ਕੇ ਸਾਹਮਣੇ ਰਖਾਉ। ਗੁਰੂ ਨਾਨਕ ਹੈ ਤਾਂ ਮਨ ਬਾਣੀ ਦੀ ਪਹੁੰਚ ਤੋਂ ਪਰੇ ਨਹੀਂ ਹੋ ਸਕਦਾ। ਪਰ ਤੁਸੀਂ ਸਮਰੱਥ ਸਭ ਕੁਝ ਕਰ-ਕਰਾ ਸਕਦੇ ਹੋ।" ਇਸ ਸਮੇਂ ਕੁਝ ਹੋਰ ਵੀ ਬਚਨ ਕੀਤੇ, ਕਿਸੇ ਸਮੇਂ ਫਿਰ ਸੰਗਤਾਂ ਨੂੰ ਦਰਸ਼ਨ ਕਰਾਏ ਜਾਣਗੇ। ਉਪਰੰਤ ਬਾਬਾ ਜੀ ਨੇ ਆਉਣ ਦੀ ਤਿਆਰੀ ਕਰ ਕੇ ਆਗਿਆ ਮੰਗੀ। ਹਜ਼ੂਰ ਭੁੱਚੋ ਵਾਲਿਆਂ ਨੇ ਖ਼ੁਸ਼ੀਆਂ ਦੇ ਕੇ ਤੋਰ ਦਿੱਤਾ। ਉਸ ਸਮੇਂ ਇਕ ਸਰਦਾਰ ਨੇ ਬੇਨਤੀ ਕੀਤੀ, "ਮਹਾਰਾਜ, ਆਹ ਜਿਹੜੇ ਦੋਵੇਂ ਜੀਅ ਨਾਈ ਸੰਗਤ ਦੇ ਭਾਂਡੇ ਮਾਂਜਣ ਦੀ ਸੇਵਾ ਕਰਦੇ ਰਹੇ ਹਨ, ਹੁਕਮ ਕਰੋ ਇਹਨਾਂ ਨੂੰ ਕੀ ਦੇਈਏ।" ਤਿੰਨ ਵਾਰ ਸਰਦਾਰ ਨੇ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੂੰ ਬੇਨਤੀ ਕੀਤੀ, ਹਜ਼ੂਰ ਨੇ ਕੋਈ ਉੱਤਰ ਨਾ ਦਿੱਤਾ, ਚੁੱਪ ਰਹੇ। ਉਪਰੰਤ ਬਾਬਾ ਅਨੰਦ ਸਿੰਘ ਜੀ ਨੇ ਭੁੱਚੋ ਵਾਲਿਆਂ ਦੇ ਆਸਣ ਤੋਂ ਬਾਹਰ ਆ ਕੇ ਹੁਕਮ ਕੀਤਾ, "ਉਹ ਨਾਈ ਜਿਹੜੇ ਹਨ ਸੰਗਤ ਦੇ ਭਾਂਡੇ ਮਾਂਜਣ ਵਾਲੇ, ਉਹਨਾਂ ਨੂੰ ਬੁਲਾਉ।" ਉਸ ਸਮੇਂ ਸ. ਖ਼ੁਸ਼ਹਾਲ ਸਿੰਘ ਭਾਈ ਰਤਨ ਸਿੰਘ ਡਰੋਲੀ ਅਤੇ ਜੈ ਕੌਰ ਨੂੰ ਬੁਲਾ

ਕੇ ਲੈ ਆਇਆ। ਉਪਰੰਤ ਬਾਬਾ ਨੰਦ ਸਿੰਘ ਜੀ ਮਹਾਰਾਜ ਵੇਖ ਕੇ ਕਹਿਣ ਲੱਗੇ, "ਕਿਉਂ ਬਈ, ਤੁਸੀਂ ਦੋਵੇਂ ਕੁਝ ਲੈ ਲਉ।" ਉਪਰੰਤ ਭਾਈ ਰਤਨ ਸਿੰਘ ਡਰੋਲੀ ਨੇ ਹੱਥ ਜੋੜ ਕੇ ਪੈਸੇ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਬੇਨਤੀ ਕੀਤੀ, "ਜੀ, ਅਸੀਂ ਮਹਾਰਾਜ ਦਾ ਹੁਕਮ ਮੰਨ ਕੇ ਸੇਵਾ ਕੀਤੀ ਹੈ।" ਫਿਰ ਬਾਬਾ ਨੰਦ ਸਿੰਘ ਜੀ ਥੋੜ੍ਹਾ ਜਿਹਾ ਮੁਸਕਰਾ ਕੇ ਕਹਿਣ ਲੱਗੇ, "ਚਲੋ, ਇਹਨਾਂ ਦੀ ਮਰਜ਼ੀ।" ਨਾਲ ਹੀ ਸ. ਖ਼ੁਸ਼ਹਾਲ ਸਿੰਘ ਨੂੰ ਮੁਖ਼ਾਤਬ ਕਰ ਕੇ ਬਾਬਾ ਜੀ ਕਲੇਰਾਂ ਵਾਲਿਆਂ ਨੇ ਬਚਨ ਕੀਤਾ, "ਹੁਣ ਤਾਂ ਇਹ ਸੇਵਾ ਕਰ ਗਏ, ਪੈਸੇ ਇਹ ਲੈਂਦੇ ਨਹੀਂ। ਤੁਸੀਂ ਪਹਿਲਾਂ ਪੁੱਛ ਲੈਣਾ ਸੀ ਕਿ ਇਹ ਕੌਣ ਹਨ।" ਉਪਰੰਤ ਬਾਬਾ ਜੀ ਕਲੇਰਾਂ ਵਾਲੇ ਸੰਗਤ ਸਮੇਤ ਵਾਪਸ ਮਾਝੇ ਨੂੰ ਚਲੇ ਗਏ।

(ਇਹ ਪ੍ਰਸੰਗ ਮਾਤਾ-ਪਿਤਾ ਪਾਸੋਂ ਪ੍ਰਾਪਤ ਹੋਇਆ।)

## ਕਹੁ ਕਬੀਰ ਜਿਨਿ ਦੀਆ ਪਲੀਤਾ ਤਿਨਿ ਤੈਸੀ ਝਲ ਦੇਖੀ

ਹੁਣ ਪ੍ਰਸੰਗ ਪੜ੍ਹੋ ਕਿ ਕਿਸ ਤਰ੍ਹਾਂ ਬਾਬਾ ਅਨੰਦ ਸਿੰਘ ਜੀ ਨੇ ਗੁਰੂ ਨਾਨਕ ਸਾਹਿਬ ਜੀ ਦਾ ਫੋਟੋ ਤਿਆਰ ਕਰਨ ਦੀ ਸੇਵਾ ਸ. ਭਗਤ ਸਿੰਘ ਦੀ ਲਾਈ। ਜਿਸ ਸਮੇਂ ਭੁੱਚੋ ਵਾਲੇ ਮਹਾਰਾਜ ਦਰਗਾਹ ਨੂੰ ਚਲੇ ਗਏ ਅਤੇ ਬਾਬਾ ਅਨੰਦ ਸਿੰਘ ਜੀ ਨਾਨਕਸਰ ਵਾਲੇ ਅਸਥਾਨ ਉਪਰ ਆਸਣ ਲਗਾ ਕੇ ਸੰਗਤਾਂ ਨੂੰ ਤਾਰਨ ਲੱਗੇ। ਇਕ ਵਾਰ ਸ਼ਾਮ ਦੇ ਦੀਵਾਨ ਵਿਚ ਬਾਬਾ ਅਨੰਦ ਸਿੰਘ ਜੀ ਬਿਰਾਜ ਰਹੇ ਸਨ, ਇਕ ਪ੍ਰੇਮੀ ਨੇ ਗੁਰੂ ਨਾਨਕ ਸਾਹਿਬ ਦਾ ਫੋਟੋ, ਜਿਹੜਾ ਉਸ ਸਮੇਂ ਪ੍ਰਚੱਲਤ ਸੀ, ਸ਼ੀਸ਼ੇ ਉੱਤੇ ਬੁਣਿਆ ਹੋਇਆ, ਲਿਆ ਕੇ ਬਾਬਾ ਜੀ ਦੇ ਅੱਗੇ ਪੇਸ਼ ਕੀਤਾ। ਹਜ਼ੂਰ ਨੇ ਕੁਝ ਸਮਾਂ ਉਸ ਫੋਟੋ ਵੱਲ ਵੇਖਣ ਉਪਰੰਤ ਬਚਨ ਕੀਤਾ, "ਨੱਥਾ ਸਿੰਆਂ", (ਇਹ ਬਜ਼ੁਰਗ ਜਗਰਾਉਂ ਲੋਪੋਂ ਦੇ ਅਗਵਾੜ ਤੋਂ ਸੰਗੀ ਸੇਵਕ ਸੀ ਇਸ ਨੂੰ ਸੰਬੋਧਨ ਕਰ

ਕੇ ਬਾਬਾ ਜੀ ਨੇ ਬਚਨ ਕੀਤਾ, "ਭਾਈ, ਕੋਈ ਗੁਰੂ ਨਾਨਕ ਦਾ ਫੋਟੋ ਤਿਆਰ ਕਰਨ ਵਾਲਾ ਹੈ ਤਾਂ ਤੂੰ ਲੈ ਕੇ ਆ। ਜਿਸ ਤਰ੍ਹਾਂ ਦਾ ਅਸੀਂ ਚਾਹੀਏ, ਫੋਟੋ ਤਿਆਰ ਕਰ ਦੇਵੇ।" ਅੱਗੋਂ ਨੱਥਾ ਸਿੰਘ ਨੇ ਬੇਨਤੀ ਕੀਤੀ, "ਜੀ, ਮੇਰੇ ਨੇੜੇ ਹੀ ਇਕ ਮਿਸਤਰੀ ਭਗਤ ਸਿੰਘ ਕਾਲਾ ਸਿੰਘ ਦਾ ਪੁੱਤਰ ਹੈ। ਉਹ ਲੱਕੜ ਉੱਤੇ ਚੰਗਾ ਕੰਮ ਕਰਦਾ ਹੈ, ਉਸ ਨੂੰ ਮੈਂ ਲੈ ਕੇ ਆਵਾਂਗਾ।" ਬਾਬਾ ਜੀ ਨੇ ਬਚਨ ਕੀਤਾ, "ਚੰਗਾ, ਤੂੰ ਸਵੇਰੇ ਨਾਲ ਹੀ ਲਿਆਵੀਂ।" ਇਸ ਹੁਕਮ ਅਨੁਸਾਰ ਅਗਲੇ ਦਿਨ ਨੱਥਾ ਸਿੰਘ ਜੀ ਕਾਲਾ ਸਿੰਘ ਤੇ ਭਗਤ ਸਿੰਘ ਪਿਉ-ਪੁੱਤਰਾਂ ਨੂੰ ਲੈ ਆਏ। ਦੀਵਾਨ ਵਿਚ ਆ ਕੇ ਮੱਥਾ ਟੇਕਿਆ। ਉਪਰੰਤ ਸ. ਨੱਥਾ ਸਿੰਘ ਜੀ ਨੇ ਬਾਬਾ ਜੀ ਪਾਸ ਬੇਨਤੀ ਕਰ ਦਿੱਤੀ, "ਜੀ, ਜਗਰਾਵਾਂ ਤੋਂ ਮਿਸਤਰੀ ਕਾਲਾ ਸਿੰਘ ਤੇ ਭਗਤ ਸਿੰਘ ਹੁਕਮ ਅਨੁਸਾਰ ਆਏ ਹਨ। ਹੁਕਮ ਕਰੋ।" ਉਪਰੰਤ ਬਾਬਾ ਅਨੰਦ ਸਿੰਘ ਜੀ ਨੇ ਇਸ਼ਾਰਾ ਕਰ ਕੇ ਭਗਤ ਸਿੰਘ ਨੂੰ ਆਪਣੇ ਕੋਲ ਸੱਦ ਕੇ ਬਚਨ ਕੀਤਾ, "ਕਾਕਾ, ਜਿਸ ਤਰ੍ਹਾਂ ਅਸੀਂ ਦੱਸੀਏ, ਧਿਆਨ ਨਾਲ ਵੇਖੀਂ ਜਾਈਂ।" ਸ. ਭਗਤ ਸਿੰਘ ਨੇ ਸਤਿ ਬਚਨ ਕੀਤਾ। ਬਾਬਾ ਅਨੰਦ ਸਿੰਘ ਜੀ ਨੇ ਪਹਿਲਾਂ ਗੁਰੂ ਨਾਨਕ ਸਾਹਿਬ ਵਾਲਾ ਫੋਟੋ ਚੁੱਕਿਆ ਅਤੇ ਇਕ ਹੱਥ ਵਿਚ ਫੜ ਕੇ ਦੂਜੇ ਹੱਥ ਦੀ ਉਂਗਲ ਨਾਲ ਇਸ਼ਾਰਾ ਕਰ ਕੇ ਦੱਸਣ ਲੱਗੇ, ਬਾਬਾ ਜੀ ਉਂਗਲ ਫੇਰੀ ਗਏ। ਇਕੱਲਾ-ਇਕੱਲਾ ਅੰਗ ਤਿਆਰ ਕਰਨਾ ਦੱਸਿਆ, ਫ਼ੁਰਮਾਇਆ, "ਇਕ ਚਰਨ ਬਾਹਰ, ਇਕ ਹੱਥ ਬਾਹਰ, ਦੋਵੇਂ ਹੀ ਅੰਗ ਸੱਜੇ ਹੋਣ, ਚਰਨ ਵਿਚ ਪਦਮ ਦਾ ਦਰਸ਼ਨ ਹੋਵੇ। ਸੀਸ ਦੇ ਪਿੱਛੇ ਸ਼ੁਨਹਿਰੀ ਪ੍ਰਕਾਸ਼ ਹੋਵੇ। ਸਤਿਗੁਰੂ ਦੇ ਨੇਤਰ ਖੁੱਲ੍ਹੇ ਹੋਣ।" ਬਾਬਾ ਜੀ ਨੇ ਉਂਗਲੀ ਦੇ ਇਸ਼ਾਰੇ ਨਾਲ ਲਕੀਰ ਵਾਂਗ ਫੋਟੋ ਉੱਤੇ ਫੇਰ ਕੇ ਸਭ ਕੁਝ ਸਮਝਾਇਆ। ਉਪਰੰਤ ਸ. ਭਗਤ ਸਿੰਘ ਪਿੱਛੇ ਸੰਗਤ ਵਿਚ ਆ ਕੇ ਬੈਠ ਗਿਆ। ਇਕ-ਦੋ ਦਿਨ ਉਪਰੰਤ ਭਗਤ ਸਿੰਘ ਦੇ ਪਿਤਾ ਸ. ਕਾਲਾ ਸਿੰਘ ਨੇ ਬਾਬਾ ਜੀ ਪਾਸ ਹਾਜ਼ਰ ਹੋ ਕੇ ਬੇਨਤੀ ਕੀਤੀ, "ਮਹਾਰਾਜ, ਮੇਰਾ ਮੁੰਡਾ ਰਾਤ ਨੂੰ ਸੌਂਦਾ ਨਹੀਂ, ਬੈਠਾ ਰਹਿੰਦਾ ਹੈ। ਮੈਨੂੰ ਤਾਂ ਡਰ ਹੈ ਕਿ ਕਿਤੇ ਕਮਲਾ ਹੀ ਨਾ ਹੋ ਜਾਵੇ।" ਬੇਨਤੀ ਸੁਣਨ ਉਪਰੰਤ ਬਾਬਾ ਜੀ ਨੇ ਬਚਨ ਕੀਤਾ, "ਕਾਲਾ ਸਿੰਆਂ, ਮੁੰਡੇ ਨੂੰ ਕੁਝ ਨਹੀਂ ਹੁੰਦਾ ਫ਼ਿਕਰ ਨਾ ਕਰ। ਸਾਡੇ ਫੋਟੋ ਉੱਤੇ ਉਂਗਲ ਨਾਲ ਲਕੀਰ ਫੇਰਨ 'ਤੇ

ਮੁੰਡੇ ਨੂੰ ਕੋਈ ਨਜ਼ਾਰਾ ਦਿਸਿਆ ਹੈ। ਇਸ ਨੂੰ ਉਹ ਮਸਤੀ ਹੈ, ਰਾਜ਼ੀ ਹੋ ਜਾਏਗਾ।" ਕੁਝ ਸਮੇਂ ਉਪਰੰਤ ਭਗਤ ਸਿੰਘ ਠੀਕ ਹੋ ਗਿਆ, ਇਕ ਫੋਟੋ ਤਿਆਰ ਕਰ ਕੇ ਸ. ਭਗਤ ਸਿੰਘ ਲਿਆਇਆ। ਬਾਬਾ ਜੀ ਨੇ ਵੇਖ ਕੇ, ਦੱਸ ਕੇ ਕੁਝ ਹੋਰ ਠੀਕ ਕਰਨ ਦਾ ਬਚਨ ਕੀਤਾ। ਫਿਰ ਲੈ ਕੇ ਆਇਆ, ਬਾਬਾ ਜੀ ਨੇ ਮਨਜ਼ੂਰੀ ਦੇ ਦਿੱਤੀ। ਉਪਰੰਤ ਸ. ਭਗਤ ਸਿੰਘ ਸੇਵਾ ਕਰਨ ਲੱਗ ਪਿਆ। ਉਸ ਸਮੇਂ ਨਾਨਕਸਰ ਵਿਚ ਅਤੇ ਸੰਗੀਆਂ ਦੇ ਘਰਾਂ ਵਿਚ ਇਹ ਫੋਟੋ ਪਹੁੰਚ ਗਏ, ਦਰਗਾਹੀ ਡਿਊਟੀ ਭੁੱਚੋ ਵਾਲਿਆਂ ਦੇ ਹੁਕਮ ਅਨੁਸਾਰ ਬਾਬਾ ਅਨੰਦ ਸਿੰਘ ਜੀ ਨੇ ਸ. ਭਗਤ ਸਿੰਘ ਦੀ ਹੀ ਲਾਈ। ਇਸ ਸਮੇਂ ਤਾਂ ਜਿਵੇਂ ਬਾਣੀ ਵਿਚ ਫ਼ੁਰਮਾਇਆ ਹੈ:

**ਬਾਬਾ ਹੋਰ ਮਤਿ ਹੋਰ ਹੋਰ॥**
**ਜੇ ਸਉ ਵੇਰ ਕਮਾਈਐ ਕੂੜੈ ਕੂੜਾ ਜੋਰੁ॥੧॥ ਰਹਾਉ॥**

*(ਸਿਰੀਰਾਗੁ ਮਹਲਾ ੧, ਅੰਗ ੧੭)*

**ਸਭ ਕੁਝ ਹੋ ਰਿਹਾ ਹੈ।**
**ਖਿੰਜੋਤਾਣੁ ਕਰੇਨਿ ਧਿਙਾਣਾ॥**

ਵਾਲੀ ਗੱਲ ਹੈ ਜੋ ਅਨੰਦ ਸ. ਭਗਤ ਸਿੰਘ ਦੇ ਬਣੇ ਹੋਏ ਸਰੂਪਾਂ ਵਿਚ ਸੀ, ਉਹ ਹੁਣ ਨਹੀਂ ਹੈ, ਬਣਾ ਤਾਂ ਬਹੁਤ ਰਹੇ ਹਨ। ਅਸਲ ਅਸਲ ਹੀ ਹੈ ਤੇ ਬਾਕੀ ਸਭ ਨਕਲ ਹਨ। ਅਸਲ ਤੋਂ ਦੂਰ। ਉਸ ਸਮੇਂ ਨਾਨਕਸਰ ਵਿਚ ਕਈ ਫੋਟੋ ਇਸ ਤਰ੍ਹਾਂ ਦੇ ਸਨ, ਸਾਰੇ ਨਹੀਂ ਸਨ। ਸੱਜੇ ਖੱਬੇ ਸਾਹਮਣੇ ਜਿਸ ਪਾਸੇ ਤੋਂ ਹੋ ਕੇ ਦਰਸ਼ਨ ਕਰੋ, ਇਉਂ ਮਾਲੂਮ ਹੁੰਦਾ ਸੀ ਜਿਸ ਤਰ੍ਹਾਂ ਮੇਰੇ ਵੱਲ ਹੀ ਵੇਖ ਰਹੇ ਹਨ। ਇਹ ਜਾਣ ਕੇ ਨਹੀਂ ਬਣਾਏ ਸਨ, ਕੁਦਰਤੀ ਹੀ ਬਣੇ ਸਨ।

(ਇਹ ਪ੍ਰਸੰਗ ਬਾਬਾ ਹਜ਼ੂਰਾ ਸਿੰਘ ਜੀ ਤੋਂ ਕਈ ਵਾਰ ਸੁਣਿਆ, ਫਿਰ ਪਿਆਰਾ ਸਿੰਘ ਚੱਕੀ ਵਾਲਾ ਕਲੇਰਾਂ ਨਿਵਾਸੀ ਤੋਂ ਸੁਣਿਆ।)

# ਤੇਰੀ ਕੁਦਰਤਿ ਤੂਹੈ ਜਾਣਹਿ ਅਉਰੁ ਨ ਦੂਜਾ ਜਾਣੈ ॥

ਇਕ ਵਾਰ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਭਾਈ ਰਤਨ ਸਿੰਘ ਡਰੋਲੀ ਨੂੰ ਹੁਕਮ ਕੀਤਾ, "ਤੂੰ ਸਾਡੀ ਚਿੱਠੀ ਮਹਾਂਪੁਰਖਾਂ ਕੋਲ ਲੈ ਜਾ।" ਭਾਈ ਰਤਨ ਸਿੰਘ ਡਰੋਲੀ ਸਤਿ ਬਚਨ ਕਰ ਕੇ ਤਿਆਰ ਹੋ ਗਿਆ। ਤੁਰਨ ਸਮੇਂ ਹਜ਼ੂਰ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਬਚਨ ਕੀਤਾ, "ਅਸੀਂ ਮਹਾਂਪੁਰਖਾਂ ਨੂੰ ਤਾਰ ਪਾ ਦਿੱਤੀ ਹੈ, ਉਹਨਾਂ ਦਾ ਸੇਵਕ ਤੈਨੂੰ ਅੱਗੇ ਲੈਣ ਆ ਜਾਏਗਾ।" ਇਹ ਵੀ ਇਕ ਅਨੋਖੀ ਰਮਜ਼ ਹੈ। ਇਕ ਪਾਸੇ ਹੁਕਮ, ਅਸੀਂ ਤਾਰ ਪਾ ਦਿੱਤੀ ਹੈ। ਦੂਜੇ ਪਾਸੇ ਹੁਕਮ ਕਿ ਤੂੰ ਚਿੱਠੀ ਲੈ ਜਾ। ਭਾਈ ਨੰਦ ਲਾਲ ਸਾਹਿਬ ਜੀ ਦੇ ਕਥਨ ਅਨੁਸਾਰ : ਹੋ ਕੁਰਬਾਨ ਪਿਆਰੇ ਉਤੋਂ ਉਜਰ ਨਾ ਮੂਲੋਂ ਚਾਹੀਂ। ਗੁਰਸਿਖੀ ਦੇ ਦਾਇਰੇ ਅੰਦਰ ਜਗ੍ਹਾ ਉਜਰ ਦੀ ਨਾਹੀਂ। ਹੁਕਮ ਅਨੁਸਾਰ ਮੁਣਸ਼ੀ ਹਰਦਿੱਤ ਸਿੰਘ ਪਾਸੋਂ ਹਿਸਾਬ ਕਰਾ ਕੇ ਦੋ-ਤਰਫ਼ਾ ਕਿਰਾਇਆ ਦੇ ਦਿੱਤਾ। ਉਪਰੰਤ ਭੁੱਚੋ ਮੰਡੀ ਸਟੇਸ਼ਨ ਤੋਂ ਚੱਲ ਕੇ ਬਰਾਸਤਾ ਧੂਰੀ ਲੁਧਿਆਣੇ ਤੋਂ ਜਗਰਾਉਂ ਆ ਉੱਤਰੇ। ਹੋਰ ਸਭ ਸਵਾਰੀਆਂ ਤਾਂ ਆਪੋ-ਆਪਣੇ ਰਸਤੇ ਚਲੀਆਂ ਗਈਆਂ। ਭਾਈ ਰਤਨ ਸਿੰਘ ਡਰੋਲੀ ਇਕੱਲਾ ਹੀ ਰਹਿ ਗਿਆ। ਉਧਰੋਂ ਅਚਾਨਕ ਹੀ ਇਕ ਸਿੱਖ ਮਿਲ ਪਿਆ, ਉਸ ਨੇ ਪੁੱਛ ਲਿਆ, "ਭਾਈ, ਤੂੰ ਕਿਥੋਂ ਆਇਆ ਹੈਂ। ਤੇਰਾ ਨਾਮ ਕੀ ਹੈ ਤੇ ਤੂੰ ਕਿਸ ਨੂੰ ਮਿਲਣਾ ਹੈ।" ਭਾਈ ਰਤਨ ਸਿੰਘ ਡਰੋਲੀ ਨੇ ਕਿਹਾ, "ਮੈਂ ਭੁੱਚੋ ਤੋਂ ਆਇਆ ਹਾਂ, ਮੇਰਾ ਨਾਮ ਰਤਨ ਸਿੰਘ ਡਰੋਲੀ ਹੈ।" ਆਉਣ ਵਾਲੇ ਸਿੱਖ ਨੇ ਦੱਸਿਆ, "ਮੇਰਾ ਨਾਮ ਹਜ਼ੂਰਾ ਸਿੰਘ ਹੈ ਅਤੇ ਮੈਂ ਤੈਨੂੰ ਹੀ ਲੈਣ ਆਇਆ ਹਾਂ। ਮੈਨੂੰ ਸੰਤਾਂ ਨੇ ਭੇਜਿਆ ਹੈ।" ਉਪਰੰਤ ਭਾਈ ਰਤਨ ਸਿੰਘ ਡਰੋਲੀ ਤੇ ਭਾਈ ਹਜ਼ੂਰਾ ਸਿੰਘ ਦੋਵੇਂ ਚੱਲ ਕੇ ਸ਼ਹਿਰੋਂ ਬਾਹਰ ਛਿਪਦੇ

ਪਾਸੇ ਵੱਲ ਚਲੇ ਗਏ। ਅੱਗੇ ਬਾਬਾ ਅਨੰਦ ਸਿੰਘ ਜੀ ਨੰਤੇ ਲੋਟੀਏ ਦੇ ਖੂਹ 'ਤੇ ਇਕ ਮਨ੍ਹੇ ਉੱਤੇ ਬੈਠੇ ਸਨ। ਸੂਰਜ ਛਿਪਣ ਦਾ ਸਮਾਂ ਸੀ, ਦੱਖਣ ਦੀ ਹਵਾ ਵਗ ਕੇ ਅਸਮਾਨ ਉੱਤੇ ਗਰਦ ਚੜ੍ਹੀ ਹੋਈ ਸੀ। ਭਾਈ ਰਤਨ ਸਿੰਘ ਡਰੋਲੀ, ਜਿਵੇਂ ਭੁੱਚੋ ਵਾਲਿਆਂ ਦਾ ਹੁਕਮ ਸੀ, ਚਿੱਠੀ ਲਪੇਟੇ ਹੋਏ ਕਾਗਜ਼ ਵਿਚ ਬਾਬਾ ਅਨੰਦ ਸਿੰਘ ਜੀ ਦੇ ਅੱਗੇ ਰੱਖ ਕੇ ਨਮਸਕਾਰ ਕਰ ਕੇ ਇਕ ਪਾਸੇ ਹੋ ਗਏ। ਬਾਬਾ ਅਨੰਦ ਸਿੰਘ ਜੀ ਨੇ ਉਹ ਕਾਗ਼ਜ਼ ਪਤਾ ਨਹੀਂ ਖੋਲ੍ਹ ਕੇ ਪੜ੍ਹਿਆ ਜਾਂ ਨਹੀਂ, ਉਪਰੰਤ ਭਾਈ ਹਜ਼ੂਰਾ ਸਿੰਘ ਅਤੇ ਰਤਨ ਸਿੰਘ ਡਰੋਲੀ ਦਿਨ ਛਿਪਣ ਸਮੇਂ ਇਕ ਪਾਸੇ ਹੋ ਕੇ ਬੈਠ ਗਏ। ਇਕ ਕਣਕ ਅਤੇ ਮੱਕੀ ਦੀ ਮਿੱਸੀ ਰੋਟੀ ਅੱਧੀ-ਅੱਧੀ ਕਰ ਕੇ ਖਾ ਲਈ। ਇਕ ਵੱਣ ਦਾ ਸਿਰਹਾਣਾ ਬਣਾ ਕੇ ਰਾਤ ਗੁਜ਼ਾਰੀ।

**ਰੂਖੋ ਭੋਜਨੁ ਭੂਮਿ ਸੈਨ**
**ਸਖੀ ਪ੍ਰਿਅ ਸੰਗਿ ਸੂਖਿ ਬਿਹਾਤ ॥੨॥੩੧॥੪੨॥**

*(ਕਾਨੜਾ ਮਹਲਾ ੫, ਅੰਗ ੧੩੦੬)*

ਅਗਲੇ ਦਿਨ ਸਵੇਰੇ ਬਾਬਾ ਜੀ ਤੋਂ ਵਾਪਸ ਇਕ ਕਾਗਜ਼ ਉਸੇ ਤਰ੍ਹਾਂ ਲਪੇਟਿਆ ਲੈ ਕੇ ਵਾਪਸ ਭੁੱਚੋ ਪਹੁੰਚ ਗਏ ਅਤੇ ਕਾਗਜ਼ ਹਜ਼ੂਰ ਦੇ ਚਰਨਾਂ ਵਿਚ ਰੱਖ ਕੇ ਨਮਸਕਾਰ ਕੀਤੀ। ਉਪਰੰਤ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਪੁੱਛਿਆ, "ਮਹਾਂਪੁਰਖ ਰਾਜ਼ੀ ਖ਼ੁਸ਼ੀ ਸਨ, ਕੁਝ ਬੋਲੇ ਤਾਂ ਨਹੀਂ।" ਭਾਈ ਰਤਨ ਸਿੰਘ ਡਰੋਲੀ ਨੇ ਦੱਸਿਆ, "ਜੀ, ਰਾਜ਼ੀ ਖ਼ੁਸ਼ੀ ਸੀ, ਕੁਝ ਬੋਲੇ ਵੀ ਨਹੀਂ।" ਫਿਰ ਅਗਲੇ ਦਿਨ ਹੀ ਹੁਕਮ ਕੀਤਾ, "ਜਿਸ ਸੇਵਕ ਦੀ ਕਾਪੀ ਵਿਚੋਂ ਕਾਗਜ਼ ਪਾੜ ਕੇ ਸਾਨੂੰ ਮਹਾਂਪੁਰਖਾਂ ਨੇ ਚਿੱਠੀ ਦਾ ਜਵਾਬ ਦਿੱਤਾ ਹੈ, ਉਸ ਕਾਪੀ ਦੀ ਕੀਮਤ ਦੋ ਆਨੇ ਹੈ। ਤੂੰ ਦੋ ਆਨੇ ਜਾ ਦੇ ਕੇ ਆ।" ਹੁਕਮ ਅਨੁਸਾਰ ਇਹ ਵੀ ਕੋਈ ਡੂੰਘੀ ਰਮਜ਼ ਸੀ। **ਤੂੰ ਅਚਰਜੁ ਕੁਦਰਤਿ ਤੇਰੀ ਬਿਸਮਾ** ਹੁਕਮ ਅਨੁਸਾਰ ਦੋ ਆਨੇ ਦੇਣ ਵਾਸਤੇ ਭੁੱਚੋ ਤੋਂ ਚੱਲ ਕੇ ਜਗਰਾਉਂ ਆ ਕੇ ਦੋ ਆਨੇ ਦੇ ਕੇ ਵਾਪਸ ਮੁੜ ਆਏ। ਐਸੇ ਅਨੋਖੇ ਕੌਤਕ ਸਨ ਬਾਬਾ ਜੀ ਮਹਾਰਾਜ ਦੇ।

(ਇਹ ਪ੍ਰਸੰਗ ਲੇਖਕ ਨੇ ਪਿਤਾ ਜੀ ਤੋਂ ਸੁਣਿਆ।)

# ਸਭੁ ਕੋਇ ਮੀਠਾ ਮੰਗਿ ਦੇਖੈ
# ਖਸਮ ਭਾਵੈ ਸੋ ਕਰੇ

ਸ੍ਰੀ ਬਾਬਾ ਮਹਾਂ ਹਰਿਨਾਮ ਸਿੰਘ ਜੀ ਦਾ ਇਕ ਸੇਵਕ ਕਦੇ-ਕਦੇ ਆ ਕੇ ਦਰਸ਼ਨ ਕਰ ਜਾਂਦਾ ਸੀ। ਇਕ ਵਾਰ ਇਸ ਨੇ ਬਾਬਾ ਜੀ ਪਾਸ ਬੇਨਤੀ ਕੀਤੀ ਗਰੀਬ-ਨਿਵਾਜ ਮੇਰਾ ਇਕ ਲੜਕਾ ਵਿਆਹੁਣ ਯੋਗ ਹੈ। ਜੇ ਆਪ ਹੁਕਮ ਕਰ ਕੇ ਡਰੋਲੀ ਵਾਲੇ ਰਤਨ ਸਿੰਘ ਦੀ ਲੜਕੀ ਦਾ ਰਿਸ਼ਤਾ ਮੇਰੇ ਮੁੰਡੇ ਨਾਲ ਕਰਵਾ ਦਿਓ। ਮੈਂ ਵੀ ਆਪ ਜੀ ਦੇ ਘਰ ਦਾ ਸੇਵਕ ਅਤੇ ਇਹ ਵੀ ਆਪ ਜੀ ਦੇ ਸੇਵਕ ਹਨ। ਮੇਹਰ ਕਰੋ ਸਾਡਾ ਦੋਹਾਂ ਦਾ ਕਾਰਜ ਸਿੱਧ ਹੋ ਜਾਏ। ਸੁਣ ਕੇ ਹਜ਼ੂਰ ਨੇ ਬਚਨ ਕੀਤਾ, "ਇਹ ਲੜਕੀ ਗ੍ਰਹਿਸਤੀ ਦੇ ਜੰਜਾਲ ਵਿਚ ਨਹੀਂ ਆਏਗੀ ਕੰਨਿਆ ਹੀ ਰਹੇਗੀ।" ਉਸ ਪ੍ਰੇਮੀ ਨੇ ਇਸ ਰਮਜ਼ ਨੂੰ ਨਾ ਸਮਝਿਆ ਫਿਰ ਕਈ ਵਾਰ ਲਗਾਤਾਰ ਬੇਨਤੀਆਂ ਕਰਦਾ ਰਿਹਾ। ਅਖ਼ੀਰ ਜਦੋਂ ਉਹ ਬੇਨਤੀ ਕਰਨੋਂ ਨਾ ਹਟਿਆ ਤਾਂ ਇਕ ਦਿਨ ਬਾਬਾ ਜੀ ਨੇ ਬਚਨ ਕੀਤਾ, "ਲੈ ਬਈ, ਤੂੰ ਰੋਜ਼ ਹੀ ਕਹਿੰਦਾ ਹੈਂ ਤੇਰੇ ਮੁੰਡੇ ਦਾ ਰਿਸ਼ਤਾ ਅੱਜ ਡਰੋਲੀ ਵਾਲਿਆਂ ਨਾਲ ਪੱਕਾ ਕਰ ਦੇਈਏ।" ਉਸ ਨੇ ਖ਼ੁਸ਼ ਹੋ ਕੇ ਕਿਹਾ, "ਜੀ ਕਰ ਦਿਉ।" ਅੱਗੋਂ ਬਾਬਾ ਜੀ ਨੇ ਹੱਸ ਕੇ ਬਚਨ ਕੀਤਾ, "ਲੈ ਹੁਣ ਕਿਤੇ ਮੁੱਕਰ ਨਾ ਜਾਈਂ।" ਉਸ ਨੇ ਕਿਹਾ, "ਜੀ ਨਹੀਂ ਮੁੱਕਰਦਾ।" ਉਪਰੰਤ ਬਾਬਾ ਜੀ ਨੇ ਬਚਨ ਕੀਤਾ, "ਤੇਰੇ ਮੁੰਡੇ ਦਾ ਇਹਨਾਂ ਦੀ ਲੜਕੀ ਨਾਲ ਰਿਸ਼ਤਾ ਪੱਕਾ। ਇਸ ਕੰਨਿਆ ਨੇ ਛੇਤੀ ਮਰ ਜਾਣਾ ਹੈ ਤੇ ਤੇਰਾ ਮੁੰਡਾ ਵੀ ਨਾਲ ਹੀ ਜਾਏਗਾ, ਲੈ ਦੱਸ, ਤੈਨੂੰ ਮਨਜ਼ੂਰ ਹੈ ਤਾਂ ਹਾਂ ਕਰ ਦੇ।" ਉਹ ਸੇਵਕ ਤਾਂ ਬਚਨ ਸੁਣਨ ਸਾਰ ਹੀ ਬਾਬਾ ਜੀ ਕੋਲੋਂ ਬਾਹਰ ਦੂਰ ਚਲਾ ਗਿਆ। ਹਜ਼ੂਰ ਨੇ ਪੁੱਛਿਆ, ਨੀਲਾ ਸਿੰਘ ਉਹ ਸੇਵਕ ਜਿਹੜਾ ਰਿਸ਼ਤਾ ਮੰਗਦਾ ਸੀ, ਕਿਥੇ ਹੈ ? ਬੋਲਦਾ ਨਹੀਂ।" ਅੱਗੋਂ ਨੀਲਾ ਸਿੰਘ ਨੇ ਬੇਨਤੀ ਕੀਤੀ, "ਜੀ

ਉਹ ਤਾਂ ਕਿਤੇ ਡੇਰੇ ਵਿਚ ਹੀ ਨਹੀਂ ਦਿੱਸਦਾ, ਭੱਜ ਗਿਆ ਹੈ।" ਉਪਰੰਤ ਬਾਬਾ ਜੀ ਨੇ ਬਚਨ ਕੀਤਾ, "ਚਲੋ ਚੰਗਾ ਹੋਇਆ ਅੱਗੇ ਰੋਜ਼ ਖਹਿੜੇ ਪਿਆ ਰਹਿੰਦਾ ਸੀ।" ਇਸ ਤੋਂ ਉਪਰੰਤ ਉਸ ਸੇਵਾਦਾਰ ਨੇ ਡਰਦੇ ਹੋਏ ਡੇਰੇ ਆਉਣਾ ਹੀ ਛੱਡ ਦਿੱਤਾ। ਬਾਬਾ ਜੀ ਦਾ ਸਭ ਸੇਵਾਦਾਰਾਂ ਨੂੰ ਹਰ ਰੋਜ਼ ਨਵਾਂ ਹੁਕਮ ਹੁੰਦਾ ਸੀ ਕਿ ਅੱਜ ਕਿਸੇ ਪਾਸੇ ਚੜ੍ਹਦੇ ਲਹਿੰਦੇ ਵੱਲ ਉਤਰ ਦੱਖਣ ਪੂਰਬ ਪੱਛਮ ਵੱਲੋਂ ਖ਼ਾਸ ਤੌਰ 'ਤੇ ਇਕ ਪਾਸੇ ਰੋਕ ਦਿੰਦੇ ਸਨ। ਉਸ ਦਿਨ ਉਸ ਸਮੇਂ ਉਸ ਪਾਸੇ ਕੋਈ ਸੇਵਕ ਨਹੀਂ ਸੀ ਜਾਂਦਾ ਹੁੰਦਾ। ਇਕ-ਦੋ ਪ੍ਰੇਮੀ ਵੇਖਣ ਪਰਖਣ ਲਈ ਗਏ ਸਨ। ਉਹਨਾਂ ਨੂੰ ਬਹੁਤ ਤਕਲੀਫ਼ ਹੋਈ ਸੀ ਫਿਰ ਸਾਰੇ ਡਰ ਗਏ ਸਨ। ਇਕ ਦਿਨ ਹਜ਼ੂਰ ਨੇ ਟਿੱਲੇ ਦੇ ਮਗਰ ਜਾਣ ਤੋਂ ਸਭ ਨੂੰ ਰੋਕਿਆ ਹੋਇਆ ਸੀ। ਉਸ ਦਿਨ ਭਾਈ ਰਤਨ ਸਿੰਘ ਡਰੋਲੀ ਦੀ ਲੜਕੀ ਜਿਸ ਦਾ ਨਾਮ ਹਰਬੰਸ ਕੌਰ ਸੀ, ਬੱਚਿਆਂ ਨਾਲ ਖੇਡਦੀ-ਖੇਡਦੀ ਉਸ ਪਾਸੇ ਵੱਲ ਚਲੀ ਗਈ। ਟਿੱਲੇ ਦੇ ਮਗਰ ਇਕ ਛੱਪੜ ਸੀ, ਗਰਮੀ ਦਾ ਮੌਸਮ ਸੀ, ਬੱਚਿਆਂ ਨਾਲ ਇਹ ਲੜਕੀ ਨਹਾਉਣ ਲੱਗ ਪਈ। ਬਾਬਾ ਜੀ ਦਾ ਹੁਕਮ ਅਟੱਲ ਸੀ, ਜਿਵੇਂ ਪਿੱਛੇ ਸੇਵਕ ਨੂੰ ਫੁਰਮਾਇਆ ਸੀ। ਇਸ ਨੇ ਅੱਜ ਤੋਂ ਤੀਜੇ ਦਿਨ ਇਸ ਕੰਨਿਆ ਨੇ ਮਰ ਜਾਣਾ ਹੈ ਤੀਜਾ ਦਿਨ ਵੀ ਆ ਗਿਆ। ਭਾਈ ਰਤਨ ਸਿੰਘ ਡਰੋਲੀ ਅਤੇ ਜੈ ਕੌਰ ਲੰਗਰ ਪਕਾਉਣ ਵਾਸਤੇ ਰੋਜ਼ ਵਾਂਗ ਪਿੰਡ ਵਿਚ ਗਏ ਹੋਏ ਸਨ। ਪਿੱਛੋਂ ਹੀ ਇਹ ਹੁਕਮ ਵਰਤ ਗਿਆ। ਜਿਸ ਸਮੇਂ ਲੰਗਰ ਪਕਾ ਕੇ ਵਾਪਸ ਆਏ ਤਾਂ ਉਸ ਸਮੇਂ ਲੜਕੀ ਮਰੀ ਹੋਈ ਨੂੰ ਬਾਬਾ ਜੀ ਦੇ ਹੁਕਮ ਅਨੁਸਾਰ ਛੱਪੜ ਤੋਂ ਬਾਹਰ ਕੱਢ ਕੇ ਰੱਖਿਆ ਹੋਇਆ ਸੀ। ਭਜਨ ਸਿੰਘ ਮਹਿਰਾ ਤੇ ਭਾਗੀ ਵਾਂਦਰ ਵਾਲੇ ਸਰਬਣ ਸਿੰਘ ਕੋਲ ਬੈਠੇ ਸਨ, ਜਿਸ ਸਮੇਂ ਡਰੋਲੀ ਵਾਲੇ ਦੋਵੇਂ ਜੀਅ ਵਾਪਸ ਲੰਗਰ ਪਕਾ ਕੇ ਬਾਬਾ ਜੀ ਦੀ ਹਜ਼ੂਰੀ ਵਿਚ ਪਹੁੰਚੇ ਤਾਂ ਹਜ਼ੂਰ ਨੇ ਬਚਨ ਕੀਤਾ, "ਤਕੜੇ ਹੋ ਕੇ ਸੇਵਾ ਕਰੋ ਲੰਗਰ ਵਰਤਾਉ ਸਿਮਰਨ ਕਰੋ, ਰੋਣਾ ਨਹੀਂ, ਕੰਨਿਆ ਦਾ ਸਸਕਾਰ ਫਿਰ ਕਰਨਾ।" ਹੁਕਮ ਅਨੁਸਾਰ ਇਸ ਤਰ੍ਹਾਂ ਹੀ ਹੋਇਆ **"ਤੇਰਾ ਭਾਣਾ ਤੂਹੈ ਮਨਾਇਹਿ"** ਦੇ ਬਚਨ ਅਨੁਸਾਰ ਆਪੇ ਬਲ ਬਖ਼ਸ਼ ਕੇ ਸਭ ਕੁਝ ਕਰਾਇਆ ਫਿਰ ਬਚਨ ਕੀਤਾ, "ਇਥੋਂ ਸਭ ਕੁਝ ਭਾਣਾ ਮੰਨਣ ਵਾਲੇ ਨੂੰ ਹੀ ਮਿਲਦਾ ਹੈ।" ਉਪਰੰਤ ਭਾਈ ਰਤਨ ਸਿੰਘ ਅਤੇ ਜੈ

ਕੌਰ ਬਹੁਤ ਰੋਣ ਲੱਗ ਪਏ ਭਜਨ ਸਿੰਘ ਮਹਿਰਾ ਤੇ ਸਰਬਣ ਸਿੰਘ ਭਾਗੀ ਵਾਂਦਰ ਵਾਲੇ ਨੇ ਬਾਬਾ ਜੀ ਪਾਸ ਬੇਨਤੀ ਕੀਤੀ ਗਰੀਬ ਨਿਵਾਜ਼ ਕੀ ਗੱਲ ਹੈ ਅੱਜ ਕਈ ਦਿਨ ਪਿੱਛੋਂ ਦੋਵੇਂ ਜੀ ਡਰੋਲੀ ਵਾਲੇ ਕਿਉਂ ਰੋਂਦੇ ਹਨ ਤਾਂ ਹਜ਼ੂਰ ਨੇ ਬਚਨ ਕੀਤਾ, "ਇਹਨਾਂ ਦੇ ਮਨ ਵਿਚ ਸੀ ਕਿ ਸਾਨੂੰ ਲੜਕੀ ਦਾ ਕੋਈ ਮੋਹ ਨਹੀਂ ਆਇਆ ਇਹ ਵੀ ਇਕ ਹੰਕਾਰ ਸੀ, ਤੋੜ ਦਿੱਤਾ ਹੈ ਲਿਆਓ ਬੁਲਾ ਕੇ।" ਹਜ਼ੂਰ ਨੇ ਆਪਣੇ ਕੋਲ ਸੱਦ ਕੇ ਬਚਨ ਕੀਤਾ, "ਹੁਣ ਕਿਉਂ ਰੋਂਦੇ ਹੋ, ਤੁਸੀਂ ਸਮਝਿਆ ਸਾਨੂੰ ਮੋਹ ਨਹੀਂ ਫੁਰਦਾ ਤੁਹਾਡਾ ਮੋਹ ਤਾਂ ਦੂਰ ਕੀਤਾ ਸੀ ਆਪਣੇ ਆਪ ਨਹੀਂ ਸੀ ਹੋਇਆ।" ਉਪਰੰਤ ਹੁਕਮ ਅਨੁਸਾਰ ਸ਼ਰਾਅ ਕਰਵਾਈ ਗਈ ਫਿਰ ਕਿਤੇ ਜਾ ਕੇ ਕੁਝ ਸੁਰਤ ਠੀਕ ਹੋਈ।

**ਅੰਤਰਜਾਮੀ ਸਭੁ ਕਿਛੁ ਜਾਨੈ ਉਸ ਤੇ ਕਹਾ ਛਪਾਇਆ॥**

*(ਆਸਾ ਮਹਲਾ ੫, ਅੰਗ ੩੮੧)*

(ਇਹ ਬਚਨ ਵੱਡਾ ਝੰਡਾ ਸਿੰਘ ਸੇਮਾਂ ਨਿਵਾਸੀ ਤੋਂ ਮਿਲਿਆ।)

# ਭੁਲਿਆ ਆਪਿ ਸਮੁਝਾਇਸੀ ਜਾ ਕਉ ਨਦਰਿ ਕਰੇ॥

ਬਾਬਾ ਮਹਾਂ ਹਰਿਨਾਮ ਸਿੰਘ ਜੀ ਪਾਸ ਬੇਅੰਤ ਸਾਧੂ ਅਭਿਆਸੀ ਆਏ, ਹਜ਼ੂਰ ਨੇ ਹਰ ਮੱਤ ਦੇ ਸਾਧੂ ਫ਼ਕੀਰ ਨੂੰ ਸਿੱਧੇ ਰਸਤੇ ਪਾਇਆ। ਇਸ ਤਰ੍ਹਾਂ ਇਕ ਸਮੇਂ ਇਕ ਸਾਧੂ ਆਇਆ ਜਿਸ ਦੀ ਸਰੀਰਕ ਹਾਲਤ ਕੁਝ ਮਸਤਾਨੀ ਜਿਹੀ ਸੀ। ਉਸ ਨੂੰ ਹਜ਼ੂਰ ਨੇ ਆਪਣੀ ਮਰਿਆਦਾ ਅਨੁਸਾਰ ਸਭ ਕੁਝ ਪੁੱਛਿਆ। ਸ਼ਰਾਅ ਕਰਾਈ ਉਪਰੰਤ ਬਚਨ ਕੀਤਾ, "ਤੂੰ ਆਪਣਾ ਗੁਰ ਮੰਤਰ ਸੁਣਾ।" ਉਸ ਨੇ ਬੇਨਤੀ ਕੀਤੀ, ਜੀ ਮੈਂ ਮੂਲ ਮੰਤਰ ਦਾ ਜਾਪ, ਲੋਮ, ਵਿਲੋਮ, ਰੀਤੀ ਅਨੁਸਾਰ ਕਰਦਾ ਹਾਂ। ਹਜ਼ੂਰ ਨੇ ਬਚਨ ਕੀਤਾ, "ਕਰ ਕੇ ਸੁਣਾ।" ਉਸ ਨੇ ਪੜ੍ਹ ਕੇ ਸੁਣਾਇਆ ਸੁਣ ਕੇ ਸਾਰੀ ਸੰਗਤ ਹੈਰਾਨ ਹੋ ਗਈ। ਫਿਰ ਬਾਬਾ ਜੀ ਨੇ ਬਚਨ ਕੀਤਾ "ਇਸ ਤਰ੍ਹਾਂ ਕਰਨ ਨਾਲ ਤੈਨੂੰ ਕੁਝ ਪ੍ਰਾਪਤ ਹੋਇਆ?" ਉਸ ਨੇ ਬੇਨਤੀ ਕੀਤੀ ਜੀ ਮੇਰੇ ਮੱਥੇ ਦੇ ਵਿਚਾਲੇ ਤ੍ਰਿਕੁਟੀ

ਵਾਲੇ ਥਾਂਅ ਉੱਤੇ ਤਾਰੇ ਜਿੰਨਾ ਪ੍ਰਕਾਸ਼ ਕਦੇ-ਕਦੇ ਹੁੰਦਾ ਹੈ। ਪਰ ਜਦੋਂ ਇਹ ਪ੍ਰਕਾਸ਼ ਹੁੰਦਾ ਹੈ ਕਈ-ਕਈ ਦਿਨ ਸਿਰ ਨੂੰ ਚੱਕਰ ਆਉਂਦੇ ਰਹਿੰਦੇ ਹਨ। ਬਾਬਾ ਜੀ ਨੇ ਬਚਨ ਕੀਤਾ, "ਤੈਨੂੰ ਅੱਜ ਤੋਂ ਬਾਅਦ ਚੱਕਰ ਨਹੀਂ ਆਉਣਗੇ ਤੇ ਪ੍ਰਕਾਸ਼ ਵੀ ਹਰ ਸਮੇਂ ਦਿਸੇਗਾ। ਪਰ ਜਿਹੜੀ ਇਸ ਤੋਂ ਅਗਲੀ ਗੱਲ ਹੈ ਉਹ ਮਹਾਂ ਪੁਰਖ ਤੇਰੇ ਕੋਲ ਆ ਕੇ ਸਭ ਕੁਝ ਕਰਨਗੇ।" ਉਪਰੰਤ ਉਸ ਨੂੰ ਖ਼ੁਸ਼ੀ ਬਖ਼ਸ਼ ਕੇ ਤੋਰ ਦਿੱਤਾ।

(2)

ਜਿਸ ਸਮੇਂ ਭੁੱਚੋ ਵਾਲੇ ਦਰਗਾਹ ਨੂੰ ਚਲੇ ਗਏ ਬਾਬਾ ਅਨੰਦ ਸਿੰਘ ਜੀ ਕਲੇਰਾਂ ਵਾਲੇ ਜਿਸ ਸਮੇਂ ਬਠਿੰਡੇ ਡਿੱਗੀ ਵਿਚ ਕੁਝ ਸਮਾਂ ਠਹਿਰੇ ਉਸ ਸਮੇਂ ਇਕ ਦਿਨ ਬਾਬਾ ਜੀ ਸੈਰ ਕਰਦੇ-ਕਰਦੇ ਨਾਲ ਭਾਈ ਰਤਨ ਸਿੰਘ ਡਰੋਲੀ ਜਾ ਰਿਹਾ ਸੀ। ਨਹਿਰ ਦੀ ਪਟੜੀ ਤੋਂ ਪਾਸੇ ਹੋ ਕੇ ਬਾਬਾ ਜੀ ਨੇ ਖੜੇ ਹੋ ਕੇ ਕਿਹਾ, "ਡਰੋਲੀ! ਔਹ ਵੇਖ ਕੇ ਆ ਕੌਣ ਬੈਠਾ ਹੈ।" ਭਾਈ ਡਰੋਲੀ ਹੁਕਮ ਅਨੁਸਾਰ ਵੇਖ ਕੇ ਆ ਕੇ ਦੱਸਿਆ, ਜੀ ਕੋਈ ਸਾਧੂ ਹੈ। ਇਉਂ ਸੁਣ ਕੇ ਬਾਬਾ ਅਨੰਦ ਸਿੰਘ ਜੀ ਉਥੇ ਆਪ ਹੀ ਪਹੁੰਚ ਗਏ ਤੇ ਉਸ ਸਾਧੂ ਨਾਲ ਕਈ ਬਚਨ ਕੀਤੇ ਜਿਨ੍ਹਾਂ ਵਿਚ ਕਈ ਰਮਜ਼ ਵਾਲੇ ਬਚਨ ਸਨ। ਜਿਨ੍ਹਾਂ ਨੂੰ ਸੁਣਨ 'ਤੇ ਉਸ ਮਹਾਤਮਾ ਦੀ ਤਸੱਲੀ ਹੋ ਗਈ। ਉਪਰੰਤ ਉਸ ਨੇ ਨਮਸਕਾਰ ਕੀਤੀ ਜਿਵੇਂ ਬਾਣੀ ਵਿਚ ਦੱਸਿਆ:

**ਕਹੁ ਕਬੀਰ ਗੂੰਗੈ ਗੁੜੁ ਖਾਇਆ**
**ਪੂਛੇ ਤੇ ਕਿਆ ਕਹੀਐ ॥੪॥੭॥੫੧॥**

*(ਅੰਗ ੩੩੪)*

ਰਸਤੇ ਵਿਚ ਮੁੜਨ ਸਮੇਂ ਬਾਬਾ ਜੀ ਨੇ ਬਚਨ ਕੀਤਾ ਡਰੋਲੀ ਇਸ ਨੂੰ ਤੂੰ ਪਛਾਣਿਆ ਨਹੀਂ। ਇਹ ਸਾਧੂ ਇਕ ਸਮੇਂ ਭੁੱਚੋ ਦਰਸ਼ਨ ਕਰਨ ਵਾਸਤੇ ਗਿਆ ਸੀ ਉਹਨਾਂ ਨੇ ਅੱਜ ਦੇ ਸਮੇਂ ਬਾਰੇ ਬਚਨ ਕੀਤਾ ਸੀ ਫਿਰ ਭਾਈ ਡਰੋਲੀ ਨੇ ਵੀ ਬੇਨਤੀ ਕਰ ਦਿੱਤੀ, "ਜੀ! ਮੈਨੂੰ ਯਾਦ ਆ ਗਿਆ ਠੀਕ ਹੈ।"

*(ਇਹ ਪ੍ਰਸੰਗ ਲੇਖਕ ਨੇ ਪਿਤਾ ਜੀ ਪਾਸੋਂ ਸੁਣਿਆ।)*

# ਸਾ ਸੇਵਾ ਕੀਤੀ ਸਫਲ ਹੈ
# ਜਿਤੁ ਸਤਿਗੁਰ ਕਾ ਮਨੁ ਮੰਨੇ॥

ਬਾਬਾ ਅਨੰਦ ਸਿੰਘ ਜੀ ਸੰਗਤ ਵਿਚ ਬਚਨ ਕਰਦੇ ਹੁੰਦੇ ਸਨ ਕਿ ਸੇਵਕ ਜਦੋਂ ਵੀ ਮੌਕਾ ਵੇਖੇ, ਸੇਵਾ ਕਰਨ ਦਾ ਵਕਤ ਹੱਥੋਂ ਨਾ ਜਾਣ ਦੇਵੇ। ਮਹਾਂਪੁਰਖ ਮੰਨੇ ਨਾ ਮੰਨੇ, ਸੇਵਾ ਕਰਾਵੇ ਨਾ ਕਰਾਵੇ। ਇਸੇ ਤਰ੍ਹਾਂ ਭੁੱਚੋ ਵਾਲਿਆਂ ਨੂੰ ਦੋ-ਤਿੰਨ ਬੀਬੀਆਂ ਨੇ ਮਿਲ ਕੇ ਬੇਨਤੀ ਕੀਤੀ, "ਮਹਾਰਾਜ, ਤੁਹਾਡੀ ਰਜ਼ਾਈ ਦੇ ਨਗੰਦੇ ਟੁੱਟੇ ਪਏ ਹਨ। ਹੁਕਮ ਦਿਉ ਤਾਂ ਅਸੀਂ ਨਗੰਦੇ ਨਵੇਂ ਪਾ ਦੇਈਏ।" ਕਿਉਂਕਿ ਹਜ਼ੂਰ ਹਰ ਸਮੇਂ ਰਜ਼ਾਈ ਦੀ ਬੁੱਕਲ ਮਾਰ ਕੇ ਰੱਖਦੇ ਸਨ। ਸੁਣ ਕੇ ਬਾਬਾ ਜੀ ਨੇ ਬਚਨ ਕੀਤਾ, "ਨਹੀਂ ਦੇਵੀ, ਸ਼ੁੱਧ ਹੈ, ਅਜੇ ਨਹੀਂ।" ਇਸ ਤਰ੍ਹਾਂ ਕਈ ਵਾਰ ਬੇਨਤੀਆਂ ਕੀਤੀਆਂ, ਪਰ ਬਾਬਾ ਜੀ ਨੇ ਸੇਵਾ ਨਹੀਂ ਬਖ਼ਸ਼ੀ। ਕਈ ਮਹੀਨੇ ਪਿੱਛੋਂ ਫਿਰ ਬੇਨਤੀ ਕੀਤੀ ਤਾਂ ਬਾਬਾ ਜੀ ਨੇ ਬਚਨ ਕੀਤਾ, "ਹਾਂ ਸ਼ੁੱਧ ਹੈ, ਅੱਜ ਨਗੰਦੇ ਮਾਰ ਦਿਉ। ਪਰ ਇਹ ਰਜ਼ਾਈ ਸਾਡੇ ਆਸਣ ਤੋਂ ਬਾਹਰ ਨਹੀਂ ਕੱਢਣੀ, ਅੰਦਰ ਹੀ ਰੱਖਣੀ ਹੈ।" ਸਭ ਨੇ ਸਤਿ ਬਚਨ ਕਿਹਾ ਤੇ ਬਾਬਾ ਜੀ ਨੇ ਰਜ਼ਾਈ ਸੇਵਾ ਕਰਨ ਵਾਸਤੇ ਮਾਈਆਂ ਨੂੰ ਫੜਾ ਦਿੱਤੀ। ਉਸ ਸਮੇਂ ਮਾਈ ਦਾਤਾਰ ਕੌਰ ਦੁਆਬੇ ਵਾਲੀ ਨੇ ਬੇਨਤੀ ਕਰ ਦਿੱਤੀ, "ਮਹਾਰਾਜ, ਅੰਦਰ ਹਨੇਰਾ ਹੈ, ਨਗੰਦੇ ਚੰਗੀ ਤਰ੍ਹਾਂ ਵੱਜਣੇ ਨਹੀਂ।" ਹਜ਼ੂਰ ਨੇ ਬਚਨ ਕੀਤਾ, "ਨਹੀਂ ਦੇਵੀ, ਤੁਹਾਨੂੰ ਨਹੀਂ ਪਤਾ ਰਾਜਾ ਇੰਦਰ ਇਸ ਰਜ਼ਾਈ ਨੂੰ ਦੇਖਣਾ ਚਾਹੁੰਦਾ ਹੈ, ਅਸੀਂ ਵੇਖਣ ਨਹੀਂ ਦਿੰਦੇ। ਜੇ ਉਸ ਨੇ ਵੇਖ ਲਈ ਤਾਂ ਪਰਲੋ ਆ ਜਾਵੇਗੀ। ਇਸ ਰਜ਼ਾਈ ਨੂੰ ਸਾਡੇ ਆਸਣ ਤੋਂ ਬਾਹਰ ਨਹੀਂ ਲਿਜਾਣਾ।" ਉਪਰੰਤ ਮਾਈ ਖੇਮ ਕੌਰ ਜੰਡਾ ਵਾਲੇ ਵਾਲੀ, ਮਾਈ ਦਾਤਾਰ ਕੌਰ, ਬੀਬੀ ਜੈ ਕੌਰ ਡਰੋਲੀ ਵਾਲੀ ਰਜ਼ਾਈ ਨੂੰ ਨਗੰਦਣ ਲੱਗ ਪਈਆਂ ਅਤੇ ਬਾਬਾ ਜੀ ਬੈਠੇ-ਬੈਠੇ ਅਚਾਨਕ

ਆਰਾਮ ਵਿਚ ਹੋ ਗਏ। ਉਸ ਸਮੇਂ ਮਾਈ ਦਾਤਾਰ ਕੌਰ ਨੇ ਇਕ ਹਿੱਸਾ ਰਜ਼ਾਈ ਦਾ ਟਿੱਲੇ ਵਾਲੇ ਪਾਸੇ ਮਾੜਾ ਜਿਹਾ ਬਾਹਰ ਕਰ ਲਿਆ। ਠੀਕ ਉਸੇ ਸਮੇਂ ਹੀ ਬੜੇ ਜ਼ੋਰ ਦਾ ਬੱਦਲ ਗੱਜਿਆ। ਬਾਬਾ ਜੀ ਝੱਟ ਹੀ ਉੱਠ ਕੇ ਬੈਠ ਗਏ ਤੇ ਬਚਨ ਕੀਤਾ, "ਤੁਸੀਂ ਦੇਵੀ ਉਹੀ ਗੱਲ ਕੀਤੀ, ਜਿਹੜੀ ਨਹੀਂ ਸੀ ਕਰਨੀ। ਤੁਸੀਂ ਪੱਲਾ ਰਜ਼ਾਈ ਦਾ ਬਾਹਰ ਕਿਉਂ ਕੱਢਿਆ। ਛੇਤੀ ਕਰੋ ਸਾਨੂੰ ਰਜ਼ਾਈ ਫੜਾ ਦਿਉ।" ਇਸ ਹੁਕਮ ਅਨੁਸਾਰ ਉਸੇ ਸਮੇਂ ਰਜ਼ਾਈ ਹਜ਼ੂਰ ਨੇ ਮੋੜ ਕੇ ਉੱਤੇ ਲੈ ਗਈ। ਉਸ ਸਮੇਂ ਕਈ ਧਾਗੇ ਟੁੱਟੇ ਹੋਏ ਬਾਹਰ ਹੀ ਸਨ। ਫਿਰ ਕਈ ਸਾਲ ਉਹ ਰਜ਼ਾਈ ਆਪਣੇ ਕੋਲੋਂ ਪਾਸੇ ਨਹੀਂ ਕੀਤੀ।

**ਕਵਨ ਵਡਾਈ ਕਹਿ ਸਕਉ ਬੇਅੰਤ ਗੁਨੀਤਾ॥**

*(ਬਿਲਾਵਲੁ ਮਹਲਾ ੫)*

**ਤੂ ਅਚਰਜੁ ਕੁਦਰਤਿ ਤੇਰੀ ਬਿਸਮਾ॥**

*(ਵਡਹੰਸੁ ਮਹਲਾ ੫)*

(ਇਹ ਪ੍ਰਸੰਗ ਮਾਤਾ-ਪਿਤਾ ਪਾਸੋਂ ਮਿਲਿਆ।)

# ਸਤਿਗੁਰੂ ਸਦਾ ਦਇਆਲੁ ਹੈ ਭਾਈ ਵਿਣੁ ਭਾਗਾ ਕਿਆ ਪਾਈਐ॥

ਇਕ ਵਾਰ ਬਾਬਾ ਅਨੰਦ ਸਿੰਘ ਜੀ ਭੁੱਚੋ ਦਰਸ਼ਨ ਕਰਨ ਆਏ, ਨਾਲ ਉਸ ਸਮੇਂ ਸਿਰਫ਼ ਤਿੰਨ-ਚਾਰ ਸੇਵਾਦਾਰ ਸਨ। ਇਕ ਸ. ਜੋਗਿੰਦਰ ਸਿੰਘ ਜ਼ੈਲਦਾਰ ਗਾਲਬ ਕਲਾਂ ਤੋਂ, ਕੇਹਰ ਸਿੰਘ ਸੁਖਮਨੀਆ ਪੱਤੀ ਕਲੇਰ ਤੋਂ ਅਤੇ ਸ. ਕਿਸ਼ਨ ਸਿੰਘ ਔਲਖ ਕਲੇਰਾਂ ਤੋਂ। ਇਸ ਪਰਿਵਾਰ ਦੀ ਜ਼ਮੀਨ ਹੁਣ ਨਾਨਕਸਰ ਤੋਂ ਕੌਕਿਆਂ ਦੀ ਤਰਫ਼ ਹੈ। ਚੰਗੇ ਰੰਗ-ਭਾਗ ਲੱਗੇ ਹੋਏ ਹਨ। ਇਹਨਾਂ ਤਿੰਨਾਂ ਨੂੰ ਬਾਬਾ ਜੀ ਨੇ ਰਸਤੇ ਵਿਚ ਸਮਝਾ ਦਿੱਤਾ ਸੀ ਕਿ ਅੱਜ ਭੁੱਚੋ ਪਹੁੰਚਣ ਸਮੇਂ ਤੁਸੀਂ ਵਿੱਤ ਅਨੁਸਾਰ ਜੋ ਸਰੇ, ਮੱਥਾ ਟੇਕ ਦੇਣਾ, ਮਨਜ਼ੂਰ ਹੋ ਜਾਏਗਾ। ਫਿਰ ਉਹਨਾਂ ਨੇ ਸੇਵਾ ਮਨਜ਼ੂਰ ਨਹੀਂ ਕਰਨੀ। ਇਹਨਾਂ ਤਿੰਨਾਂ

ਨੇ ਸਤਿ ਬਚਨ ਕੀਤਾ। ਜਿਸ ਸਮੇਂ ਭੁੱਚੋ ਪਹੁੰਚਣ ਸਮੇਂ ਤਿੰਨਾਂ ਨੇ ਇਕ-ਇਕ ਰੁਪਿਆ ਮੱਥਾ ਟੇਕਿਆ ਅਤੇ ਬਾਬਾ ਜੀ ਬੜੇ ਖ਼ੁਸ਼ ਹੋਏ। ਬਚਨ ਕੀਤਾ, "ਸ਼ੁੱਧ ਹੈ।" ਉਪਰੰਤ ਕੇਹਰ ਸਿੰਘ ਸੁਖਮਨੀਏ ਵੱਲ ਇਸ਼ਾਰਾ ਕਰ ਕੇ ਬਚਨ ਕੀਤਾ, "ਲੈ ਸੁਖਮਨੀਆ, ਇਕ ਰੁਪਿਆ ਤੂੰ ਲੈ ਜਾ, ਘਰ ਰੱਖੀਂ, ਬੜੀ ਬਰਕਤ ਪਵੇਗੀ।" ਸੁਖਮਨੀਏ ਨੂੰ ਇਸ ਕਰਕੇ ਬਚਨ ਕੀਤਾ ਕਿ ਇਹ ਨਾਨਕਸਰ ਬਾਬਾ ਜੀ ਪਾਸ ਸੁਖਮਨੀ ਸਾਹਿਬ ਦਾ ਇਕ ਪਾਠ ਰੋਜ਼ ਨੇਮ ਨਾਲ ਕਰਦਾ ਹੁੰਦਾ ਸੀ। ਚੱਲਣ ਸਮੇਂ ਬਾਬਾ ਜੀ ਭੁੱਚੋ ਵਾਲਿਆਂ ਹੁਕਮ ਕੀਤਾ, "ਮਹਾਂਪੁਰਖਾਂ ਦੀ ਸੇਵਾ ਅਤੇ ਸੰਗਤ ਕਰਨੀ ਨਾ ਛੱਡਿਉ।" ਉਪਰੰਤ ਕੇਹਰ ਸਿੰਘ ਸੁਖਮਨੀਏ ਪਾਸੋਂ ਹਜ਼ੂਰ ਦਾ ਦਿੱਤਾ ਹੋਇਆ ਰੁਪਿਆ ਕਿਸੇ ਕਾਰਨ ਕਰਕੇ ਸੰਭਾਲਿਆ ਨਾ ਗਿਆ।

**ਕਰ ਮਹਿ ਅੰਮ੍ਰਿਤ ਆਨਿ ਨਿਸਾਰਿਓ॥**
**ਖਿਸਰਿ ਗਇਓ ਭੂਮ ਪਰਿ ਡਾਰਿਓ॥**

*(ਇਹ ਪ੍ਰਸੰਗ ਸੰਤ ਖੇਮ ਸਿੰਘ ਜੀ ਤੋਂ ਸੁਣਿਆ।)*

# ਹਰਿ ਰਸੁ ਪੀ ਜਨ ਸਦਾ ਤ੍ਰਿਪਤਾਸੇ ਵਿਚਹੁ ਆਪੁ ਗਵਾਏ॥

ਇਕ ਵਾਰ ਭੁੱਚੋ ਬਾਬਾ ਮਹਾਂ ਹਰਿਨਾਮ ਸਿੰਘ ਜੀ ਪਾਸ ਮਾਈ ਦਾਤਾਰ ਕੌਰ ਨੇ ਦੱਸਿਆ ਕਿ ਮਹਾਰਾਜ ਕਲੇਰਾਂ ਵਾਲੇ ਰਿਖੀ ਜੀ ਦੇ ਰੇਬ ਪਜਾਮਾ ਚੂੜੀਆਂ ਵਾਲਾ ਜਿਹੋ ਜਿਹਾ ਬੁੱਢੀਆਂ ਪਾਉਂਦੀਆਂ ਹਨ, ਪਾਇਆ ਹੁੰਦਾ ਹੈ। ਸੁਣ ਕੇ ਹਜ਼ੂਰ ਨੇ ਹੱਸ ਕੇ ਬਚਨ ਕੀਤਾ, "ਲੈ ਦੇਵੀ, ਤੂੰ ਅੱਗੇ ਨਹੀਂ ਦੱਸਿਆ, ਹੁਣ ਜਦੋਂ ਆਏ ਤੂੰ ਸਾਨੂੰ ਦੱਸੀਂ।" ਬਾਬਾ ਜੀ ਪਾਸ ਭੁੱਚੋ ਆਸਣ ਦੇ ਸਿਰਹਾਣੇ ਵਾਲੇ ਪਾਸੇ ਇਕ ਤੰਗ ਜਿਹੀ ਥਾਂ ਸੀ। ਜਿਸ ਦੇ ਵਿਚ ਇਕ ਪਾਸੇ ਹੀ ਲੇਟਿਆ ਜਾ ਸਕਦਾ ਸੀ, ਉਸ ਦਾ ਨਾਮ ਸ਼ੁਕੀਨ ਘਰ ਰੱਖਿਆ ਹੋਇਆ ਸੀ, ਜਿਸ ਨੂੰ ਸ਼ੁਕੀਨ ਘਰ ਦੀ ਜ਼ਿੰਮੇਵਾਰੀ ਦਿੰਦੇ ਸਨ, ਉਸ ਦੀ

ਕਹੀ ਹੋਈ ਗੱਲ ਨਹੀਂ ਸੀ ਮੋੜਦੇ। ਇਥੋਂ ਤਕ ਕਿ ਜਦੋਂ ਕਿਤੇ ਜਲ ਪਾਣੀ ਵਰਤਦੇ ਤਾਂ ਪਹਿਲਾਂ ਸ਼ੁਕੀਨ ਘਰ ਦੇ ਸੇਵਾਦਾਰ ਤੋਂ ਪੁੱਛ ਕੇ ਨਹੀਂ ਤਾਂ ਨਹੀਂ ਵਰਤਦੇ। ਐਸੀ ਅਨੋਖੀ ਲੀਲ੍ਹਾ ਸੀ ਉਹਨਾਂ ਦੀ। ਇਸ ਕਰਕੇ ਬੰਦਾ ਸਮਝ ਨਹੀਂ ਸੀ ਸਕਦਾ। ਸਮੇਂ ਅਨੁਸਾਰ ਜਦੋਂ ਬਾਬਾ ਅਨੰਦ ਸਿੰਘ ਜੀ ਭੁੱਚੋ ਆਏ ਤਾਂ ਮਾਈ ਦਾਤਾਰ ਕੌਰ ਨੇ ਹਜ਼ੂਰ ਨੂੰ ਫਿਰ ਯਾਦ ਕਰਾਇਆ। ਮਹਾਰਾਜ ਹੁਣ ਵੀ ਰਿਖੀਆਂ ਨੇ ਰੇਬ ਪਜਾਮਾ ਪਾਇਆ ਹੈ ਵੇਖ ਲਉ ਤਾਂ ਹਜ਼ੂਰ ਨੇ ਬਚਨ ਕੀਤਾ, "ਅੱਛਾ ਦੇਵੀ, ਜਦੋਂ ਸਾਡੇ ਕੋਲ ਆਏ ਤਾਂ ਵੇਖਾਂਗੇ।" ਉਪਰੰਤ ਜਿਸ ਸਮੇਂ ਬਾਬਾ ਅਨੰਦ ਸਿੰਘ ਜੀ ਨੇਮ ਅਨੁਸਾਰ ਮੱਥਾ ਟੇਕਣ ਗਏ ਤਾਂ ਭੁੱਚੋ ਵਾਲਿਆਂ ਨੇ ਉਸੇ ਸਮੇਂ ਹੀ ਪੁੱਛ ਲਿਆ, "ਮਹਾਂਪੁਰਖੋ, ਤੁਸੀਂ ਰੇਬ ਪਜਾਮਾ ਪਾਉਂਦੇ ਹੋ, ਸਾਨੂੰ ਤਾਂ ਵਿਖਾਉ।" ਅੱਗੇ ਭੁੱਚੋ ਵਾਲੇ ਜਦੋਂ ਕਿਤੇ ਆਪ ਸ਼ਾਹੀ ਲਿਬਾਸ ਪਹਿਨਦੇ ਸਨ ਤਾਂ ਰੇਬ ਪਜਾਮਾ ਆਪ ਜੀ ਵੀ ਉਸ ਸਮੇਂ ਪਹਿਨਦੇ ਸਨ। ਸਭ ਕੁਝ ਜਾਣਦੇ ਹੋਏ ਭੋਲੇ-ਭਾਅ ਵਿਚਰਦੇ ਸਨ। ਜਿਵੇਂ ਭਾਈ ਗੁਰਦਾਸ ਜੀ ਨੇ ਦੱਸਿਆ ਹੈ:

**ਗੁਰ ਸਿਖੀ ਗੁਰ ਸਿਖ ਸੁਣ**
**ਅੰਦਰਹੁ ਸਿਆਣਾ ਬਾਹਰਹੁ ਭੋਲਾ॥**

ਉਹਨਾਂ ਦਾ ਵਰਤਮਾਨ ਇਉਂ ਸੀ। ਉਪਰੰਤ ਬਾਬਾ ਅਨੰਦ ਸਿੰਘ ਜੀ ਨੇ ਬੇਨਤੀ ਕੀਤੀ, "ਹਾਂ ਗਰੀਬ ਨਿਵਾਜ, ਅਸੀਂ ਰੇਬ ਪਜਾਮਾ ਤਾਂ ਪਾਉਂਦੇ ਹਾਂ, ਸਾਨੂੰ ਗੀਂਹ ਦਾ ਦਰਦ ਹੈ। ਇਸ ਨਾਲ ਕੁਝ ਆਰਾਮ ਰਹਿੰਦਾ ਹੈ।" ਅੱਗੋਂ ਭੁੱਚੋ ਵਾਲਿਆਂ ਨੇ ਬਚਨ ਕੀਤਾ, "ਰਿਖੀ ਜੀ, ਤੁਸੀਂ ਸਾਡੇ ਆਸਣ ਉੱਤੇ ਚਰਨ ਰੱਖ ਕੇ ਸਾਨੂੰ ਰੇਬ ਪਜਾਮਾ ਦਿਖਾਉ।" ਫਿਰ ਕਲੇਰਾਂ ਵਾਲਿਆਂ ਨੇ ਬੇਨਤੀ ਕੀਤੀ, "ਗਰੀਬ ਨਿਵਾਜ, ਦਇਆ ਕਰੋ। ਤੁਹਾਡੇ ਆਸਣ ਉੱਤੇ ਪੈਰ ਰੱਖਣ ਵਾਲਾ ਮੈਂ ਕੌਣ ਹਾਂ।" ਫਿਰ ਭੁੱਚੋ ਵਾਲਿਆਂ ਨੇ ਹੱਸ ਕੇ ਬਚਨ ਕੀਤਾ, "ਮਹਾਂਪੁਰਖੋ, ਤੁਸੀਂ ਜ਼ਰੂਰ ਸਾਡੇ ਕੋਲ ਮੰਜੇ ਉੱਤੇ ਪੈਰ ਰੱਖੋ, ਅਸੀਂ ਰੇਬ ਪਜਾਮਾ ਵੇਖਣਾ ਹੈ।" ਕਈ ਵਾਰ ਬਚਨ ਕਰਨ ਉਪਰੰਤ ਬਾਬਾ ਅਨੰਦ ਸਿੰਘ ਜੀ ਨੇ ਹੌਲੀ-ਹੌਲੀ ਆਪਣੀ ਇਕ ਲੱਤ ਚੁੱਕ ਕੇ ਭੁੱਚੋ ਵਾਲਿਆਂ ਦੇ ਆਸਣ ਉੱਤੇ ਮੰਜੇ ਦੇ ਸੇਰੂ ਉੱਤੇ ਰੱਖ ਕੇ ਕਿਹਾ, "ਲਉ ਗਰੀਬ ਨਿਵਾਜ,

ਵੇਖ ਲਉ।" ਫਿਰ ਭੁੱਚੋ ਵਾਲਿਆਂ ਨੇ ਬਾਬਾ ਜੀ ਦੇ ਰੇਬ ਪਜਾਮੇ ਨੂੰ ਚਰਨਾਂ ਦੀ ਅੱਡੀ ਕੋਲੋਂ ਲੜ ਫੜ ਕੇ ਹੇਠਾਂ ਤੋਂ ਉਸ ਦੀਆਂ ਇਕੱਲੀਆਂ-ਇਕੱਲੀਆਂ ਚੂੜੀਆਂ ਗਿਣੀਆਂ। ਫਿਰ ਉਪਰੋਂ ਹੇਠਾਂ ਨੂੰ ਗਿਣਦੇ ਗਏ। ਕਈ ਵਾਰ ਗਿਣਤੀ ਕਰਨ ਉਪਰੰਤ ਬਚਨ ਕੀਤਾ, "ਸ਼ੁੱਧ ਹੈ, ਮਹਾਂਪੁਰਖੋ ਸ਼ੁੱਧ ਹੈ।" ਅਖ਼ੀਰ 'ਤੇ ਬਚਨ ਕੀਤਾ, "ਨੰਦੋ ਕੁੜੀ ਨੇ ਸੁੱਥਣ ਸੁਆਈ ਪੌਂਚੇ ਰੱਖ ਲਏ ਭੀੜੇ ਮਤਲਬ ਅਜਰ ਵਸਤੂ ਨੂੰ ਜਰ ਲੈਣਾ।" ਲੇਖਕ ਵੱਲੋਂ ਬੇਨਤੀ ਹੈ ਕਿ ਸਤਿਗੁਰੂ ਬਖ਼ਸ਼ ਲਵੇ, ਇਹ ਬਚਨ ਹੋਇਆ ਕਰਕੇ ਲਿਖਿਆ। ਲਿਖੇ ਬਿਨਾ ਹੋਰ ਚਾਰਾ ਨਹੀਂ ਸੀ, ਬਾਬਾ ਜੀ ਬਖ਼ਸ਼ਿੰਦ ਹਨ। ਸਾਧ ਸੰਗਤ ਜੀ ਦਾਸ ਲੇਖਕ ਦੇ ਅਖ਼ੀਰਲੇ ਪ੍ਰਸੰਗ ਹਨ ਖਿਮਾ ਕਰਨਾ। ਦਾਸ ਸਤਿਨਾਮ ਸਿੰਘ।

(ਇਹ ਪ੍ਰਸੰਗ ਮਾਤਾ-ਪਿਤਾ ਪਾਸੋਂ ਸੁਣਿਆ।)

## ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ ॥
## ਗੁਰ ਬਚਨੀ ਹਰਿ ਨਾਮੁ ਉਚਰੈ ॥

ਇਕ ਵਾਰ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਹੁਕਮ ਕੀਤਾ, "ਡਰੋਲੀ ਵਾਲਾ ਰਤਨ ਸਿੰਘ ਅਤੇ ਨੀਲਾ ਸਿੰਘ ਨੂੰ ਹਾਜ਼ਰ ਕਰੋ।" ਹੁਕਮ ਉਪਰੰਤ ਦੋਵੇਂ ਹਾਜ਼ਰ ਹੋਏ ਤਾਂ ਇਹਨਾਂ ਨੂੰ ਹੁਕਮ ਕੀਤਾ, "ਤੁਸੀਂ ਦੋਵੇਂ ਬਠਿੰਡੇ ਪਹੁੰਚੋ, ਉਥੇ ਇਕ ਰੇਲ ਤੋਂ ਉਤਰ ਕੇ ਇਕ ਪੀਰ ਤੇ ਇਕ ਉਸ ਦਾ ਚੇਲਾ ਨਾਲ ਹੈ, ਉਹਨਾਂ ਨੂੰ ਲੈ ਆਉ।" ਹੁਕਮ ਅਨੁਸਾਰ ਭਾਈ ਨੀਲਾ ਸਿੰਘ ਤੇ ਰਤਨ ਸਿੰਘ ਡਰੋਲੀ ਦੋਹਾਂ ਨੂੰ ਲੈ ਕੇ ਭੁੱਚੋ ਪਹੁੰਚੇ। ਇਹਨਾਂ ਨੇ ਚਰਨਾਂ ਵਿਚ ਹਾਜ਼ਰ ਹੋ ਕੇ ਸਿਰ ਝੁਕਾਇਆ ਉਪਰੰਤ ਹਜ਼ੂਰ ਨੇ ਇਸ ਪੀਰ ਨੂੰ 'ਨਾਗਪੁਰ ਵਾਲਾ' ਕਹਿ ਕੇ ਬੁਲਾਇਆ ਤੇ ਸੁਖ ਅਨੰਦੁ ਪੁੱਛੀ। ਇਸ ਪੀਰ ਦੀ ਉਮਰ ਉਸ ਸਮੇਂ ਬਹੁਤ ਵੱਡੀ ਸੀ। ਇਸ ਦੇ ਪਹਿਲੋਂ ਬਾਬਾ ਜੀ ਨਾਲ ਮਿਲਣ ਦਾ ਪ੍ਰਸੰਗ ਪਹਿਲੇ ਹਿੱਸੇ ਵਿਚ ਆ ਚੁੱਕਾ ਹੈ। ਇਸ ਸਮੇਂ ਇਸ ਨਾਲ ਬਚਨ ਕਰਦਿਆਂ ਹੋਇਆਂ ਬਾਬਾ ਜੀ ਨੇ ਕਿਹਾ, "ਤੂੰ ਆਪਣੀ ਬਿਰਤੀ ਉਪਰ ਨੂੰ ਚੁੱਕ ਅਸਲੀ

ਥਾਂਅ ਤਾ ਉੱਤੇ ਹੈ। ਜਿਥੇ ਤੂੰ ਖੜਾ ਹੈਂ ਇਥੇ ਕੁਝ ਨਹੀਂ।" ਉਪਰੰਤ ਇਸ ਉੱਤੇ ਮੇਹਰ ਦੀ ਨਿਗਾਹ ਹੋਈ।

**ਕ੍ਰਿਪਾ ਕਟਾਖ੍ ਅਵਲੋਕਨੁ ਕੀਨੋ ਦਾਸ ਕਾ ਦੂਖੁ ਬਿਦਾਰਿਓ ॥**

ਉਪਰੰਤ ਕੁਝ ਦਿਨ ਭੁੱਚੋ ਰਹਿਣ ਤੇ ਇਸ ਨੂੰ ਵਿਦਾ ਕੀਤਾ ਹੁਕਮ ਅਨੁਸਾਰ ਭਾਈ ਰਤਨ ਸਿੰਘ ਡਰੋਲੀ ਅਤੇ ਨੀਲਾ ਸਿੰਘ ਇਸ ਨੂੰ ਬਠਿੰਡੇ ਤਕ ਛੱਡ ਆਏ।

# ਕਾਹੇ ਭ੍ਰਮਤ ਹਉ ਤੁਮ ਭ੍ਰਮਹੁ ਨ ਭਾਈ ਰਵਿਆ ਰੇ ਰਵਿਆ ਸ੍ਰਬ ਥਾਨ ॥੧॥

ਇਕ ਵਾਰ ਭਾਈ ਰਤਨ ਸਿੰਘ ਡਰੋਲੀ ਨੇ ਹਜ਼ੂਰ ਤੋਂ ਘਰ ਆਉਣ ਦੀ ਆਗਿਆ ਮੰਗੀ। ਹਜ਼ੂਰ ਨੇ ਬਚਨ ਕੀਤਾ, "ਸ਼ੁੱਧ ਹੈ।" ਸਵੇਰੇ ਚਲੇ ਜਾਣਾ। ਰਾਤ ਬੀਤਣ ਉਪਰੰਤ ਹੁਕਮ ਕੀਤਾ, "ਡਰੋਲੀ ਵਾਲੇ ਰਤਨ ਸਿੰਘ ਨੂੰ ਹਾਜ਼ਰ ਕਰੋ।" ਤੇ ਫਿਰ ਮੁਣਸ਼ੀ ਹਰਦਿੱਤ ਸਿੰਘ ਨੂੰ ਹੁਕਮ ਹੋਇਆ, "ਆਉਣ ਜਾਣ ਦਾ ਕਿਰਾਇਆ ਹਿਸਾਬ ਕਰ ਕੇ ਦੱਸੋ।" ਮੁਣਸ਼ੀ ਹਰਦਿੱਤ ਸਿੰਘ ਨੇ ਹੁਕਮ ਅਨੁਸਾਰ ਹਿਸਾਬ ਕਰ ਕੇ ਸੁਣਾਇਆ। ਸੁਣਨ ਉਪਰੰਤ ਹਜ਼ੂਰ ਨੇ ਬਚਨ ਕੀਤਾ, "ਇਹ ਥੋੜ੍ਹਾ ਹੈ। ਹੋਰ ਦਿਉ ਇਸ ਨੇ ਲੁਧਿਆਣੇ ਵਿਚੋਂ ਹੋ ਕੇ ਜਾਣਾ ਹੈ।" ਤੇ ਫਿਰ ਬਚਨ ਕੀਤਾ, "ਤੂੰ ਵਾਣ ਵੱਟਣੇ ਕੋਲੋਂ ਹੋ ਕੇ ਅੱਗੇ ਜਾਣਾ ਹੈ।" ਅੱਗੇ ਭਾਈ ਡਰੋਲੀ ਨੇ ਕਿਹਾ, ਜੀ ਹਾਂ! ਮਨ ਵਿਚ ਤਾਂ ਇਵੇਂ ਹੀ ਹੈ।" ਹਜ਼ੂਰ ਨੇ ਬਚਨ ਕੀਤਾ, "ਵਾਣ ਵੱਟਣਾ ਤੈਨੂੰ ਵੀਹ ਕਰਮਾਂ ਅੱਗੇ ਹੋ ਕੇ ਮਿਲੇਗਾ।" ਉਪਰੰਤ ਹਜ਼ੂਰ ਨੇ ਖ਼ੁਸ਼ੀ ਬਖ਼ਸ਼ੀ ਬਚਨ ਕੀਤਾ, "ਆਉਂਦਾ ਜਾਂਦਾ ਨਿੱਤਨੇਮ ਕਰਦਾ ਰਹੀਂ ਤੇ ਘਰ ਇਕ ਰਾਤ ਹੀ ਕੱਟਣੀ।" ਆਗਿਆ ਮਿਲਣ ਉਪਰੰਤ ਭਾਈ ਡਰੋਲੀ ਭੁੱਚੋਂ ਤੋਂ ਗੱਡੀ ਚੜ੍ਹ ਕੇ ਲੁਧਿਆਣੇ ਉਤਰੇ। ਅੱਗੇ ਨੇੜੇ ਹੀ ਰੇਲ ਦੇ ਪੁੱਲ ਹੇਠ ਉਸ (ਵਾਣ ਵੱਟਣਾ) ਦਾ ਟਿਕਾਣਾ ਸੀ। ਡਰੋਲੀ ਜੀ ਦੇ ਪਹੁੰਚਣ ਤੋਂ ਪਹਿਲਾਂ ਵਾਣ ਵੱਟਣਾ ਸੰਤ

ਕਿਸੇ ਸੱਟਾ ਪੁੱਛਣ ਵਾਲੇ ਮਗਰ ਸੋਟਾ ਲੈ ਕੇ ਦੌੜਿਆ ਸੀ ਕਿਉਂਕਿ ਸੱਟਾ ਪੁੱਛਣ ਵਾਲੇ ਬਹੁਤ ਤੰਗ ਕਰਦੇ ਸਨ। ਡਰੋਲੀ ਜੀ ਦੇ ਉਥੇ ਪਹੁੰਚਣ ਸਮੇਂ ਸੰਤ ਵਾਟ ਵੱਟਣਾ ਜੀ ਉਥੇ ਹੀ ਖੜੇ ਹੋ ਗਏ ਅਤੇ ਬਚਨ ਕੀਤਾ ਸਿੱਖਾ ਪਹਿਲਾ ਕਰਮਾਂ ਪੂਰੀਆਂ ਕਰ ਲੈ ਅਗਲੀ ਗੱਲ ਫਿਰ ਕਰਾਂਗੇ। ਉਪਰੰਤ ਭਾਈ ਰਤਨ ਸਿੰਘ ਡਰੋਲੀ ਨੇ ਕਰਮਾਂ ਮਿਣੀਆਂ, ਸੰਤ ਜੀ ਵੀ ਨਾਲ ਹੀ ਗਿਣਤੀ ਕਰਦੇ ਰਹੇ। ਫਿਰ ਬਚਨ ਕੀਤਾ ਕਿਉਂ ਸਿੱਖਾ ਠੀਕ ਹੈ। ਤੇਰੀ ਹੋ ਗਈ ਤਸੱਲੀ।

ਦਾਤਿਆਂ ਦੇ ਦਾਤੇ ਕੋਲੋਂ ਆ ਕੇ ਮੰਗਤਿਆਂ ਕੋਲ ਕੀ ਲੈਣ ਆਇਆ ਹੈਂ।

**ਜਾ ਕੋ ਠਾਕੁਰੁ ਊਚਾ ਹੋਈ॥**
**ਸੋ ਜਨੁ ਪਰ ਘਰ ਜਾਤ ਨ ਸੋਹੀ॥੧॥**

*(ਅੰਗ ੩੩੦)*

**ਸਤਿਗੁਰ ਸਾਹਿਬ ਛਡ ਕੈ ਮੰਗਤਿਆਂ ਨੋ ਮੰਗਣ ਜਾਹੀ॥**

ਇਸ ਤੋਂ ਬਾਅਦ ਭਾਈ ਰਤਨ ਸਿੰਘ ਡਰੋਲੀ ਜੋ ਪ੍ਰਸ਼ਾਦ ਲੈ ਗਿਆ ਸੀ, ਉਸ ਪ੍ਰਸ਼ਾਦ ਵਿਚੋਂ ਸੰਤ ਜੀ ਨੇ ਕੁਝ ਲੈ ਕੇ ਆਪ ਛਕਿਆ ਅਤੇ ਹੋਰ ਪਰਮਾਰਥ ਦੇ ਕਈ ਬਚਨ ਕੀਤੇ। ਠੀਕ ਇਸ ਸਮੇਂ ਇਕ ਕੋਈ ਪ੍ਰੇਮੀ ਸੰਤ ਜੀ ਵਾਣ ਵੱਟਣੇ ਕੋਲ ਆਇਆ। ਉਸ ਵੱਲ ਵੇਖ ਕੇ ਸੰਤ ਜੀ ਨੇ ਕਿਹਾ ਅਜੇ ਮੈਂ ਸਤਿਗੁਰਾਂ ਦੇ ਸੇਵਕ ਨਾਲ ਗੱਲ ਬਾਤ ਕਰ ਰਿਹਾ ਹਾਂ, ਤੂੰ ਫਿਰ ਕਿਤੇ ਆਈਂ। ਉਪਰੰਤ ਉਸ ਪ੍ਰੇਮੀ ਨੂੰ ਤੋਰ ਦਿੱਤਾ। ਕੁਝ ਸਮੇਂ ਬਾਅਦ ਭਾਈ ਤਰਨ ਸਿੰਘ ਡਰੋਲੀ ਨੂੰ ਤੋਰ ਦਿੱਤਾ ਨਾਲ ਬਚਨ ਕੀਤਾ ਕਿ ਉਹ ਦਰ ਛੱਡ ਕ ਕਿਤੇ ਭਟਕਣ ਦੀ ਲੋੜ ਨਹੀਂ ਅਤੇ ਭਾਈ ਰਤਨ ਸਿੰਘ ਡਰੋਲੀ ਆਪਣੇ ਨਗਰ ਡਰੋਲੀ ਹੁਕਮ ਅਨੁਸਾਰ ਇਕ ਰਾਤ ਰਹਿਣ ਬਾਅਦ ਭੁੱਚੋ ਸੇਵਾ ਵਿਚ ਹਾਜ਼ਰ ਹੋ ਗਏ ਅਤੇ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਹੱਸ ਕੇ ਬਚਨ ਕੀਤਾ, "ਕਿਉਂ ਫੇਰ ਵਾਣ ਵੱਟਣਾ ਸੰਤ ਕੀ ਬੋਲਿਆ ?" ਹੁਕਮ ਅਨੁਸਾਰ ਜੋ ਕੁਝ ਸੰਤ ਜੀ ਵਾਣ ਵੱਟਣੇ ਨੇ ਕਹਿਆ ਸੀ, ਅੱਖਰ- ਅੱਖਰ ਉਸੇ ਤਰ੍ਹਾਂ ਬੋਲ ਕੇ ਦੱਸਿਆ। ਹਜ਼ੂਰ ਨੇ ਬਚਨ ਕੀਤਾ, "ਤੇਰਾ ਸਾਰਾ ਕੰਮ ਹੋ ਗਿਆ

ਸ਼ੁੱਧ ਹੈ।" ਉਪਰੰਤ ਸੰਤ ਵਾਣ ਵੱਟ ਜੀ ਨੇ ਜੋ ਬਚਨ ਪਰਮਾਰਥ ਦੇ ਭਾਈ ਡਰੋਲੀ ਨਾਲ ਕੀਤੇ ਹਜ਼ੂਰ ਨੇ ਉਹ ਵੀ ਦੱਸੇ। ਇਹ ਮਹਤਾਮਾ ਸੂਫ਼ੀ ਮੱਤ ਦਾ ਮੁਸਲਮਾਨ ਜਾਮੇ ਵਿਚ ਸੀ। ਪਹਿਲਾਂ ਕਿਸੇ ਸਮੇਂ ਲਾਹੌਰ ਵਿਚ ਵੀ ਰਹੇ ਹਨ। ਕਿਸੇ ਸਮੇਂ ਸਰਕਾਰੀ ਨੌਕਰੀ ਵੀ ਕੀਤੀ ਹੈ ਅਤੇ ਗ੍ਰਹਿਸਤੀ ਸਨ। ਲੁਧਿਆਣੇ ਵਿਚ ਬਹੁਤ ਸਾਲ ਟਿਕੇ ਰਹੇ ਅਤੇ ਰਾਮਗੜ੍ਹੀਆ ਗੁਰਦੁਆਰੇ ਦੇ ਕੋਲ ਇਹਨਾਂ ਦਾ ਅੰਤਮ ਅਸਥਾਨ ਹੈ। ਇਹਨਾਂ ਨੂੰ ਫੂਸ ਵਾਲਾ ਬਾਬਾ ਜੀ ਆਖ ਕੇ ਲੋਕ ਯਾਦ ਕਰਦੇ ਹਨ।

## ਤੇਰਾ ਭਾਣਾ ਸਭੁ ਕਿਛੁ ਹੋਵੈ ॥<br>ਮਨ ਹਠਿ ਕੀਚੈ ਅੰਤਿ ਵਿਗੋਵੈ ॥

ਬੀਮਾਰ ਬੰਦਾ ਡਾਕਟਰ ਕੋਲ ਇਲਾਜ ਵਾਸਤੇ ਜਾਂਦਾ ਹੈ। ਡਾਕਟਰ ਉਸ ਨੂੰ ਬੀਮਾਰੀ ਦੇ ਇਲਾਜ ਵਾਸਤੇ ਦੁਆਈ ਦਿੰਦਾ ਹੈ। ਨਾਲ ਦੁਆਈ ਖਾਣ ਦਾ ਤਰੀਕਾ ਅਤੇ ਪ੍ਰਹੇਜ ਦੱਸਦਾ ਹੈ। ਮਰੀਜ਼ ਨੂੰ ਡਾਕਟਰ ਦੀ ਰਾਇ ਅਨੁਸਾਰ ਸਭ ਕੁਝ ਕਰਨ ਦੀ ਅਤਿਅੰਤ ਲੋੜ ਹੁੰਦੀ ਹੈ। ਜੇ ਬੀਮਾਰ ਡਾਕਟਰ ਦੀ ਰਾਇ ਅਨੁਸਾਰ ਸਭ ਕੁਝ ਕਰੇਗਾ ਤਾਂ ਬੀਮਾਰੀ ਹਟੇਗੀ। ਤੰਦਰੁਸਤੀ ਆਏਗੀ। ਜੇ ਬੀਮਾਰ ਆਪਣੀ ਮਰਜ਼ੀ ਅਨੁਸਾਰ ਚੱਲੇ, ਡਾਕਟਰ ਦੀ ਨਸੀਹਤ ਉੱਤੇ ਅਮਲ ਨਾ ਕਰੇ, ਡਾਕਟਰ ਚਾਹੇ ਕਿਤਨਾ ਸਮਝਦਾਰ ਕਿਉਂ ਨਾ ਹੋਵੇ, ਕਿੰਨੀ ਚੰਗੀ ਦੁਆਈ ਦੇਵੇ, ਬੀਮਾਰ ਤੰਦਰੁਸਤ ਨਹੀਂ ਹੋ ਸਕਦਾ। ਇਸੇ ਤਰ੍ਹਾਂ ਮਹਾਂ ਪੁਰਖ ਦੇ ਹੁਕਮ ਅਨੁਸਾਰ ਉਹਨਾਂ ਦੇ ਪਾਸ ਰਹਿ ਕੇ ਸਮਾਂ ਬਤੀਤ ਕਰੇ ਫਿਰ ਜਗਿਆਸੂ ਦੇ ਦੁੱਖ ਤਕਲੀਫ਼ ਹਟ ਸਕਦੇ ਹਨ। ਜੇ ਇਸੇ ਤਰ੍ਹਾਂ ਪੂਰਨ ਮਹਾਂ ਪੁਰਖ ਦਾ ਵੀ ਜੇ ਬਚਨ ਨਾ ਮੰਨੇ ਸੰਸਾਰੀ ਜੀਵ ਕੁਝ ਪ੍ਰਾਪਤ ਨਹੀਂ ਕਰ ਸਕਦਾ। ਕਬੀਰ ਜੀ ਦਾ ਬਚਨ ਹੈ:

**ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ ॥**

ਇਸੇ ਤਰ੍ਹਾਂ ਹੀ ਇਕ ਸਿੱਖ ਮੇਵਾ ਸਿੰਘ ਨਾਮ ਦਾ ਸੀ, ਜਿਸ ਦਾ ਨਗਰ ਕੋਰੇ ਵਾਲਾ ਡਰੋਲੀ ਭਾਈ ਦੇ ਵਿਚੋਂ ਹੀ ਆਬਾਦ ਹੋਇਆ ਹੈ। ਇਸ ਭਾਈ

ਮੇਵਾ ਸਿੰਘ ਦੇ ਘਰ ਵਿਚ ਕੋਈ ਕੁਦਰਤੀ ਹੀ ਵਿਘਨ ਪੈਦਾ ਹੋਇਆ ਸੀ। ਜਿਸ ਦੇ ਨਾਲ ਸਾਰਾ ਘਰ ਅਤੇ ਪਰਿਵਾਰ ਦੁਖੀ ਸੀ। ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਕੇ ਨਿਰਾਸ ਹੋ ਕੇ ਇਹ ਸ. ਮੇਵਾ ਸਿੰਘ ਵੀ ਭੁੱਚੋ ਅੱਪੜਿਆ। ਪਹਿਲਾਂ ਤਾਂ ਭਾਈ ਰਤਨ ਸਿੰਘ ਡਰੋਲੀ ਦਾ ਜਾਣੂ ਹੋਣ ਕਰ ਕੇ ਇਸ ਨੂੰ ਘਰ ਦੀ ਤਕਲੀਫ਼ ਦੱਸੀ ਅਤੇ ਨਾਲ ਹੀ ਬਾਬਾ ਮਹਾਂ ਹਰਿਨਾਮ ਸਿੰਘ ਜੀ ਪਾਸ ਆਪਣੀ ਬਾਬਤ ਸਿਫ਼ਾਰਸ਼ ਕਰਨ ਲਈ ਕਿਹਾ, ਸੁਣ ਕੇ ਭਾਈ ਰਤਨ ਸਿੰਘ ਡਰੋਲੀ ਨੇ ਦੱਸਿਆ। ਮੇਵਾ ਸਿੰਘ ਇਸ ਅਸਥਾਨ ਉੱਤੇ ਜਿਸ ਨੂੰ ਵੀ ਬਾਬਾ ਜੀ ਸੇਵਾ ਦਿੰਦੇ ਹਨ, ਸਭ ਵਾਸਤੇ ਇਹੋ ਹੀ ਸ਼ਰਤ ਹੁੰਦੀ ਹੈ ਕਿਸੇ ਨੇ ਕਿਸੇ ਦੀ ਸਿਫ਼ਾਰਸ਼ ਨਹੀਂ ਕਰਨੀ। ਆਪ ਬਾਬਾ ਜੀ ਕਿਸੇ ਨੂੰ ਰੱਖਣ ਜਾਂ ਤੋਰਨ ਕਿਸੇ ਦਾ ਕੰਮ ਕਰਨ, ਨਾ ਕਰਨ। ਸੁਣ ਕੇ ਮੇਵਾ ਸਿੰਘ ਨੇ ਹੈਰਾਨ ਹੋ ਕੇ ਆਖਿਆ ਇਹ ਤਾਂ ਨਵੀਂ ਗੱਲ ਹੈ ਹਰ ਇਕ ਦੇ ਦੁੱਖ ਤਕਲੀਫ਼ ਦਾ ਇਹਨਾਂ ਨੂੰ ਕਿਵੇਂ ਪਤਾ ਲੱਗਦਾ ਹੈ। ਅੱਗੋਂ ਭਾਈ ਰਤਨ ਸਿੰਘ ਨੇ ਕਿਹਾ ਮੇਵਾ ਸਿੰਘ ਇਹਨਾਂ ਤੋਂ ਭਾਵ ਕਿ ਬਾਬਾ ਜੀ ਤੋਂ ਕੁਝ ਨਹੀਂ ਭੁੱਲਿਆ ਇਥੇ ਤਾਂ ਅੰਤਰਜਾਮੀ ਜਾਨੈ ॥ ਬਿਨੁ ਬੋਲਤ ਆਪਿ ਪਛਾਨੈ ॥੩॥ ਵਾਲੀ ਗੱਲ ਪ੍ਰਤੱਖ ਵਰਤਦੀ ਹੈ ਸਾਡੇ ਸਾਹਮਣੇ। ਤੂੰ ਇਕ ਵਾਰ ਦਰਸ਼ਨ ਤਾਂ ਕਰ।" ਮੇਵਾ ਸਿੰਘ ਜਿਸ ਸਮੇਂ ਬਾਬਾ ਜੀ ਦੇ ਸਾਹਮਣੇ ਆਇਆ, ਆਪਣੇ ਆਪ ਹੀ ਬਾਬਾ ਜੀ ਨੇ ਬੜੀ ਗਰਜਵੀਂ ਆਵਾਜ਼ ਵਿਚ ਬਚਨ ਕੀਤਾ, "ਆ ਬਈ ਕੋਰੇ ਵਾਲੇ ਵਾਲਿਆ ਮੇਵਾ ਸਿੰਆਂ, ਭੂਤ-ਪ੍ਰੇਤ ਘਰ ਵਿਚ ਵਾੜ ਕੇ, ਮੁਸਲਮਾਨਾਂ ਫ਼ਕੀਰਾਂ ਨਾਲ ਲੜ ਕੇ ਝਗੜ ਕੇ ਤੈਂ ਕੀ ਸੁਖ ਪਾਇਆ ਤੇਰੇ ਘਰ ਦੇ ਜੀ ਤਾਂ ਦੁਖੀ ਹੋਣੇ ਸੀ। ਪਸ਼ੂ ਵੀ ਦੁਖੀ ਹਨ।" ਉਪਰੰਤ ਹੋਰ ਵੀ ਕਈ ਬਚਨ ਗੁਪਤ ਪ੍ਰਗਟ ਘਰ ਵਿਚ ਹੋਏ ਜਾਂ ਹੋ ਰਹੇ ਸੀ ਸਭ ਦੱਸੇ। ਸੁਣਨ ਸਾਰ ਮੇਵਾ ਸਿੰਘ ਦਾ ਸਰੀਰ ਪਾਣੀ-ਪਾਣੀ ਹੋ ਗਿਆ ਅਤੇ ਇਸ ਸਮੇਂ ਸਿਰ ਝੁਕਾ ਕੇ ਬੈਠ ਗਿਆ ਅਤੇ ਬੇਨਤੀ ਕੀਤੀ, "ਗਰੀਬ ਨਿਵਾਜ਼! ਕ੍ਰਿਪਾ ਕਰੋ ਮੈਂ ਬਹੁਤ ਦੁਖੀ ਹਾਂ।" ਫਿਰ ਬਾਬਾ ਜੀ ਨੇ ਬਚਨ ਕੀਤਾ, "ਤੈਨੂੰ ਚਾਲੀ ਦਿਨ ਇਥੇ ਰਹਿਣਾ ਪਵੇਗਾ। ਤੇਰੇ ਘਰ ਦਾ ਦੁੱਖ ਦਰਦ ਸਭ ਕੱਟਿਆ ਜਾਏਗਾ। ਤੇਰੇ ਘਰ ਦੇ ਵਿਚ ਤੱਤੀਆਂ ਹਵਾਵਾਂ ਵਗਦੀਆਂ ਹਨ। ਠੰਡੀਆਂ ਠਾਰ ਹੋਣ ਤੋਂ ਬਾਅਦ ਤੈਨੂੰ ਤੋਰਾਂਗੇ।" ਅਤੇ ਮੇਵਾ ਸਿੰਘ ਨੇ ਸਤਿ ਬਚਨ ਕੀਤਾ ਹਜ਼ੂਰ ਨੇ ਬਚਨ ਕੀਤਾ, "ਸ਼ੁੱਧ ਹੈ।"

ਉਪਰੰਤ ਹਜ਼ੂਰ ਨੇ ਬਚਨ ਕੀਤਾ, "ਇਸ ਕੋਰੇ ਵਾਲੀਏ ਨੂੰ ਇਕ ਪੱਲੀ ਦੇ ਦਿਉ ਉਸ ਵਣ ਹੇਠ ਪਾ ਦਿਉ।" ਜਿਥੇ ਹੁਕਮ ਸੀ ਵਣ ਹੇਠ ਪਾ ਦਿੱਤਾ। ਇਸ ਮੇਵਾ ਸਿੰਘ ਨੂੰ ਗੱਲਾਂ ਕਰਨ ਦਾ ਸੁਭਾਅ ਸੀ ਇਥੇ ਨਾ ਕੋਈ ਆਵੇ ਨਾ ਆ ਕੇ ਬੁਲਾਵੇ। ਜਦੋਂ ਕੋਈ ਕੋਲ ਹੀ ਨਾ ਆਵੇ ਗੱਲਾਂ ਕਿਸੇ ਨਾਲ ਕਰ ਸਕੇ। ਇਥੇ ਬਿਨਾਂ ਭਾਈ ਰਤਨ ਸਿੰਘ ਡਰੋਲੀ ਤੋਂ ਕਿਸੇ ਨਾਲ ਜਾਣ ਪਛਾਣ ਵੀ ਨਹੀਂ ਸੀ। ਬਾਬਾ ਜੀ ਨੇ ਸਭ ਸੇਵਕਾਂ ਨੂੰ ਹੁਕਮ ਅਨੁਸਾਰ ਵਾਧੂ ਗੱਲਾਂ ਤੋਂ ਰੋਕਿਆ ਸੀ ਸਭ ਨੂੰ ਕੋਈ ਨਾ ਕੋਈ ਸੇਵਾ ਦਿੱਤੀ ਹੋਈ ਸੀ। ਉਸ ਸਮੇਂ ਇਸ ਨੂੰ ਇਕੱਲੇ ਨੂੰ ਬੜੀ ਤਕਲੀਫ਼ ਹੋਈ। **ਬੋਲਤ ਬੋਲਤ ਬਢਹਿ ਬਿਕਾਰਾ॥ ਬਿਨੁ ਬੋਲੇ ਕਿਆ ਕਰਹਿ ਬੀਚਾਰਾ॥** ਦੇ ਕਥਨ ਅਨੁਸਾਰ ਬੜੀ ਮੁਸ਼ਕਲ ਨਾਲ ਦੋ ਕੁ ਦਿਨ ਕੱਟੇ ਤੀਜੇ ਦਿਨ ਬੜਾ ਔਖਾ ਹੋ ਕੇ ਪਹਿਲਾਂ ਭਾਈ ਰਤਨ ਸਿੰਘ ਡਰੋਲੀ ਪਾਸ ਗਿਆ ਅਤੇ ਕਹਿਣ ਲੱਗਾ, "ਰਤਨ ਸਿੰਆਂ! ਮੈਂ ਬੜਾ ਔਖਾ ਹਾਂ।" ਡਰੋਲੀ ਨੇ ਪੁੱਛਿਆ, "ਕਿਉਂ ਮੇਵਾ ਸਿੰਘ! ਤੈਨੂੰ ਕੀ ਔਖਿਆਈ ਹੈ।" ਕਹਿਣ ਲੱਗਾ, "ਰਤਨ ਸਿਆਂ ਏਥੇ ਚਾਲੀ ਦਿਨ ਕਦੋਂ ਪੂਰੇ ਹੋਣਗੇ। ਮੈਂ ਤਾਂ ਦੋ ਦਿਨ ਮਸਾਂ ਪੂਰੇ ਕੀਤੇ ਹਨ। ਚੱਲ ਮੈਨੂੰ ਸੰਤਾਂ ਕੋਲ ਲੈ ਚੱਲ।" ਡਰੋਲੀ ਜੀ ਕਹਿਣ, "ਲੱਗੇ ਮੈਂ ਤੇਰੇ ਨਾਲ ਨਾ ਅੱਗੇ ਤੁਰਿਆ ਹਾਂ ਤੇ ਨਾ ਹੁਣ ਜਾਣਾ ਹੈ। ਕਿਉਂਕਿ ਸਾਨੂੰ ਹੁਕਮ ਨਹੀਂ ਹੈ। ਤੂੰ ਆਪੇ ਜਾ ਕੇ ਬੇਨਤੀ ਕਰ ਲੈ।" ਇਸ ਤੋਂ ਬਾਅਦ ਆਪੇ ਹੀ ਬਾਬਾ ਜੀ ਪਾਸ ਗਿਆ ਪਰ ਕੁਝ ਬੋਲ ਨਾ ਸਕਿਆ ਮੁੜ ਆਇਆ। ਇਕ-ਅੱਧਾ ਦਿਨ ਹੋਰ ਕੱਟਿਆ ਅਗਲੇ ਦਿਨ ਬੁੱਧਵਾਰ ਸੀ ਬਾਬਾ ਜੀ ਸਭ ਨੂੰ ਬੁਲਾ ਕੇ ਇਕੱਲੇ-ਇਕੱਲੇ ਨੂੰ ਪੁੱਛਿਆ ਕਰਦੇ ਸਨ। ਤੂੰ ਸੇਵਾ ਕਿਸ ਮਨੋਰਥ ਵਾਸਤੇ ਕਰਦਾ ਹੈ ਹੁਕਮ ਅਨੁਸਾਰ ਸਭ ਦੱਸਿਆ ਕਰਦੇ ਸਨ। ਇਸ ਦਿਨ ਇਸ ਮੌਕੇ ਉੱਤੇ ਮੇਵਾ ਸਿੰਘ ਭੀ ਪਹੁੰਚ ਗਿਆ। ਅੱਗੇ ਬਾਬਾ ਜੀ ਬੜੇ ਬੇਪਰਵਾਹੀ ਦੇ ਲਹਿਜ਼ੇ ਵਿਚ ਸਭ ਨੂੰ ਇਉਂ ਬੁਲਾ ਰਹੇ ਸਨ ਜਿਵੇਂ ਪਹਿਲਾਂ ਕਿਸੇ ਨੂੰ ਜਾਣਦੇ ਹੀ ਨਾ ਹੋਣ ਰੋਜ਼ ਰਹਿਣ ਵਾਲੇ ਸੇਵਕਾਂ ਨੂੰ ਪਤਾ ਸੀ। ਮੇਵਾ ਸਿੰਘ ਨਵਾਂ-ਨਵਾਂ ਗਿਆ ਸੀ। ਇਕ ਇਥੋਂ ਰਹਿਣ 'ਤੇ ਮਨ ਉਦਾਸ ਸੀ। ਇਹ ਸਭ ਕੁਛ ਵੇਖ ਕੇ ਹੋਰ ਵੀ ਉਦਾਸ ਅਤੇ ਹੈਰਾਨ ਹੋਇਆ। ਅਖ਼ੀਰ ਉੱਤੇ ਮੇਵਾ ਸਿੰਘ ਦੀ ਵਾਰੀ ਵੀ ਆਈ ਤੇ ਇਸ ਨੂੰ ਵੀ ਉਸੇ ਲਹਿਜ਼ੇ ਵਿਚ ਹੀ "ਤੂੰ ਕੌਣ ਹੈ?" ਪੁੱਛਿਆ ਤੇ ਕਿਥੋਂ ਆਇਆ ਹੈਂ।

ਕਿਸ ਵਾਸਤੇ ਆਇਆ ਹੈਂ ? ਉਪਰੰਤ ਮੇਵਾ ਸਿੰਘ ਨੇ ਪਿੱਛੇ ਲਿਖੇ ਅਨੁਸਾਰ ਆਪਣੇ ਘਰ ਦੀ ਤਕਲੀਫ਼ ਦੱਸੀ ਨਾਲ ਹੀ ਕਹਿ ਦਿੱਤਾ। ਮਹਾਰਾਜ ਤੁਸੀਂ ਮੈਨੂੰ ਚਾਲੀ ਦਿਨ ਇਥੇ ਰਹਿਣ ਵਾਸਤੇ ਕਿਹਾ ਹੈ। ਮੇਰੇ ਕੋਲੋਂ ਤਾਂ ਤਿੰਨ ਦਿਨ ਹੀ ਮੁਸ਼ਕਿਲ ਨਾਲ ਕੱਟੇ ਗਏ ਹਨ। ਉਪਰੰਤ ਬਾਬਾ ਜੀ ਨੇ ਬਚਨ ਕੀਤਾ, "ਹਾਂ, ਠੀਕ ਹੈ, ਤੈਨੂੰ ਚਾਲੀ ਦਿਨ ਇਥੇ ਰਹਿਣ ਦਾ ਹੁਕਮ ਤਾਂ ਹੋਇਆ ਹੈ, ਤੇਰੀ ਸੇਵਾ ਸਿਮਰਨ ਸਾਡੇ ਕੋਲ ਕੋਈ ਨਹੀਂ। ਜਿਸ ਦੇ ਸਦਕੇ ਤੇਰਾ ਕੰਮ ਛੇਤੀ ਹੋ ਜਾਵੇ। ਤੈਨੂੰ ਚਾਲੀ ਦਿਨ ਪੂਰੇ ਕਰਨੇ ਹੀ ਪੈਣਗੇ। ਫਿਰ ਮੇਵਾ ਸਿੰਘ ਨੇ ਕਿਹਾ ਜੀ ਚਾਲੀ ਦਿਨ ਤਾਂ ਔਖੇ ਹਨ, ਮੈਂ ਰਹਿ ਨਹੀਂ ਸਕਦਾ। ਬਾਬਾ ਜੀ ਨੇ ਬਚਨ ਕੀਤਾ, "ਔਖਾ ਸੌਖਾ ਕੱਟ ਲੈ ਤੂੰ ਆਪਦੇ ਘਰ ਦੀ ਹਾਲਤ ਵੇਖ।" ਨਾਲ ਹੀ ਬਚਨ ਕੀਤਾ, "ਚਾਲੀ ਦਿਨ ਪੂਰੇ ਕਰ ਜਾ, ਜਿਸ ਨੇ ਤੇਰੇ ਵਿਚ ਵਿਘਨ ਪਾਇਆ ਹੈ, ਉਹ ਮੁਸਲਮਾਨ ਇਥੇ ਆ ਕੇ ਤੇਰੇ ਕੋਲੋਂ ਮਾਫ਼ੀ ਮੰਗੇਗਾ।" ਮੇਵਾ ਸਿੰਘ ਨੇ ਫਿਰ ਵੀ ਕਹਿਣਾ ਨਾ ਮੰਨਿਆ ਤੇ ਕਹਿਣ ਲੱਗਾ ਜੀ ਰਤਨ ਸਿੰਘ ਡਰੋਲੀ ਵਾਲੇ ਦੋਵੇਂ ਜੀ ਭਾਈਚਾਰੇ ਵਿਚੋਂ ਮੇਰੇ ਭਰਾ-ਭਰਜਾਈ ਲੱਗਦੇ ਹਨ ਉਹ ਇਥੇ ਸੇਵਾ ਕਰਦੇ ਹਨ। ਉਹਨਾਂ ਤੋਂ ਪੁੱਛ ਲਵੋ ਬਾਬਾ ਜੀ ਨੇ ਬਚਨ ਕੀਤਾ, "ਡਰੋਲੀ ਵਾਲੇ ਦੋਹਾਂ ਜੀਆਂ ਦਾ ਭਾਈਚਾਰਾ ਸਾਡੇ ਨਾਲ ਹੀ ਹੈ ਤੂੰ ਆਪਣਾ ਕੰਮ ਕਰਵਾਉਣਾ ਹੈ ਤਾਂ ਕਰਵਾ ਲੈ ਚਾਲੀ ਦਿਨ ਪੂਰੇ ਕਰ ਲੈ।" ਸਭ ਕੁਝ ਵੇਖ ਕੇ ਸੁਣ ਕੇ ਮੇਵਾ ਸਿੰਘ ਦਾ ਮਨ ਰਹਿਣ ਵਾਸਤੇ ਨਹੀਂ ਮੰਨਿਆ। ਉਪਰੰਤ ਉਥੋਂ ਉੱਠ ਆਇਆ ਜਿਵੇਂ ਤੁਲਸੀ ਦਾਸ ਜੀ ਨੇ ਲਿਖਿਆ ਹੈ :

**ਸਗਲ ਪਦਾਰਥ ਹੈ ਜਗ ਮਾਹੀਂ॥**
**ਭਾਗ ਹੀਨ ਨਰ ਪਾਵਤ ਨਾਹੀਂ॥**

ਹੋਰ ਵੀ ਕਿਹਾ ਹੈ :

**ਭਾਗਹੀਨ ਕੋ ਨਾ ਮਿਲੈ ਭਲੀ ਵਸਤ ਕੋ ਭੋਗ॥**
**ਦਾਖ ਪੱਕੇ ਤੇ ਹੋਤ ਹੈ ਕਾਕ ਪਾਕ ਕਾ ਰੋਗ॥**

ਇਸ ਤੋਂ ਬਾਅਦ ਘਰ ਬੇਅੰਤ ਤਕਲੀਫ਼ ਹੋਈ ਜਿਨ੍ਹਾਂ ਨੇ ਵੇਖਿਆ ਉਹੀ ਜਾਣਦੇ ਹਨ। (ਇਹ ਪ੍ਰਸੰਗ ਮਾਤਾ-ਪਿਤਾ ਪਾਸੋਂ ਮਿਲਿਆ।)

# ਏਹਾ ਭਗਤਿ ਜਨੁ ਜੀਵਤ ਮਰੈ ॥
# ਗੁਰ ਪਰਸਾਦੀ ਭਵਜਲੁ ਤਰੈ ॥

ਜਿਸ ਤਰ੍ਹਾਂ ਹਿੱਸੇ ਪੰਜਵੇਂ ਦੇ ਵਿਚ ਪਾਠਕ ਸੱਜਣ ਪੜ੍ਹ ਚੁੱਕੇ ਹਨ। ਤਹਿਸੀਲ ਚੂਨੀਆਂ ਦੇ ਰਹਿਣ ਵਾਲਾ ਨਰੈਣ ਭਗਤ ਜਿਸ ਨੇ ਬਾਬਾ ਅਨੰਦ ਸਿੰਘ ਜੀ ਦੀ ਉਹਨਾਂ ਦੇ ਤਪੱਸਿਆ ਕਰਨ ਸਮੇਂ ਲਗਾਤਾਰ ਕਠਿਨ ਸੇਵਾ ਕੀਤੀ, ਬਾਬਾ ਅਨੰਦ ਸਿੰਘ ਜੀ ਦੀ ਕਠਿਨ ਅਤੇ ਅਤੁੱਟ ਘਾਲਣਾ ਵੇਖ ਕੇ ਭੁੱਚੋ ਵਾਲਿਆਂ ਦੇ ਦਰਸ਼ਨ ਕਰਨ ਆਇਆ ਅਤੇ ਭੁੱਚੋ ਵਾਲਿਆਂ ਤੇ ਨਰੈਣ ਦਾਸ (ਭਗਤ) ਨੇ ਬਾਬਾ ਜੀ ਦੇ ਅਤੇ ਭੁੱਚੋ ਵਾਲਿਆਂ ਦੇ ਪੁਰਾਣੇ ਸੰਬੰਧ ਪੁੱਛੇ। ਭੁੱਚੋ ਵਾਲੇ ਮਹਾਰਾਜ ਨੇ ਜੁਗਾਂ-ਜੁਗਾਂ ਦੇ ਪੁਰਾਣੇ ਸੰਬੰਧ ਦੱਸ ਕੇ ਪਹਿਲਾਂ ਤਾਂ ਨਰੈਣ ਭਗਤ ਨੂੰ ਹੈਰਾਨ ਕੀਤਾ ਅਤੇ ਫਿਰ ਪੜ੍ਹਨ ਸੁਣਨ ਵਾਲੇ ਹੋਰ ਵੀ ਹੈਰਾਨ ਹੋਏ। ਇਹ ਸੰਬੰਧ ਜੁਗਾਂ-ਜੁਗਾਂ ਤੋਂ ਜੁੜਦੇ ਹਨ। ਜੁਗਾਂ-ਜੁਗਾਂ ਤੋਂ ਸਾਰੀ-ਸਾਰੀ ਜ਼ਿੰਦਗੀ ਘਾਲਣਾ ਹੀ ਘਾਲਣਾ ਕਰਨੀ ਪੈਂਦੀ ਹੈ ਤਾਂ ਕਿਤੇ ਜਾ ਕੇ ਪਰਮਾਰਥ ਦੀਆਂ ਮੰਜ਼ਿਲਾਂ ਸਿਰੇ ਲੱਗਦੀਆਂ ਹਨ ਤੇ ਦਰਗਾਹੀ ਅਹੁਦੇ ਮੁਰਾਤਬੇ ਮਿਲਦੇ ਹਨ। ਭੁੱਚੋ ਵਾਲੇ ਬਾਬਾ ਮਹਾਂ ਹਰਿਨਾਮ ਸਿੰਘ ਜੀ ਵੀ ਅਤੇ ਬਾਬਾ ਅਨੰਦ ਸਿੰਘ ਜੀ ਕਲੇਰਾਂ ਵਾਲੇ ਵੀ ਬਚਨ ਕਰਿਆ ਕਰਦੇ ਸਨ। ਇਹ ਵਸਤੂ ਕਿਤੇ ਦਰੱਖ਼ਤਾਂ ਨਾਲ ਨਹੀਂ ਲੱਗੀ ਜਿਥੋਂ ਬੰਦਾ ਤੋੜ ਕੇ ਲੈ ਜਾਏਗਾ। ਇਥੇ ਦੁਨਿਆਵੀ ਪੜ੍ਹਾਈ ਪੂਰੀ ਕਰਨੀ ਪਵੇ ਤਾਂ ਬੰਦੇ ਨੂੰ ਕਿੰਨਾ ਸਮਾਂ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਗੁਜ਼ਾਰਨੇ ਪੈਂਦੇ ਹਨ। ਕਿਤਨੇ ਕੁ ਬੰਦੇ ਹਨ ਜਿਹੜੇ ਚੰਗੇ ਨੰਬਰਾਂ 'ਤੇ ਪਾਸ ਹੁੰਦੇ ਹਨ। ਜੇ ਗਿਣਤੀ ਕਰੋ ਤਾਂ ਬਹੁਤ ਘੱਟ ਮਿਲਣਗੇ। ਇਥੇ ਦੁਨਿਆਵੀ ਪੜ੍ਹਾਈ ਵਿਚ ਤਾਂ ਰੋਲ-ਘਚੋਲਾ ਪੈ ਜਾਂਦਾ ਹੈ ਪਰ ਜਿਥੇ ਸਮਰੱਥ ਮਹਾਂਪੁਰਖਾਂ ਦੀ ਅਗਵਾਈ ਵਿਚ ਪਰਮਾਰਥ ਦੀ ਪੜ੍ਹਾਈ ਕਰਨੀ ਪਵੇ, ਉਥੇ ਤਾਂ "**ਓਥੈ**

**ਸਚੋ ਹੀ ਸਚੁ ਨਿਬੜੈ**" ਵਾਲੀ ਗੱਲ ਹੁੰਦੀ ਹੈ। ਬਾਬਾ ਜੀ ਮਹਾਂ ਹਰਿਨਾਮ ਸਿੰਘ ਜੀ ਪਾਸ ਜੇ ਕਿਸੇ ਸੇਵਕ ਨੇ ਬੇਨਤੀ ਕਰਨੀ ਕਿ ਮਹਾਰਾਜ ਮੇਰਾ ਨਿਤਨੇਮ ਕਰਨ ਜਾਂ ਸੇਵਾ ਕਰਨ ਨੂੰ ਦਿਲ ਨਹੀਂ ਕਰਦਾ ਜਾਂ ਮੈਥੋਂ ਸੇਵਾ ਸਿਮਰਨ ਨਹੀਂ ਹੁੰਦੇ, ਉਸ ਸੇਵਕ ਨੂੰ ਕਦੇ ਉਸੇ ਸਮੇਂ ਹੀ ਕਹਿਣਾ ਕਿ ਇਸ ਦੀ ਸ਼ਰ੍ਹਾ ਕਰਾਓ ਕਦੇ ਕੁਝ ਸਮਾਂ ਚੁੱਪ ਰਹਿਣ ਪਿੱਛੋਂ ਸ਼ਰ੍ਹਾ ਕਰਾਉਣੀ। ਆਪਣੀ ਮਰਿਆਦਾ ਕਰਾਉਣ ਤੋਂ ਬਾਅਦ ਸੇਵਾ ਸਿਮਰਨ ਕਰਨ ਦਾ ਅਨੋਖਾ ਹੀ ਉਤਸ਼ਾਹ ਪ੍ਰਾਪਤ ਹੁੰਦਾ ਸੀ। ਇਹ ਰਸ ਜਿਨ੍ਹਾਂ ਨੂੰ ਮਿਲਿਆ, ਉਹ ਜਾਣਦੇ ਹਨ। ਇਹ ਜੁਗਾਂ-ਜੁਗਾਂ ਦੀ ਅਤੇ ਸ੍ਵਾਸ-ਸ੍ਵਾਸ ਘਾਲਣਾ ਕਮਾਈ ਕਰਨ ਦਾ ਪਤਾ ਪਿਛਲੇ ਬਚਨ ਕਿ ਮਹਾਂਪੁਰਖਾਂ ਦਾ ਤ੍ਰੇਤੇ ਜੁਗ ਤੋਂ ਅਸਾਡੇ ਨਾਲ ਸਬੰਧ ਹੈ, ਹਿਸਾਬ ਕਰੋ ਕਿ ਤ੍ਰੇਤੇ ਜੁਗ ਤੋਂ ਲੈ ਕੇ ਸਾਰਾ ਦੁਆਪਰ ਜੁਗ ਬਾਕੀ ਹਜ਼ਾਰਾਂ ਵਰ੍ਹੇ ਕਲਜੁਗ ਦਾ ਸਮਾਂ ਬਾਬਾ ਮਹਾਂ ਹਰਿਨਾਮ ਸਿੰਘ ਜੀ ਦੱਸਿਆ ਕਰਦੇ ਸਨ, "ਜਿਹੜਾ ਸਮਾਂ ਅੱਜ ਅਸੀਂ ਦਿੱਤਾ ਹੈ, ਇਸ ਸਮੇਂ ਕਿਸੇ ਸੇਵਕ ਦੀ ਕੀਤੀ ਗ਼ਲਤੀ ਜਨਮਾਂ-ਜਨਮਾਂ ਦੇ ਚੱਕਰ ਵਿਚ ਪਾ ਦੇਵੇਗੀ। ਵੇਖਿਓ ਕਿਤੇ ਕੋਈ ਭੁੱਲ ਨਾ ਕਰਿਉ।"

ਇਕ ਵਾਰ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਬਾਬਾ ਅਨੰਦ ਸਿੰਘ ਜੀ ਕਲੇਰਾਂ ਵਾਲਿਆਂ ਨੂੰ ਫ਼ੁਰਮਾਇਆ, "ਤੁਹਾਡਾ ਪਿਛਲਾ ਇਕ ਜਨਮ ਪਾਕ ਪਟਣ ਵਿਚ ਸ਼ੇਖ਼ ਬ੍ਰਹਮ ਦਾ ਸੀ। ਤੁਹਾਨੂੰ ਦੋ ਵਾਰੀ ਗੁਰੂ ਨਾਨਕ ਸਾਹਿਬ ਜਾ ਕੇ ਮਿਲੇ ਸਨ ਤੇ ਮਹਾਂਪੁਰਖੋ, ਤੁਸੀਂ ਉਸ ਸਮੇਂ ਕੰਧ ਭਜਾ ਕੇ ਲੈ ਗਏ ਸੀ। ਗੁਰੂ ਨਾਨਕ ਦਾ ਦਰਸ਼ਨ ਕਰਨ ਵਾਸਤੇ ਤੁਹਾਡੇ ਮਨ ਵਿਚ ਪ੍ਰਬਲ ਤਾਂਘ ਸੀ। ਇਸ ਤੋਂ ਉਪਰੰਤ ਇਕ ਵਾਰ ਬਾਬਾ ਅਨੰਦ ਸਿੰਘ ਜੀ ਮਹਾਰਾਜ ਨੇ ਕਲੇਰੀਂ ਬਚਨ ਕੀਤਾ ਸੀ ਕਿ ਡਰੋਲੀ ਜਿਨ੍ਹਾਂ ਮਹਾਂਪੁਰਖਾਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਮਾਂ ਤੌੜੇ ਵਿਚ ਪਾ ਕੇ ਦੱਬੀ ਹੋਈ ਕਢਾਈ ਸੀ, ਉਹ ਭੁੱਚੋ ਵਾਲਿਆਂ ਦਾ ਪਿਛਲਾ ਜਨਮ ਸੀ। ਫਿਰ ਬਚਨ ਕੀਤਾ ਕਿ ਭੁੱਚੋ ਵਾਲੇ ਜਦੋਂ ਵੀ ਸੰਸਾਰ ਵਿਚ ਆਏ ਲੰਮੀ ਆਰਜਾ ਲੈ ਕੇ ਆਏ। ਦਸਵੇਂ ਪਾਤਸ਼ਾਹ ਤੋਂ ਲੈ ਕੇ ਭੁੱਚੋ ਵਾਲਿਆਂ ਦਾ ਇਹ ਤੀਜਾ ਸਰੀਰ ਸੀ। ਇਹਨਾਂ ਨੇ ਹਰ ਸਰੀਰ ਵੇਲੇ ਆਪਣੀ ਰਹਿਣੀ ਬਹਿਣੀ ਇਹੋ ਜਿਹੀ ਹੀ ਰੱਖੀ ਹੈ, ਜਿਵੇਂ ਇਸ ਸਮੇਂ ਰਹੇ ਹਨ, ਫਿਰ ਆਪਣੀ ਬਾਬਤ ਇਤਨਾ ਕੁ ਹੀ ਦੱਸਿਆ।

ਦਸਵੇਂ ਪਾਤਸ਼ਾਹ ਤੋਂ ਲੈ ਕੇ ਅੱਜ ਤਕ ਛੋਟੀ-ਛੋਟੀ ਆਰਜਾ ਵਾਲੇ ਸਾਡੇ ਕਈ ਸਰੀਰ ਹੋਏ ਹਨ।

**ਹਉ ਕਿਆ ਸਾਲਾਹੀ ਕਿਰਮ ਜੰਤੁ ਵਡੀ ਤੇਰੀ ਵਡਿਆਈ॥**

*(ਵਾਰ ਸੂਹੀ, ਅੰਗ ੭੯੨)*

**ਮੈ ਪੇਖਿਓ ਰੀ ਊਚਾ ਮੋਹਨੁ ਸਭ ਤੇ ਊਚਾ॥**
**ਆਨ ਨ ਸਮਸਰਿ ਕੋਊ ਲਾਗੈ ਢੂੰਢਿ ਰਹੇ ਹਮ ਮੂਚਾ॥**

*(ਅੰਗ ੫੩੪)*

ਇਕ ਵਾਰ ਬਾਬਾ ਅਨੰਦ ਸਿੰਘ ਜੀ ਮਹਾਰਾਜ ਕਲੇਰਾਂ ਵਾਲਿਆਂ ਨੇ ਬਚਨ ਕੀਤਾ ਸੀ ਕਿ ਅੱਜ ਸਾਨੂੰ ਦ੍ਰਿਸ਼ਟਾਂਤ ਹੋਇਆ, ਜਿਸ ਤਰ੍ਹਾਂ ਭੁੱਚੋ ਵਾਲਿਆਂ ਨੇ ਸਰੀਰ ਧਾਰਨ ਕਰ ਲਿਆ ਹੈ ਤੇ ਉਹ ਰਿੜ੍ਹੇ ਫਿਰਦੇ ਹਨ। ਅਸੀਂ ਮੱਥਾ ਟੇਕਿਆ ਤੇ ਉਹ ਖਲੋ ਗਏ ਤੇ ਅਸੀਂ ਬੇਨਤੀ ਕੀਤੀ ਕਿ ਗਰੀਬ ਨਿਵਾਜ, ਹੁਣ ਕਿਉਂ ਸਰੀਰ ਧਾਰਿਆ ਤਾਂ ਅੱਗੋਂ ਉਹ ਹੱਸ ਪਏ। ਫਿਰ ਬੇਨਤੀ ਕੀਤੀ ਕਿ ਗਰੀਬ ਨਿਵਾਜ, ਜੋ ਤੁਸੀਂ ਕ੍ਰਿਪਾ ਸਾਡੇ ਉੱਤੇ ਕੀਤੀ ਹੈ, ਅਸੀਂ ਤੁਹਾਡੇ ਚਰਨਾਂ ਵਿਚ ਰੱਖ ਦੇਈਏ ਤੇ ਫਿਰ ਬਾਲ-ਸਰੂਪ ਭੁੱਚੋ ਵਾਲੇ ਹੱਸ ਕੇ ਅੱਗੇ ਚਲੇ ਗਏ, ਫਿਰ ਕੋਈ ਬਚਨ ਨਹੀਂ ਕੀਤਾ। ਇਥੇ ਨਾਨਕਸਰ ਵਿਚ ਇਕ ਵਾਰ ਬਾਬਾ ਈਸ਼ਰ ਸਿੰਘ ਜੀ ਨੇ ਦੀਵਾਨ ਵਿਚ 16 ਇਕੋਤਰੀਆਂ ਸਮੇਂ ਬਚਨ ਕੀਤਾ ਸੀ, ਹੁਣ ਜਿਹੜਾ ਮਹਾਂਪੁਰਖ ਆਇਆ, ਸਾਥੋਂ ਹਜ਼ਾਰਾਂ ਗੁਣਾ ਵੱਧ ਤਾਕਤ ਵਾਲਾ ਆਏਗਾ। ਇਸ ਸਮੇਂ ਲੇਖਕ ਵੀ ਸੰਗਤ ਵਿਚ ਸੀ, ਹੋਰ ਤਾਂ ਹੋਰ (ਬਾਬਾ) ਈਸ਼ਰ ਸਿੰਘ ਜੀ ਬਚਨ ਕਰਦੇ ਸਨ, ਅਸੀਂ ਜੋ ਕੁਝ ਕੀਤਾ ਹੈ, ਬਾਬਾ ਜੀ ਦੀ ਕ੍ਰਿਪਾ ਨਾਲ ਹੀ ਕੀਤਾ ਹੈ। ਇਸ ਤਰ੍ਹਾਂ ਹੋਰ ਕਈ ਬਚਨ ਬਾਬਾ ਜੀ ਨੇ ਲੇਖਕ ਦੇ ਪਿਤਾ ਨਾਲ ਲੇਖਕ ਦੇ ਸਾਹਮਣੇ ਕੀਤੇ। "**ਤੇਰੀ ਵਡਿਆਈ ਤੂਹੈ ਜਾਣਦਾ ਤੁਧੁ ਜੇਵਡੁ ਅਵਰੁ ਨ ਕੋਈ॥**"

ਇਹਨਾਂ ਉਪਰਲੇ ਬਚਨਾਂ ਵਿਚੋਂ ਕਈ ਬਚਨ ਲੇਖਕ ਨੂੰ ਪਿਤਾ ਜੀ ਪਾਸੋਂ, ਫਿਰ ਕਈ ਬਾਬਾ ਹਜ਼ੂਰਾ ਸਿੰਘ ਜੀ ਪਾਸੋਂ ਤੇ ਕਈ ਸੰਗੀਆਂ ਪਾਸੋਂ ਮਿਲੇ।

# ਆਪਣੈ ਭਾਣੈ ਜੋ ਚਲੈ
# ਭਾਈ ਵਿਛੁੜਿ ਚੋਟਾ ਖਾਵੈ ॥

ਬਾਬਾ ਮਹਾਂ ਹਰਿਨਾਮ ਸਿੰਘ ਜੀ ਦੇ ਸਮੇਂ ਲੰਗਰ ਤਿਆਰ ਕਰਨ ਵਾਲੇ ਨੂੰ ਸਭ ਨੂੰ ਹਿਦਾਇਤ ਹੁੰਦੀ ਸੀ ਕਿ ਆਟਾ ਗੁੰਨ੍ਹਣ ਸਮੇਂ, ਦਾਲ ਬਣਾਉਂਦੇ ਸਮੇਂ, ਫੁਲਕਾ ਪਕਾਉਂਦੇ ਸਮੇਂ ਅਤੇ ਕੋਲਿਆਂ ਉੱਤੇ ਰਾੜ੍ਹਦੇ ਸਮੇਂ ਮੂੰਹ ਅੱਗੇ ਕੱਪੜਾ ਰੱਖਣਾ ਤੇ ਕੋਈ ਵਾਧੂ ਗੱਲ ਨਹੀਂ ਕਰਨੀ। ਵੱਧ ਤੋਂ ਵੱਧ ਬਾਣੀ ਪੜ੍ਹੋ। ਲੰਗਰ ਤਿਆਰ ਕਰਨ ਸਮੇਂ ਭਾਈ ਰਤਨ ਸਿੰਘ ਡਰੋਲੀ ਅਤੇ ਜੈ ਕੌਰ ਦੀ ਸੇਵਾਦਾਰ ਨੂੰ ਬਾਬਾ ਜੀ ਤੋਂ ਹੁਕਮ ਲੈ ਕੇ ਜਿਸ ਨਾਮ ਹਜ਼ੂਰ ਨੇ ਲੈਣਾ ਉਸ ਨੂੰ ਨਾਲ ਲੈ ਜਾਣਾ। ਕਦੇ ਭਾਗੀ ਵਾਂਦਰ ਵਾਲੇ ਸਰਬਣ ਸਿੰਘ ਅਤੇ ਨਿੱਕਾ ਸਿੰਘ ਜਾਂ ਨੀਲਾ ਸਿੰਘ ਕਦੇ ਭਜਨ ਸਿੰਘ ਮਹਿਰਾ ਸਿੱਖ ਨਾਲ ਲੈ ਜਾਣਾ ਕਦੇ ਬਾਬਾ ਮਹਾਂ ਹਰਿਨਾਮ ਸਿੰਘ ਜੀ ਮਹਾਰਾਜ ਨੇ ਬਚਨ ਕਰਨਾ, "ਤੁਸੀਂ ਦੋਵੇਂ ਜੀਅ ਜਾਓ।" ਹੁਕਮ ਅਨੁਸਾਰ ਇਸੇ ਤਰ੍ਹਾਂ ਹੀ ਹੁੰਦੀ ਸੀ। ਇਕ ਵਾਰ ਲੰਗਰ ਤਿਆਰ ਕਰਨ ਜਾਣ ਸਮੇਂ ਹੁਕਮ ਅਨੁਸਾਰ ਭਜਨ ਸਿੰਘ ਮਹਿਰੇ ਸਿੱਖ ਨੂੰ ਨਾਲ ਲੈ ਗਏ। ਉਥੇ ਲੰਗਰ ਤਿਆਰ ਕਰਨ ਵੇਲੇ ਭਜਨ ਸਿੰਘ ਨੇ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਬਹੁਤ ਚਿਰ ਗੱਲਾਂ ਵਿਚ ਲੰਘਾ ਦਿੱਤਾ। ਅੰਤਰਜਾਮੀ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਨੀਲਾ ਸਿੰਘ ਨੂੰ ਹੁਕਮ ਕੀਤਾ, "ਨੀਲਾ ਸਿਆਂ, ਤੂੰ ਲੰਗਰ ਤਿਆਰ ਕਰਨ ਵਾਲਿਆਂ ਕੋਲ ਜਾ, ਉਹਨਾਂ ਨਾਲ ਲੰਗਰ ਤਿਆਰ ਕਰਵਾ ਰਿਹਾ ਭਜਨਾ ਸਭ ਨੂੰ ਗੱਲਾਂ ਵਿਚ ਲਾਈ ਫਿਰਦਾ ਹੈ ਉਸ ਨੂੰ ਹਟਾ ਕੇ ਇਥੇ ਘੱਲ ਦੇ।" ਹੁਕਮ ਅਨੁਸਾਰਾ ਭਾਈ ਨੀਲਾ ਸਿੰਘ ਜੀ ਲੰਗਰ ਤਿਆਰ ਕਰਨ ਵਾਲੀ ਥਾਂਅ ਉੱਤੇ ਪਹੁੰਚ ਕੇ ਆਪ ਲੰਗਰ ਤਿਆਰ ਕਰਵਾਉਣ ਲੱਗ ਪਏ, ਨਾਲ ਹੀ ਭਜਨ ਸਿੰਘ ਨੂੰ ਹੁਕਮ ਕੀਤਾ।" ਭਜਨਿਆ ਤੈਨੂੰ ਬਾਬਾ ਜੀ ਨੇ ਬੁਲਾਇਆ ਹੈ। ਤੂੰ ਡੇਰੇ

ਪਹੁੰਚ ਜਾ। ਭਜਨ ਸਿੰਘ ਉਥੋਂ ਤਾਂ ਚੱਲ ਪਿਆ, ਕਿਸੇ ਕਾਰਨ ਕਰਕੇ ਡੇਰੇ ਨਾ ਪਹੁੰਚਿਆ। ਇਸ ਦੌਰਾਨ ਲੰਗਰ ਤਿਆਰ ਹੋ ਕੇ ਪਹੁੰਚ ਗਿਆ। ਹਜ਼ੂਰ ਦੇ ਪਾਸ ਪਹੁੰਚਣ ਉਪਰੰਤ ਭਾਈ ਰਤਨ ਸਿੰਘ ਡਰੋਲੀ ਅਤੇ ਜੈ ਕੌਰ ਨੂੰ ਮੁਖ਼ਾਤਿਬ ਕਰ ਕੇ ਹਜ਼ੂਰ ਨੇ ਬਚਨ ਕੀਤਾ, "ਕਿਉਂ ਭਜਨੇ ਨਾਲ ਰੱਜ ਕੇ ਗੱਲਾਂ ਕਰ ਲਈਆਂ ਜਦੋਂ ਤੁਹਾਨੂੰ ਹੁਕਮ ਸੀ ਕਿ ਲੰਗਰ ਤਿਆਰ ਕਰਨ ਸਮੇਂ ਵਾਧੂ ਗੱਲ ਨਹੀਂ ਕਰਨੀ ਤਾਂ ਤੁਸੀਂ ਭਜਨੇ ਨੂੰ ਚੁੱਪ ਕਿਉਂ ਨਹੀਂ ਕਰਾਇਆ।" ਉਪਰੰਤ ਹੁਕਮ ਹੋਇਆ ਕਿ ਭਜਨੇ ਨੂੰ ਹਾਜ਼ਰ ਕਰੋ। ਇਸ ਦੌਰਾਨ ਭਜਨ ਸਿੰਘ ਡੇਰੇ ਪਹੁੰਚ ਗਿਆ ਡਰਦਾ ਬਾਬਾ ਜੀ ਦੇ ਸਾਹਮਣੇ ਨਾ ਹੋਵੇ ਹਜ਼ੂਰ ਨੇ ਗੜਕਵੀਂ ਆਵਾਜ਼ ਵਿਚ ਬਚਨ ਕੀਤਾ, "ਭਜਨਿਆ, ਸਾਹਮਣੇ ਆਉਣਾ ਪਵੇਗਾ।" ਭਜਨ ਸਿੰਘ ਡਰਦਾ ਅਤੇ ਸਹਿਮਿਆ ਹੋਇਆ ਬਾਬਾ ਜੀ ਦੇ ਸਾਹਮਣੇ ਹਾਜ਼ਰ ਹੋ ਗਿਆ। "ਧਰਿ ਹਰਿ ਕੰਪੈ ਬਾਲਾ ਜੀਉ॥ ਨਾ ਜਾਨਾ ਕਿਆ ਕਰਸੀ ਪੀਉ॥" ਬਾਬਾ ਜੀ ਨੇ ਭਜਨ ਸਿੰਘ ਨੂੰ ਸਮਝਾਇਆ, "ਸਾਈਂ ਲੋਕਾ, ਤੂੰ ਐਡੀ ਗ਼ਲਤੀ ਕੀਤੀ, ਲੰਗਰ ਦੀ ਮਰਿਆਦਾ ਦਾ, ਤੈਨੂੰ ਪਤਾ ਹੈ ਇਥੋਂ ਦਾ ਪੱਕਿਆ ਲੰਗਰ ਕਿਥੇ-ਕਿਥੇ ਪਹੁੰਚਦਾ ਹੈ। ਕਿਨ੍ਹਾ-ਕਿਨ੍ਹਾਂ ਬਖ਼ਸ਼ੀਆਂ ਰੂਹਾਂ ਦੇ ਮੂੰਹ ਵਿਚ ਪੈਂਦਾ ਹੈ। ਅੱਜ ਲੰਗਰ ਪੱਕਦੇ ਵਿਚੋਂ ਜੇ ਤੈਨੂੰ ਵਿਚੋਂ ਨਾ ਹਟਾਉਂਦੇ ਤਾਂ ਸਾਰਾ ਜੂਠਾ ਹੋ ਜਾਣਾ ਸੀ ਅਤੇ ਸਭ ਨੇ ਭੁੱਖੇ ਰਹਿਣਾ ਸੀ। ਭਜਨਿਆ ਹੁਕਮ ਤੋਂ ਬਾਹਰ ਕੋਈ ਕੰਮ ਤੇ ਗੱਲ ਨਾ ਕਰੋ। ਭਜਨਿਆ ਅਸੀਂ ਤੈਨੂੰ ਇਕ ਗੱਲ ਸੁਣਾ ਕੇ ਸਿੱਖਿਆ ਦੇ ਰਹੇ ਹਾਂ, ਤੁਸੀਂ ਸਾਰੇ ਸੁਣ ਲਵੋ।" ਉਪਰੰਤ ਬਾਬਾ ਮਹਾਂ ਹਰਿਨਾਮ ਸਿੰਘ ਜੀ ਮਹਾਰਾਜ ਨੇ ਇਕ ਛੋਟੀ ਜਿਹੀ ਸਾਖੀ ਸੁਣਾਈ, "ਇਕ ਮਹਾਂ ਪੁਰਖ ਪਿਛਲੇ ਸਮੇਂ ਵਿਚ ਹੋਇਆ ਹੈ। ਉਸ ਦਾ ਇਕ ਸੇਵਕ ਸੇਵਾ ਕਰਨ ਵਿਚ ਬੜਾ ਸਿਆਣਾ ਸੀ ਤੇ ਉਹ ਮਹਾਂ ਪੁਰਖ ਵੀ ਸੇਵਕ ਦੀ ਸੇਵਾ 'ਤੇ ਬੜੇ ਖ਼ੁਸ਼ ਸਨ। ਇਕ ਵਾਰ ਉਹ ਸੇਵਕ ਆਪਣੇ ਗੁਰੂ ਦੀ ਆਗਿਆ ਤੋਂ ਬਾਹਰ ਹੋ ਕੇ ਕਿਤੇ ਚਲਿਆ ਗਿਆ। ਉਸ ਦੇ ਜਾਣ ਪਿੱਛੋਂ ਕਿਸੇ ਨੇ ਸੰਗਤ ਵਿਚ ਪੁੱਛਿਆ, "ਮਹਾਰਾਜ, ਉਹ ਸੇਵਕ ਕਿਥੇ ਹੈ ਤਾਂ ਮਹਾਤਮਾ ਕਹਿਣ ਲੱਗੇ ਕਿ ਉਹ ਕਿਤੇ ਉੱਠ ਗਿਆ ਹੈ। ਤਾਂ ਮਹਾਤਮਾ ਕਹਿਣ ਲੱਗੇ ਉਹ ਗਿਆ ਉਸ ਦੀ ਮਰਜ਼ੀ, ਸਾਡਾ ਕੁਝ ਨਹੀਂ ਵਿਗੜਿਆ। ਉਸ ਦਾ ਹੀ ਕੁਝ

ਵਿਗੜਿਆ ਹੈ, ਜਿਵੇਂ ਪਤੀਬ੍ਰਤਾ ਇਸਤਰੀ ਪਤੀ ਦੇ ਹੁਕਮ ਤੋਂ ਬਾਹਰ ਕਿਤੇ ਚਲੀ ਜਾਏ ਤਾਂ ਉਸ ਦੇ ਪਤੀਬ੍ਰਤਾ ਧਰਮ ਉੱਤੇ ਕਲੰਕ ਲੱਗਦਾ ਹੈ ਹੋਰ ਕੁਝ ਨਹੀਂ।" ਹਜ਼ੂਰ ਨੇ ਇਹ ਦ੍ਰਿਸ਼ਟਾਂਤ ਮਾਤਰ ਸਾਖੀ ਸੁਣਾਈ ਤੇ ਬਚਨ ਕੀਤਾ, "ਭਜਨਿਆ ਇਹ ਗੱਲ ਯਾਦ ਰੱਖੀਂ ਤੂੰ ਕਿਤੇ ਅੱਗੇ ਵਾਸਤੇ ਇਹੋ ਜਿਹੀ ਗ਼ਲਤੀ ਨਾ ਕਰੀਂ ਇਕ ਗ਼ਲਤੀ ਜਨਮਾਂ-ਜਨਮਾਂ ਦੀ ਵਿੱਥ ਪਾ ਦਿੰਦੀ ਹੈ। ਸੋਚ ਸਮਝ ਕੇ ਚੱਲੀਂ। ਉਪਰੰਤ ਭਜਨ ਸਿੰਘ ਨੇ ਭੁੱਲ ਮੰਨੀ ਤਾਂ ਕਿਤੇ ਜਾ ਕੇ ਮਾਫ਼ੀ ਮਿਲੀ, ਉਹ ਵੀ ਬੜੀ ਦੇਰ ਬਾਅਦ।

(ਇਹ ਪ੍ਰਸੰਗ ਮਾਤਾ-ਪਿਤਾ ਪਾਸੋਂ ਮਿਲਿਆ।)

# ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ॥

ਕਿਸੇ ਸਮੇਂ ਦੀ ਕੀਤੀ ਸੇਵਾ ਹੀ ਰੰਗ ਲਾ ਦਿੰਦੀ ਹੈ। ਇਕ ਸਮਾਂ ਹੁੰਦਾ ਹੈ। ਬਹੁਤਾ ਸਮਾਂ ਸੇਵਾ ਕਰਨੀ ਪੈਂਦੀ ਹੈ। ਇਕ ਵਾਰ ਬਾਬਾ ਮਹਾਂ ਹਰਿਨਾਮ ਸਿੰਘ ਜੀ ਬੇਰੀ ਹੇਠ ਬੈਠੇ ਸਨ। ਸਵੇਰ ਦਾ ਵਕਤ ਸੀ ਨਗਰ ਦਾ ਇਕ ਸਿੱਖ ਕੋਲ ਦੀ ਲੰਘਿਆ ਆਵਾਜ਼ ਦਿੱਤੀ ਕੌਣ ਹੈ? ਉੱਤਰ ਵਿਚ ਉਸ ਨੇ ਬੇਨਤੀ ਕੀਤੀ, "ਮਹਾਰਾਜ, ਮੈਂ ਚੰਨਣ ਸਿੰਘ ਝਾਫੇ ਕਾ ਹਾਂ। ਕੋਈ ਸੇਵਾ ਦੱਸੋ। ਹੁਕਮ ਕੀਤਾ, "ਲੱਸੀ ਲਿਆ ਸਕਦਾ ਹੈਂ?" ਉਸ ਸਮੇਂ ਦੁੱਧ ਘੱਟ ਸੀ। ਉਸੇ ਸਮੇਂ ਹੀ ਚੰਨਣ ਸਿੰਘ ਘਰ ਆਇਆ ਤਕਰੀਬਨ ਸੇਰ ਕੁ ਦੁੱਧ ਘਰ ਸੀ। ਇਹ ਸਾਰਾ ਹੀ ਲੈ ਗਿਆ। ਉਪਰੰਤ ਇਸ ਵਿਚ ਬਾਬਾ ਜੀ ਨੇ ਸੇਰ ਕੁ ਪਾਣੀ ਪਾਇਆ ਅਤੇ ਛੱਕ ਗਏ। ਉਪਰੰਤ ਚੰਨਣ ਸਿੰਘ ਕਈ ਦਿਨ ਸੇਵਾ ਕਰਦਾ ਰਿਹਾ। ਸਮਾਂ ਆ ਗਿਆ ਕਿਤੇ ਇਹ ਚੰਨਣ ਸਿੰਘ ਆਪ ਹੀ ਆਪਣੇ ਪੁੱਤਰ ਦੇ ਗ਼ੁੱਸੇ ਵਿਚ ਆ ਕੇ ਆਪ ਹੀ ਲੱਤ ਮਾਰ ਬੈਠਾ ਅਤੇ ਪੁੱਤਰ ਮਰ ਗਿਆ ਬਾਣੀ ਵਿਚ ਬਚਨ ਹੈ। 'ਅਗਨਿ ਕ੍ਰੋਧ ਚੰਡਾਲ' ਗੁੱਸਾ ਐਸੀ ਹੀ ਚੀਜ਼ ਹੁੰਦੀ ਹੈ ਪਿੱਛੋਂ ਬੰਦਾ ਪਸਚਾਤਾਪ ਕਰਦਾ ਹੈ। ਫਿਰ ਰੋਂਦਾ

ਹੋਇਆ ਫਿਰੇ ਖੇਤ ਨੂੰ ਜਾਵੇ ਤਾਂ ਰੋਵੇ ਇਕ ਦਿਨ ਰੋਂਦਾ ਹੋਇਆ ਡੇਰੇ ਕੋਲ ਦੀ ਲੰਘਿਆ ਬਾਬਾ ਜੀ ਨੇ ਆਵਾਜ਼ ਦੇ ਕੇ ਪੁੱਛਿਆ, ਕੌਣ ਰੋ ਰਿਹਾ ਹੈ? ਜੀ, ਮੈਂ ਚੰਨਣ ਸਿੰਘ ਝਾਫੇ ਕਾ ਹਾਂ। ਮੇਰਾ ਇਕ ਪੁੱਤ ਸੀ ਉਹ ਮਰ ਗਿਆ। ਮੇਰੀ ਗ਼ਲਤੀ ਨਾਲ। ਹੁਣ ਮੇਰੇ ਕੋਲ ਰੋਣ ਤੋਂ ਸਿਵਾਏ ਕੋਈ ਚਾਰਾ ਨਹੀਂ।" ਫਿਰ ਇਕ ਦੋ ਦਿਨ ਰੋਣਾ ਸੁਨਣ ਤੋਂ ਬਾਅਦ ਬਚਨ ਕੀਤਾ, "ਹੁਣ ਨਹੀਂ ਰੋਣਾ। ਮੱਘਰ ਤੇ ਜੱਗਰ ਦੋ ਆ ਰਹੇ ਹਨ।" ਉਸ ਸਮੇਂ ਮਨ ਨੂੰ ਧੀਰਜ ਵੀ ਹੋ ਗਿਆ ਫਿਰ ਰੋਇਆ ਨਹੀਂ ਸਮੇਂ ਸਿਰ ਦੋ ਪੁੱਤਰ ਵੀ ਹੋਏ।

**ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ॥**
**ਜਾਂ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ॥**

*(ਵਾਰ ਗਉੜੀ ਮਹਲਾ ੪, ਅੰਗ ੩੧੪)*

(ਇਹ ਪ੍ਰਸੰਗ ਭੁੱਚੋ ਕਲਾਂ ਤੋਂ ਸੰਗਤ ਤੋਂ ਮਿਲਿਆ।)

# ਰਾਮ ਰਾਇ ਹੋਹਿ ਬੈਦ ਬਨਵਾਰੀ

ਸੇਵਾ ਕਰਨ ਵਾਲਿਆਂ ਦੇ ਦੁੱਖ ਕਿਵੇਂ ਦੂਰ ਕਰਦੇ ਸਨ। ਇਸ ਦਾ ਇਕ ਪ੍ਰਸੰਗ ਇਥੇ ਪੜ੍ਹੋ ਇਹ ਸਿਫ਼ਤਾਂ ਬਾਬਾ ਮਹਾਂ ਹਰਿਨਾਮ ਸਿੰਘ ਜੀ ਮਹਾਰਾਜ ਵਿਚ ਸਨ। ਇਕ ਵਾਰ ਅਚਾਨਕ ਹੀ ਬੈਠੇ-ਬੈਠੇ ਬਾਬਾ ਜੀ ਨੇ ਬਚਨ ਕੀਤਾ, "ਕੋਈ ਹਾਜ਼ਰ ਹੈ।" ਉਸ ਸਮੇਂ ਭਜਨ ਸਿੰਘ ਮਹਿਰਾ ਸਿੱਖ ਸੇਵਾ ਵਿਚ ਹਾਜ਼ਰ ਸੀ। ਉਸ ਨੇ ਬੇਨਤੀ ਕੀਤੀ, "ਜੀ, ਮੈਂ ਭਜਨ ਸਿੰਘ ਹਾਜ਼ਰ ਹਾਂ।" ਉਪਰੰਤ ਬਚਨ ਕੀਤਾ, "ਹੋਰ ਕੌਣ ਹਾਜ਼ਰ ਹੈ।" "ਜੀ, ਇਕ ਵੱਡਾ ਝੰਡਾ ਸਿੰਘ ਸੇਮੇ ਵਾਲਾ ਹਾਜ਼ਰ ਹੈ।" ਤਾਂ ਬਚਨ ਕੀਤਾ, "ਉਸ ਨੂੰ ਰਹਿਣ ਦੇ ਤੂੰ ਇਕੱਲਾ ਹੀ ਸਾਡੀਆਂ ਲੱਤਾਂ ਚਰਨਾਂ ਤੋਂ ਉੱਤੇ-ਉੱਤੇ ਘੁੱਟ ਦੇ ਚਰਨਾਂ ਨੂੰ ਹੱਥ ਨਹੀਂ ਲਾਉਣਾ।" ਉਪਰੰਤ ਹੁਕਮ ਅਨੁਸਾਰ ਭਜਨ ਸਿੰਘ ਸੇਵਾ ਕਰਨ ਲੱਗ ਪਿਆ। ਇਸ ਸਮੇਂ ਲੰਗਰ ਪਕਾਉਣ ਜਾਣ ਦਾ ਸਮਾਂ ਸੀ। ਭਾਈ ਰਤਨ ਸਿੰਘ ਡਰੋਲੀ ਦੇ ਘਰੋਂ ਅਚਾਨਕ ਬੀਮਾਰ ਹੋਣ ਕਰਕੇ ਲੰਗਰ ਦੀ ਸੇਵਾ ਵਿਚ ਕਿਸੇ ਨੂੰ ਨਾਲ ਲੈ ਜਾਣ ਵਾਸਤੇ ਆਗਿਆ ਲੈਣੀ

ਸੀ ਕਿ ਕਿਸ ਨੂੰ ਲੈ ਕੇ ਜਾਵਾਂ ਆਗਿਆ ਲੈਣ ਵਾਸਤੇ ਹਜ਼ੂਰ ਦੇ ਚਰਨਾਂ ਵਿਚ ਪਹੁੰਚ ਗਏ ਅਤੇ ਬੇਨਤੀ ਕੀਤੀ, "ਮਹਾਰਾਜ ! ਮੈਂ ਰਤਨ ਸਿੰਘ ਡਰੋਲੀ ਵਾਲਾ ਬੇਨਤੀ ਕਰ ਰਿਹਾ ਹਾਂ। ਮੇਰੇ ਘਰੋਂ ਅਚਾਨਕ ਹੀ ਢਿੱਲੀ ਹੋ ਗਈ ਹੈ ? ਲੰਗਰ ਪਕਾਉਣ ਜਾਣਾ ਹੈ। ਕਿਸ ਨੂੰ ਆਗਿਆ ਹੈ ਨਾਲ ਲੈ ਜਾਣ ਦੀ।" ਉਪਰੰਤ ਹਜ਼ੂਰ ਨੇ ਬਚਨ ਕੀਤਾ, "ਅਸੀਂ ਅੱਜ ਬੀਮਾਰਾਂ ਵਾਸਤੇ ਦੁਆਈ ਵੰਡ ਰਹੇ ਹਾਂ, ਤੂੰ ਸੇਵਾ ਕਰ ਲੈ, ਉਹ ਰਾਜ਼ੀ ਹੋ ਜਾਏਗੀ।" ਹੁਕਮ ਅਨੁਸਾਰ ਭਾਈ ਰਤਨ ਸਿੰਘ ਡਰੋਲੀ ਸੇਵਾ ਕਰਨ ਲੱਗ ਪਿਆ। ਤਕਰੀਬਨ ਘੰਟਾ ਕੁ ਭਰ ਸੇਵਾ ਕਰਨ ਪਿੱਛੋਂ ਹਜ਼ੂਰ ਨੇ ਬਚਨ ਕੀਤਾ, "ਜਾਓ ਦੋਵੇਂ ਜੀਅ ਹੀ ਅੱਜ ਲੰਗਰ ਤਿਆਰ ਕਰੋ। ਸ਼ੁੱਧ ਹੈ।" ਉਪਰੰਤ ਭਾਈ ਰਤਨ ਸਿੰਘ ਡਰੋਲੀ ਜਿਸ ਵਕਤ ਸੇਵਾ ਕਰਨ ਤੋਂ ਬਾਅਦ ਮੁੜ ਕੇ ਆਏ ਕੀ ਵੇਖਿਆ ਕਿ ਜੈ ਕੌਰ ਨੂੰ ਕਿਥੇ ਅੱਗੇ ਆਪਣੇ ਆਪ ਦੀ ਹੋਸ਼ ਨਹੀਂ ਸੀ ਨੌਂ-ਬਰ-ਨੌਂ ਤੰਦਰੁਸਤ ਸੀ। ਲੰਗਰ ਪਕਾਉਣ ਲਈ ਜਾਣ ਦੀ ਤਿਆਰੀ ਕਰ ਰਹੀ ਸੀ ਉਸ ਦਿਨ ਦੋਵੇਂ ਜਣੇ ਜਾ ਕੇ ਲੰਗਰ ਤਿਆਰ ਕਰ ਕੇ ਲੈ ਆਏ ਰੋਜ਼ ਦੀ ਤਰ੍ਹਾਂ ਸੰਗਤ ਵਿਚ ਵਰਤਿਆ। ਜਿਸ ਸਮੇਂ ਲੰਗਰ ਦੀ ਸੇਵਾ ਉਪਰੰਤ ਬਾਬਾ ਜੀ ਪਾਸ ਹਜ਼ੂਰੀ ਵਿਚ ਆਏ ਤਾਂ ਹਜ਼ੂਰ ਨੇ ਬਚਨ ਕੀਤਾ, "ਕਿਉਂ ਦੇਵੀ, ਬੀਮਾਰੀ ਹਟ ਗਈ।" ਉਪਰੰਤ ਜੈ ਕੌਰ ਨੇ ਚਰਨਾਂ ਵਿਚ ਨਮਸਕਾਰ ਕੀਤੀ ਤਾਂ ਬਚਨ ਕੀਤਾ, "ਦੇਵੀ ਪੱਚੀ ਪਾਠ ਜਪੁ ਜੀ ਸਾਹਿਬ ਦੇ ਸਾਨੂੰ ਸੁਣਾ।" ਉਪਰੰਤ ਪੱਚੀ ਪਾਠ ਸੁਣਾਏ।

ਫਿਰ ਛੁੱਟੀ ਮਿਲੀ ਹੁਕਮ ਹੋਇਆ, "ਸ਼ੁੱਧ ਹੈ, ਜਾ ਕੇ ਆਰਾਮ ਕਰੋ।"

**ਜਨਮ ਜਨਮ ਕੇ ਦੂਖ ਨਿਵਾਰੈ ਸੂਕਾ ਮਨੁ ਸਾਧਾਰੈ ॥**
**ਦਰਸਨੁ ਭੇਟਤ ਹੋਤ ਨਿਹਾਲਾ ਹਰਿ ਕਾ ਨਾਮੁ ਬੀਚਾਰੈ ॥**

*(ਅੰਗ ੬੧੮)*

(ਇਹ ਪ੍ਰਸੰਗ ਮਾਤਾ-ਪਿਤਾ ਪਾਸੋਂ ਮਿਲਿਆ।)

# ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ॥

ਇਕ ਦਿਨ ਬਾਬਾ ਸ੍ਰੀ ਮਹਾਂ ਹਰਿਨਾਮ ਸਿੰਘ ਜੀ ਸਾਈਂ ਰੰਗ-ਰੱਤੇ ਅਗਾਧੇ, ਅਬਾਧੇ, ਅਨੰਦੀ, ਸਰੂਪੇ, ਆਪਣੇ ਸਰੂਪ ਵਿਚ ਮਗਨ ਬੈਠੇ ਦਰਸ਼ਨ ਦੇ ਰਹੇ ਹਨ। ਅਚਾਨਕ ਹੀ ਬਚਨ ਕੀਤਾ, "ਕੋਈ ਹਾਜ਼ਰ ਹੈ ?" ਉਪਰੰਤ ਸੰਤ ਨਰੈਣ ਸਿੰਘ ਜੀ ਮਹਿਣਿਆਂ ਵਾਲੇ ਹਜ਼ੂਰ ਦੇ ਆਸਣ ਦੇ ਬਾਹਰ ਹੀ ਹਰ ਵੇਲੇ ਸਾਵਧਾਨਤਾ ਦੇ ਰੂਪ ਵਿਚ ਮੌਜੂਦ ਰਹਿੰਦੇ ਸਨ ਤੇ ਅੱਜ ਵੀ ਖੜੇ ਸਨ, ਨੇ ਝੱਟ ਹੀ ਆਵਾਜ਼ ਦਿੱਤੀ, "ਮਹਾਰਾਜ, ਮੈਂ ਬਾਲਾ ਹਾਜ਼ਰ ਹਾਂ।" ਹਜ਼ੂਰ ਨੇ ਬਚਨ ਕੀਤਾ, "ਸ਼ੁੱਧ ਹੈ ਬਾਲਿਆ, ਦਿਨ ਹੈ ਕਿ ਰਾਤ ?" ਤਾਂ ਸੰਤ ਨਰੈਣ ਸਿੰਘ ਜੀ ਨੇ ਬਚਨ ਕੀਤਾ, "ਮਹਾਰਾਜ, ਦਿਨ ਦੀ ਦੁਪਹਿਰ ਹੈ।" ਹਜ਼ੂਰ ਨੇ ਬਚਨ ਕੀਤਾ, "ਬਾਲਿਆ, ਡਰੋਲੀ ਵਾਲੇ ਦੋਹਾਂ ਜੀਆਂ ਨੂੰ ਹਾਜ਼ਰ ਕਰੋ।" ਉਸੇ ਸਮੇਂ ਸੰਤ ਨਰੈਣ ਸਿੰਘ ਜੀ ਭਾਈ ਰਤਨ ਸਿੰਘ ਡਰੋਲੀ ਅਤੇ ਜੈ ਕੋਰ ਨੂੰ ਬੁਲਾ ਕੇ ਲੈ ਗਏ। ਦੋਹਾਂ ਨੇ ਨਮਸਕਾਰ ਕੀਤੀ, ਬੇਨਤੀ ਕੀਤੀ, "ਮਹਾਰਾਜ, ਡਰੋਲੀ ਵਾਲੇ ਹਾਜ਼ਰ ਹਨ।" ਤਾਂ ਹਜ਼ੂਰ ਨੇ ਬਚਨ ਕੀਤਾ, "ਸ਼ੁੱਧ ਹੈ।" ਤੁਹਾਨੂੰ ਅਸੀਂ ਇਕ ਬਚਨ ਲਿਖਾ ਰਹੇ ਹਾਂ, ਲਿਖ ਲਵੋ।" ਫਿਰ ਲਿਖਾਇਆ ਅਤੇ ਲਿਖਾਉਣ ਉਪਰੰਤ ਬਚਨ ਕੀਤਾ, "ਇਸ ਨੂੰ ਉਸ ਵਕਤ ਪੜ੍ਹਨਾ, ਜਿਸ ਸਮੇਂ ਬੇਅੰਤ ਕਸ਼ਟ ਹੋਵੇ ਤੇ ਸਰੀਰ ਬਹੁਤ ਦੁਖੀ ਹੋਵੇ, ਤਿੰਨ ਵਾਰ ਪੜ੍ਹ ਲਵੋ ਜਾਂ ਕਿਸੇ ਨੂੰ ਸੁਣਾ ਦਿਉ। ਸਭ ਦੁੱਖ ਤਕਲੀਫ਼ ਦੂਰ ਹੋਏਗੀ। ਇਸ ਬਚਨ ਨੂੰ ਸੰਭਾਲ ਕੇ ਰੱਖਣਾ।" ਉਪਰੰਤ ਜਿਸ ਸਮੇਂ ਭਾਈ ਰਤਨ ਸਿੰਘ ਡਰੋਲੀ ਸਮੇਤ ਜੈ ਕੌਰ ਕਲੇਰੀ ਬਾਬਾ ਅਨੰਦ ਸਿੰਘ ਜੀ ਪਾਸ ਸੇਵਾ ਵਿਚ ਆਏ। ਇਕ ਵਾਰ ਝੰਗ ਮਘਿਆਣੇ (ਪਾਕਿਸਤਾਨ) ਦੇ ਇਲਾਕੇ ਪਿੰਡ ਬਾਗਾਂ ਵਿਚ ਸਨ। ਉਸ ਵਕਤ ਬਾਬਾ ਅਨੰਦ ਸਿੰਘ ਜੀ ਕਲੇਰਾਂ ਵਾਲਿਆਂ ਦਾ ਸਰੀਰ ਢਿੱਲਾ ਹੋ ਗਿਆ। ਇਕ ਦਿਨ ਬਾਬਾ ਅਨੰਦ ਸਿੰਘ ਜੀ ਨੇ ਪੁੱਛਿਆ, "ਡਰੋਲੀ, ਕੋਈ ਭੁੱਚੋ ਵਾਲਿਆਂ ਦਾ ਬਚਨ ਸੁਣਾ।"

ਡਰੋਲੀ ਜੀ ਨੇ ਇਕ ਸਾਖੀ ਸੁਣਾਈ ਤੇ ਬਾਬਾ ਜੀ ਨੇ ਕਿਹਾ, "ਨਹੀਂ, ਹੋਰ।" ਤੇ ਫਿਰ ਇਕ ਹੋਰ ਸਾਖੀ ਸੁਣਾਈ। ਉਪਰੰਤ ਬਾਬਾ ਜੀ ਨੇ ਸਪੱਸ਼ਟ ਤੌਰ 'ਤੇ ਬਚਨ ਕੀਤਾ, "ਤੈਨੂੰ ਭੁੱਚੋ ਵਾਲਿਆਂ ਨੇ ਕੋਈ ਬਚਨ ਦੁੱਖ ਕਸ਼ਟ ਵੇਲੇ ਪੜ੍ਹਨ ਵਾਲਾ ਲਿਖਾਇਆ ਹੈ।" ਤਾਂ ਡਰੋਲੀ ਜੀ ਨੇ ਕਿਹਾ, "ਜੀ, ਉਹ ਲਿਖਾਇਆ ਹੈ, ਮੇਰੇ ਘਰ ਵਾਲੀ ਦੇ ਕੋਲ ਕਾਪੀ ਹੈ।" ਉਪਰੰਤ ਬਾਬਾ ਜੀ ਨੇ ਤਾੜਨਾ ਦੇ ਰੂਪ ਵਿਚ ਕਿਹਾ, "ਬੁੱਧੂ ਆਦਮੀ ਨਾ ਹੋਵੇ, ਤੇਰੇ ਨਾਲੋਂ ਤਾਂ ਉਹੀ ਸਿਆਣੀ ਹੈ। ਬਚਨ ਤਾਂ ਲਿਖ ਕੇ ਸੰਭਾਲਿਆ ਹੈ, ਤੂੰ ਤਾਂ ਯਾਦ ਹੀ ਨਹੀਂ ਕੀਤਾ ਤੇ ਹੁਣੇ ਜਾ, ਜਾ ਕੇ ਬਾਗੀਂ ਗੁਰਦੁਆਰੇ ਵਿਚੋਂ ਲੈ ਕੇ ਆ ਤੇ ਸਾਨੂੰ ਸੁਣਾ।" ਉਸ ਸਮੇਂ ਰਾਤ ਦੇ ਗਿਆਰਾਂ ਵਜੇ ਸਨ। ਡਰੋਲੀ ਜੀ ਛੇਤੀ-ਛੇਤੀ ਬਾਗੀਂ ਗੁਰਦੁਆਰੇ ਆਏ ਤੇ ਉਹ ਲਿਖਿਆ ਹੋਇਆ ਬਚਨ ਲੈ ਕੇ ਬਾਬਾ ਜੀ ਪਾਸ ਭਿੜਕੀ ਪਹੁੰਚੇ। ਉਸ ਸਮੇਂ ਬਾਬਾ ਅਨੰਦ ਸਿੰਘ ਜੀ ਨੇ ਬਚਨ ਕੀਤਾ, "ਲਿਆਉ, ਇਕ ਚਾਦਰ ਸਾਡੇ ਸਿਰਹਾਣੇ ਵੱਲ ਵਿਛਾਉ।" ਉਪਰੰਤ ਬਾਬਾ ਈਸ਼ਰ ਸਿੰਘ ਜੀ ਨੇ ਇਕ ਚਾਦਰ ਵਿਛਾਈ। ਸ੍ਰੀ ਬਾਬਾ ਅਨੰਦ ਸਿੰਘ ਜੀ ਨੇ ਹੁਕਮ ਕੀਤਾ, "ਬਈ ਡਰੋਲੀ, ਗੁਰੂਆਂ ਦਾ ਬਚਨ ਹੈ, ਇਸ ਦੇ ਉੱਤੇ ਬੈਠ ਕੇ ਸੁਣਾ।" ਉਪਰੰਤ ਉਹ ਬਚਨ ਤਿੰਨ ਵਾਰ ਪੜ੍ਹਿਆ, ਸੁਨਣ ਉਪਰੰਤ ਬਾਬਾ ਅਨੰਦ ਸਿੰਘ ਜੀ ਉੱਠ ਕੇ ਬੈਠ ਗਏ ਅਤੇ ਬਚਨ ਕੀਤਾ, "ਲੈ ਬਈ, ਸਰੀਰ ਤਾਂ ਇਉਂ ਹੋ ਗਿਆ ਜਿਵੇਂ ਕਦੇ ਬੀਮਾਰ ਹੋਏ ਹੀ ਨਹੀਂ ਹੁੰਦੇ।"

**(2)**

ਦੂਜੀ ਵਾਰ ਗੁਰਦਿਆਲ ਸਿੰਘ ਦਰਜੀ ਸਿੱਖ ਕਲੇਰਾਂ ਵਾਲਾ ਜਦੋਂ ਬਾਬਾ ਅਨੰਦ ਸਿੰਘ ਜੀ ਪਾਸ ਕਲੇਰੀਂ ਕੀਰਤਨ ਕਰਦਾ ਹੁੰਦਾ ਸੀ। ਇਕ ਵਾਰ ਇਸ ਦੇ ਵੱਡੀ ਮਾਤਾ (ਚੇਚਕ) ਨਿਕਲ ਆਈ। ਗੁਰਦਿਆਲ ਸਿੰਘ ਦੇ ਘਰੋਂ ਬੀਬੀ ਨੰਦ ਕੌਰ ਨੇ ਬਾਬਾ ਹਜ਼ੂਰਾ ਸਿੰਘ ਜੀ ਰਾਹੀਂ ਬਾਬਾ ਜੀ ਪਾਸ ਅਰਜ਼ ਕੀਤੀ ਕਿ ਕੱਲ ਨੂੰ ਪੂਰਨਮਾਸ਼ੀ ਹੈ, ਗੁਰਦਿਆਲ ਸਿੰਘ ਦੇ ਮਾਤਾ ਨਿਕਲ ਆਈ ਹੈ, ਉਹ ਬਹੁਤ ਔਖਾ ਹੈ। ਬੇਨਤੀ ਸੁਣਨ ਉਪਰੰਤ ਬਾਬਾ

ਅਨੰਦ ਸਿੰਘ ਜੀ ਨੇ ਬਚਨ ਕੀਤਾ ਕਿ ਹਜ਼ੂਰਾ ਸਿੰਘਾਂ, ਉਹ ਬੀਬੀ ਨੂੰ ਭਾਵ ਕਿ ਨੰਦ ਕੌਰ ਨੂੰ ਕਹੋ ਕਲੇਰੀਂ ਪਿੰਡ ਡਰੋਲੀ ਦੇ ਘਰ ਵਾਲੀ ਕੋਲ ਭੁੱਚੋ ਵਾਲਿਆਂ ਦਾ ਲਿਖਾਇਆ ਬਚਨ ਹੈ। ਉਹ ਬਚਨ ਤਿੰਨ ਵਾਰੀ ਸੁਣ ਲਵੇ, ਮਾਤਾ ਦਾ ਨਾਮ-ਨਿਸ਼ਾਨ ਨਹੀਂ ਰਹਿਣਾ। ਉਪਰੰਤ ਬੀਬੀ ਨੰਦ ਕੌਰ ਕਲੇਰੀਂ ਮਾਈ ਜੈ ਕੌਰ ਕੋਲ ਆਈ। ਬਾਬਾ ਜੀ ਦਾ ਹੁਕਮ ਸੁਣਾਇਆ। ਬੀਬੀ ਜੈ ਕੌਰ ਨੇ ਬਾਬਾ ਜੀ ਦੇ ਹੁਕਮ ਅਨੁਸਾਰ ਉਹ ਬਚਨ ਭਾਈ ਗੁਰਦਿਆਲ ਸਿੰਘ ਨੂੰ ਸੁਣਾਇਆ ਜੋ ਕਿ ਬਾਬਾ ਜੀ ਦੀ ਕ੍ਰਿਪਾ ਨਾਲ ਕੁਝ ਘੰਟਿਆਂ ਵਿਚ ਹੀ ਤੰਦਰੁਸਤ ਹੋ ਗਿਆ। ਉਹ ਭਾਈ ਗੁਰਦਿਆਲ ਸਿੰਘ ਅੱਜ ਤਕ ਮੌਜੂਦ ਹੈ। ਇਹ ਉਪਰਲਾ ਬਚਨ ਮਾਤਾ-ਪਿਤਾ ਪਾਸੋਂ ਮਿਲਿਆ ਤੇ ਹੇਠਲਾ 2 ਨੰਬਰ ਬਚਨ ਗੁਰਦਿਆਲ ਸਿੰਘ ਨੇ ਆਪ ਲਿਖਾਇਆ।

ਇਸ ਤੋਂ ਬਾਅਦ ਇਕ ਸਮੇਂ ਬਾਬਾ ਅਨੰਦ ਸਿੰਘ ਜੀ ਕਲੇਰਾਂ ਵਾਲਿਆਂ ਨੇ ਪੁੱਛਿਆ, "ਡਰੋਲੀ, ਜਦੋਂ ਤੁਹਾਨੂੰ ਭੁੱਚੋ ਵਾਲਿਆਂ ਨੇ ਸੇਵਾ ਦਿੱਤੀ ਸੀ, ਕੀ ਬਚਨ ਕੀਤਾ ਸੀ ?" ਡਰੋਲੀ ਜੀ ਨੇ ਦੱਸਿਆ, "ਜੀ, ਉਹਨਾਂ ਨੇ ਬਚਨ ਕੀਤਾ ਸੀ ਕਿ ਤੁਸੀਂ ਤਿੰਨ ਜਨਮ ਤੋਂ ਸਾਡੇ ਨਾਲ ਆ ਰਹੇ ਹੋ, ਇਸ ਕਰਕੇ ਸੇਵਾ ਦਿੱਤੀ ਹੈ।" ਸੁਣਨ ਉਪਰੰਤ ਬਾਬਾ ਅਨੰਦ ਸਿੰਘ ਜੀ ਕਲੇਰਾਂ ਵਾਲਿਆਂ ਨੇ ਬਚਨ ਕੀਤਾ, "ਇਹ ਜੋ ਬਚਨ ਭੁੱਚੋ ਵਾਲਿਆਂ ਨੇ ਤੈਨੂੰ ਲਿਖਾਇਆ ਹੈ, ਤੂੰ ਇਸ ਨੂੰ ਇਉਂ ਸਮਝ ਜਿਵੇਂ ਤੇਰੀ ਤਿੰਨ ਜਨਮ ਦੀ ਸੇਵਾ ਤੋਂ ਬਾਅਦ ਤੈਨੂੰ ਬਖ਼ਸ਼ਿਸ਼ ਮਿਲੀ ਹੈ। ਇਸ ਨੂੰ ਸੰਭਾਲ ਕੇ ਰੱਖੋ, ਐਵੇਂ ਨਹੀਂ ਰੋਲਣਾ। ਕਿਸੇ ਵਕਤ ਕੰਮ ਆਏਗਾ।"

(ਇਹ ਪ੍ਰਸੰਗ ਮਾਤਾ-ਪਿਤਾ ਪਾਸੋਂ ਮਿਲਿਆ।)

# ਜੇਵਡੁ ਸਾਹਿਬੁ ਤੇਵਡ ਦਾਤੀ ਦੇ ਦੇ ਕਰੇ ਰਜਾਈ

ਮਹਾਂ ਪੁਰਖਾਂ ਦੀ ਬਖ਼ਸ਼ਿਸ਼ ਪਤਾ ਨਹੀਂ ਕਿਸ ਸਮੇਂ ਤੇ ਕਿਸ ਉਪਰ ਹੋਈ ਹੈ ਇਕ ਵਾਰ ਸਰਦੀ ਦੀ ਮੌਸਮ ਦਿਨ ਦਾ ਸਮਾਂ ਸੀ ਹਜ਼ੂਰ ਨੇ ਬਚਨ ਕੀਤਾ, "ਬਾਲਿਆ, ਨੀਲਾ ਸਿੰਘ ਨੂੰ ਹਾਜ਼ਰ ਕਰੋ।" ਹੁਕਮ ਅਨੁਸਾਰ ਨੀਲਾ ਸਿੰਘ ਨੇ ਹਾਜ਼ਰ ਹੋ ਕੇ ਬੇਨਤੀ ਕੀਤੀ। ਮਹਾਰਾਜ! ਮੈਂ ਨੀਲਾ ਸਿੰਘ ਹਾਜ਼ਰ ਹਾਂ, ਹੁਕਮ ਕਰੋ। ਤਾਂ ਬਾਬਾ ਜੀ ਨੇ ਬਚਨ ਕੀਤਾ, "ਨੀਲਾ ਸਿਆਂ, ਤੂੰ ਕਿਲ੍ਹੇ ਕੋਲ ਜਿਹੜਾ ਖੂਹ ਹੈ ਉਥੇ ਪਹੁੰਚ ਉਥੇ ਦੋ ਬੇਰ ਵੇਚਣ ਵਾਲੀਆਂ ਬੈਠੀਆਂ ਹਨ ਉਹਨਾਂ ਨੂੰ ਬੁਲਾ ਕੇ ਲੈ ਆ।" ਹੁਕਮ ਅਨੁਸਾਰ ਦੋ (ਚੰਗੜਨੀਆਂ) ਬੇਰ ਵੇਚ ਰਹੀਆਂ ਸਨ। ਉਹਨਾਂ ਕੋਲ ਜਾ ਕੇ ਬੁਲਾ ਕੇ ਲੈ ਆਇਆ ਇਕ ਤਾਂ ਉਸੇ ਸਮੇਂ ਹੀ ਨਾਲ ਤੁਰ ਪਈ ਦੂਸਰੀ ਕੁਝ ਦੇਰ ਬਾਅਦ ਚੱਲ ਪਈ। ਉਪਰੰਤ ਨੀਲਾ ਸਿੰਘ ਡੇਰੇ ਅੱਪੜ ਗਿਆ। ਬਾਬਾ ਜੀ ਕੋਲ ਬੇਨਤੀ ਕਰ ਦਿੱਤੀ, "ਮਹਾਰਾਜ, ਬੇਰ ਵੇਚਣ ਵਾਲੀ ਹਾਜ਼ਰ ਹੈ।" ਫਿਰ ਮੁਣਸੀ ਹਰਦਿੱਤ ਸਿੰਘ ਨੂੰ ਹੁਕਮ ਕੀਤਾ, "ਮੁਣਸ਼ੀ ਪਹਿਲਾਂ ਇਸ ਦੇ ਬੇਰਾਂ ਦਾ ਹਿਸਾਬ ਕਰ ਕੇ ਪੈਸੇ ਦਿਉ।" ਜਿਤਨੇ ਕੁ ਪੈਸੇ ਬਣੇ ਦੇ ਦਿੱਤੇ ਉਪਰੰਤ ਹੁਕਮ ਕੀਤਾ, "ਇਸ ਦਾ ਟਿੱਲੇ ਦੇ ਨੇੜੇ ਜੋ ਤਲਾਅ ਛੱਪੜ ਸੀ ਉਥੋਂ ਪੰਜ ਇਸ਼ਨਾਨਾ ਕਰਾ ਕੇ ਲਿਆਉ। ਉਪਰੰਤ ਉਸ ਦਾ ਮੂੰਹ ਹੱਥ ਧੋਣ ਤੋਂ ਬਾਅਦ ਜਿਸ ਵਕਤ ਹੁਕਮ ਅਨੁਸਾਰ ਸਾਹਮਣੇ ਖੜੀ ਕੀਤਾ। ਉਸ ਮਾਈ ਨੇ ਹੇ ਰਾਮ ਜੀ, ਹੇ ਪ੍ਰਭ ਜੀ, ਹੇ ਰਘੁਪਤੀ ਕਈ ਤਰ੍ਹਾਂ ਦੇ ਨਾਵਾਂ ਨਾਲ ਬਾਬਾ ਜੀ ਨੂੰ ਸੰਬੋਧਨ ਕੀਤਾ ਤੇ ਹੱਥ ਜੋੜ ਕੇ ਖੜੀ ਰਹੀ ਬਾਅਦ ਵਿਚ ਫਿਰ ਉਸ ਨੇ ਮੱਥਾ ਟੇਕਿਆ। ਉਸ ਸਮੇਂ ਸੰਤ ਈਸ਼ਰ ਸਿੰਘ ਜੀ ਰੋੜੀ ਢੰਡਾਲ ਵਾਲੇ ਜਿਹੜੇ ਬਾਬਾ ਖੇਮ ਸਿੰਘ ਜੀ ਤੋਂ ਪਹਿਲੇ ਸਨ। ਇਹ ਉੱਨ ਦੀਆਂ ਮਾਲਾ ਬਾਬਾ

ਜੀ ਦੇ ਹੁਕਮ ਅਨੁਸਾਰ ਬਣਾ ਕੇ ਲਿਆਉਂਦੇ ਸਨ। ਇਕ ਉੱਨ ਦੀ ਮਾਲਾ ਲੈ ਕੇ ਉਸ ਨੂੰ ਦੇ ਕੇ ਬਚਨ ਕੀਤਾ, "ਜਾ ਬਹੁਤਾ ਰੌਲਾ ਨਾ ਪਾ ਜਾ ਕੇ ਆਪਣਾ ਕੰਮ ਕਰ। ਉਪਰੰਤ ਉਹ ਮਾਈ ਮਾਲਾ ਲੈ ਕੇ ਚਲੀ ਗਈ।

**ਜੇਵਡੁ ਆਪਿ ਤੇਵਡ ਤੇਰੀ ਦਾਤਿ ॥**
**ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥**

ਇਸ ਤਰ੍ਹਾਂ ਬਖ਼ਸ਼ਿਸ਼ਾਂ ਵੰਡਿਆ ਕਰਦੇ ਸਨ। ਬਾਬਾ ਮਹਾਂ ਹਰਿਨਾਮ ਸਿੰਘ ਜੀ ਮਹਾਰਾਜ।

(ਇਹ ਪ੍ਰਸੰਗ ਵੱਡਾ ਝੰਡਾ ਸਿੰਘ ਸੇਮਾ ਨਿਵਾਸੀ ਤੋਂ ਮਿਲਿਆ।)

## ਗੁਰਬਾਣੀ ਸੰਗਤ ਬਿਨਾ ਦੂਜੀ ਓਟ ਨਹੀ ਹੈ ਰਾਈ

ਇਕ ਸੇਵਾਦਾਰ ਬਾਬਾ ਜੀ ਪਾਸ ਦੁੱਧ ਲੈ ਕੇ ਆਉਂਦਾ ਹੁੰਦਾ ਸੀ। ਉਸ ਨੇ ਇਕ ਵਾਰ ਬੇਨਤੀ ਕੀਤੀ, "ਮਹਾਰਾਜ, ਇਕ ਬੰਦਾ ਮੇਰੇ ਕੋਲੋਂ ਉਧਾਰ ਲੈ ਕੇ ਮੁੱਕਰ ਗਿਆ ਹੈ ਦਿੰਦਾ ਨਹੀਂ ਕਈ ਮਹੀਨੇ ਹੋ ਗਏ ਹਨ। ਕ੍ਰਿਪਾ ਕਰੋ ਮੇਰਾ ਕਾਰਜ ਰਾਸ ਕਰੋ ਉਪਰੰਤ ਹਜ਼ੂਰ ਨੇ ਬਚਨ ਕੀਤਾ, "ਤੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਧਾਰਨ ਪਾਠ ਕਰਵਾ ਦੇ ਤੇਰਾ ਕਾਰਜ ਰਾਸ ਹੋ ਜਾਏਗਾ।" ਹੁਕਮ ਅਨੁਸਾਰ ਉਸ ਸੇਵਾਦਾਰ ਨੇ ਸਾਧਾਰਨ (ਸਹਿਜ) ਪਾਠ ਕਰਵਾ ਦਿੱਤਾ ਇਕ ਮਹੀਨਾ ਬੀਤਣ ਉਪਰੰਤ ਉਸ ਨੇ ਫਿਰ ਬੇਨਤੀ ਕੀਤੀ ਮਹਾਰਾਜ ਮੇਰਾ ਕੰਮ ਨਹੀਂ ਹੋਇਆ ਤਾਂ ਹਜ਼ੂਰ ਨੇ ਬਚਨ ਕੀਤਾ, "ਪਾਠ ਕਰਨ ਵਾਲਾ ਪਾਠੀ ਪਾਠ ਵਿਚੋਂ ਛੱਡ ਗਿਆ ਹੈ ਤਾਂ ਤੇਰਾ ਕਾਰਜ ਰਾਸ ਨਹੀਂ ਹੋਇਆ ਤੂੰ ਕਿਸੇ ਦਿਨ ਪਾਠੀ ਨੂੰ ਸਾਡੇ ਕੋਲ ਲੈ ਕੇ ਆਈਂ।" ਉਪਰੰਤ ਉਹ ਸੇਵਾਦਾਰ ਉਸ ਪਾਠੀ ਨੂੰ ਨਾਲ ਲੈ ਕੇ ਆਇਆ ਅਤੇ ਬਾਬਾ ਜੀ ਪਾਸ ਬੇਨਤੀ ਕੀਤੀ ਮਹਾਰਾਜ ਪਾਠੀ ਹਾਜ਼ਰ ਹੈ। ਬਾਬਾ ਜੀ ਨੇ ਉਸ ਸਮੇਂ ਹੀ ਪਾਠ ਕਰਨ ਵਾਲੇ ਨੂੰ ਆਪਣੇ ਸਾਹਮਣੇ ਖੜਾ ਕਰ ਕੇ ਗੜ੍ਹਕਵੀਂ ਆਵਾਜ਼ ਵਿਚ ਪੁੱਛਿਆ, "ਕਿਉਂ ਬਈ, ਸੱਚ ਬੋਲੀ ਪਹਿਲਾ ਪੰਜ ਸੌ ਅੰਗ ਤੋਂ ਲੈ

ਅੱਠ ਸੌ ਤਕ, ਫਿਰ ਨੌਂ ਸੌ ਤੋਂ ਲੈ ਕੇ ਗਿਆਰਾਂ ਸੌ ਤਕ ਤੂੰ ਐਨਾ ਪਾਠ ਛੱਡਿਆ ਹੈ ਜੇ ਮੁੱਕਰਿਆ ਤਾਂ ਤੈਨੂੰ ਹੁਣੇ ਹੀ ਕਸ਼ਟ ਹੋ ਜਾਏਗਾ, ਛੇਤੀ ਦੱਸ।" ਉਪਰੰਤ ਉਹ ਸਿੰਘ ਆਪਣੀ ਗ਼ਲਤੀ ਮੰਨ ਗਿਆ ਭੁੱਲ ਵੀ ਮੰਨੀ ਬਾਬਾ ਜੀ ਨੇ ਬਚਨ ਕੀਤਾ, "ਸ਼ੁੱਧ ਹੈ, ਜਾ।" ਹੁਣ ਦੁਬਾਰਾ ਪਾਠ ਕਰ ਫਿਰ ਉਸ ਸਿੰਘ ਨੇ ਦੂਜੀ ਵਾਰੀ ਪਾਠ ਕੀਤਾ। ਉਪਰੰਤ ਇਹ ਸਿੰਘ ਦੁੱਧ ਲੈ ਕੇ ਰੋਜ਼ ਵਾਂਗ ਸੇਵਾ ਵਿਚ ਆ ਰਿਹਾ ਸੀ। ਰਸਤੇ ਵਿਚ ਇਕ ਮੁਸਲਮਾਨ ਫ਼ਕੀਰ ਮਣ੍ਹੇ ਉਪਰ ਬੈਠਾ ਸੀ ਉਸ ਦਾ ਇਕ ਮੁਰੀਦ ਉਥੇ ਮੌਜੂਦ ਸੀ ਉਹ ਫ਼ਕੀਰ ਆਪਣੇ ਚੇਲੇ ਨੂੰ ਕਹਿਣ ਲੱਗਾ ਇਸ ਸਿੱਖ ਦੇ ਜਿਹੜਾ ਕੋਟ ਪਾਇਆ ਹੈ ਤੂੰ ਲਾਹ ਕੇ ਲੈ ਆ। ਉਸ ਨੇ ਇਸੇ ਤਰ੍ਹਾਂ ਹੀ ਕੀਤਾ ਉਪਰੰਤ ਇਸ ਸੇਵਾਦਾਰ ਨੂੰ ਚਲੇ ਜਾਣ ਲਈ ਕਿਹਾ। ਇਹ ਤੁਰ ਪਿਆ ਤੇ ਫਿਰ ਪਿੱਛੋਂ ਆਵਾਜ਼ਾਂ ਦੇ ਕੇ ਇਸ ਦਾ ਕੋਟ ਇਸ ਨੂੰ ਮੋੜ ਦਿੱਤਾ। ਉਪਰੰਤ ਇਹ ਸੇਵਾਦਾਰ ਬਾਬਾ ਜੀ ਪਾਸ ਭੁੱਚੋ ਅੱਪੜਿਆ ਤੁਰੰਤ ਹੀ ਹਜ਼ੂਰ ਨੇ ਪੁੱਛ ਲਿਆ, "ਅੱਜ ਫਿਰ ਰਾਹ ਵਿਚ ਕਿਵੇਂ ਹੋਈ ?" ਇਸ ਸਿੱਖ ਨੇ ਕੋਟ ਲੈਣ ਵਾਲੀ ਤੇ ਫਿਰ ਮੋੜਨ ਵਾਲੀ ਕਹਾਣੀ ਸੁਣਾਈ ਤਾਂ ਹਜ਼ੂਰ ਨੇ ਬਚਨ ਕੀਤਾ, "ਜਾ ਇਕ ਦਮ ਛੇਤੀ ਘਰ ਪਹੁੰਚ ਦੇਣ ਵਾਲਾ ਤੇਰੇ ਘਰ ਆਇਆ ਬੈਠਾ ਹੈ।" ਹੁਕਮ ਅਨੁਸਾਰ ਇਹ ਘਰ ਆਇਆ ਅੱਗੇ ਜਿਹੜੇ ਮੰਗੇ ਤੋਂ ਨਹੀਂ ਸੀ ਦਿੰਦਾ ਉਹ ਸਣੇ ਵਿਆਜ ਮੋੜ ਕੇ ਗਿਆ ਨਾਲੇ ਆਪਣੀ ਗ਼ਲਤੀ ਮੰਨੀ। ਉਪਰੰਤ ਇਸ ਸੇਵਾਦਾਰ ਨੇ ਦੱਸਿਆ, ਭਰਾਵਾ, ਤੂੰ ਵੀ ਅੱਗੇ ਵਾਲਾ ਹੀ ਹੈਂ ਅਤੇ ਮੈਂ ਵੀ ਉਹੀ ਹਾਂ। ਇਹ ਸਭ ਕ੍ਰਿਪਾ ਰੂੰਮੀ ਵਾਲੇ ਮਹਾਰਾਜ ਜੀ ਦੀ ਹੈ। ਇਹ ਗੱਲ ਸੁਣ ਕੇ ਉਸ ਨੇ ਕਿਹਾ ਕਿ ਮੈਨੂੰ ਉਹਨਾਂ ਦੇ ਦਰਸ਼ਨ ਕਰਾ। ਫਿਰ ਉਹ ਵੀ ਇਸ ਦੇ ਨਾਲ ਮਿਲ ਕੇ ਦਰਸ਼ਨ ਕਰਨ ਆਇਆ। ਆਉਣ ਸਮੇਂ ਹੀ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਬਚਨ ਕੀਤਾ, "ਕਿਉਂ ਬਈ, ਇਸ ਤੋਂ ਪਹਿਲਾਂ ਤੂੰ ਕਿੰਨੇ ਬੰਦਿਆਂ ਦੀਆਂ ਅਮਾਨਤਾਂ ਖਾਧੀਆਂ ਹਨ।" ਉਸ ਨੇ ਸੱਚ-ਸੱਚ ਦੱਸ ਦਿੱਤਾ ਤੇ ਆਖਿਆ, "ਮਹਾਰਾਜ, ਮੈਂ ਸਾਰੀ ਜ਼ਿੰਦਗੀ ਜਿਥੇ ਵੀ ਦਾਅ ਲੱਗ ਸਕਦਾ ਸੀ ਸਭ ਤਰ੍ਹਾਂ ਕਰ ਕੇ ਲਾਇਆ ਹੈ।" ਉਪਰੰਤ ਉਸ ਨੂੰ ਬਚਨ ਹੋਇਆ, "ਇਹ ਪਾਪਾਂ ਦੇ ਲੱਦੇ ਹੋਏ ਗੱਡੇ ਕਦੋਂ ਨਿਬੇੜੇਂਗਾ ਚੁਰਾਸੀ ਲੱਖ ਜੂਨ ਭੁਗਤਣੀ ਪਏਗੀ ਕਿਤੇ ਢੋਈ ਨਹੀਂ ਮਿਲਣੀ।

**ਪਾਪ ਕਮਾਵਦਿਆ ਤੇਰਾ ਕੋਇ ਨ ਬੇਲੀ ਰਾਮ॥**

ਉਪਰੰਤ ਉਸ ਨੇ ਮਾਫ਼ੀ ਮੰਗੀ ਤਾਂ ਬਚਨ ਕੀਤਾ, "ਤੂੰ ਸਤਿ ਬਚਨ ਦਾ ਅਧਿਕਾਰੀ ਨਹੀਂ ਬਣਨਾ ਤੇਰਾ ਕੰਮ ਨਹੀਂ ਹੋਣਾ।" ਇਸ ਤੋਂ ਬਾਅਦ ਉਸ ਨੂੰ ਤੋਰ ਦਿੱਤਾ।

(ਇਹ ਪ੍ਰਸੰਗ ਮਾਤਾ-ਪਿਤਾ ਪਾਸੋਂ ਮਿਲਿਆ।)

# ਕਲੇਰਾਂ ਦੀ ਸੰਗਤ ਨੇ ਭੁੱਚੋ ਦਰਸ਼ਨ ਕਰਨ ਆਉਣਾ

ਇਕ ਸਮੇਂ ਬਾਬਾ ਅਨੰਦ ਸਿੰਘ ਜੀ ਨੇ ਕਲੇਰਾਂ ਤੋਂ ਸੰਗੀ ਬੁਲਾ ਕੇ ਹੁਕਮ ਕੀਤਾ, "ਤੁਸੀਂ ਸਾਰੇ ਭੁੱਚੋ ਜਾ ਕੇ ਦਰਸ਼ਨ ਕਰੋ। ਉਥੇ ਆਪ ਪਰਮੇਸ਼ਰ ਬੈਠਾ ਹੈ।" ਸਾਧ ਰੂਪ ਆਪਣਾ ਤਨ ਧਾਰਿਆ। ਇਸ ਹੁਕਮ ਅਨੁਸਾਰ ਕੁਝ ਪ੍ਰੇਮੀ ਸੰਗਤ ਦੇ ਰੂਪ ਵਿਚ ਇਕੱਠੇ ਹੋ ਕੇ ਤੁਰ ਪਏ। ਭਾਈ ਗੁਰਦਿਆਲ ਸਿੰਘ ਰਾਗੀ, ਭਾਈ ਮਹਾਂ ਸਿੰਘ ਜੈਦ, ਭਾਈ ਮਿਹਰ ਸਿੰਘ ਗਿਆਨੀ ਜੈਦ, ਭਾਈ ਚੰਨਣ ਸਿੰਘ ਕਲੇਰ, ਸ. ਈਸ਼ਰ ਸਿੰਘ ਸਰਪੰਚ, ਸੁਦਾਗਰ ਸਿੰਘ ਗਾਗੇ ਦਾ ਪਿਤਾ, ਭਾਈ ਮੇਵਾ ਸਿੰਘ ਰਾਗੀ। ਇਤਨੇ ਹੀ ਨਾਮ ਮਿਲੇ ਹਨ। ਹੋਰ ਵੀ ਕਈ ਪ੍ਰੇਮੀ ਸਨ, ਬਚਨ ਸਿੰਘ ਔਲਖ ਦਾ ਲੜਕਾ ਨਿਰੰਜਨ ਸਿੰਘ ਢੋਲਕੀ ਚਿਮਟੇ ਨਾਲ ਸ਼ਬਦ ਪੜ੍ਹਦੇ ਹੋਏ ਭੁੱਚੋ ਪਹੁੰਚੇ। ਜਿਸ ਸਮੇਂ ਭੁੱਚੋ ਨਗਰ ਦੇ ਨੇੜੇ ਪਹੁੰਚੇ, ਸੰਗਤ ਨੇ ਫਿਰ ਕੀਰਤਨ ਆਰੰਭ ਕਰ ਦਿੱਤਾ।

**ਮੈਂ ਸੋਭਾ ਸੁਣ ਕੇ ਆਇਆ, ਉੱਚਾ ਦਰ ਬਾਬੇ ਨਾਨਕ ਦਾ।**
**ਊਚ ਅਪਾਰ ਬੇਅੰਤ ਸੁਆਮੀ ਕਉਣੁ ਜਾਣੈ ਗੁਣ ਤੇਰੇ॥**

ਜੋਟੀਆਂ ਨਾਲ ਸ਼ਬਦ ਪੜ੍ਹਦੇ ਹੋਏ ਬਾਬਾ ਜੀ ਦੇ ਅਸਥਾਨ ਦੇ ਨੇੜੇ ਪਹੁੰਚੇ। ਪਹਿਰੇਦਾਰ ਨੇ ਸ਼ਬਦ ਕੀਰਤਨ ਸੁਣ ਕੇ ਬਾਬਾ ਜੀ ਕੋਲ ਬੇਨਤੀ ਕੀਤੀ, "ਜੀ, ਕਲੇਰਾਂ ਵਾਲਿਆਂ ਦੇ ਸੇਵਕ ਸ਼ਬਦ ਚੌਂਕੀ ਕਰਦੇ ਆ ਰਹੇ

ਹਨ।" ਬਾਬਾ ਜੀ ਨੇ ਬਚਨ ਕੀਤਾ, "ਆਉਣ ਦਿਉ, ਜਿਵੇਂ ਆ ਰਹੇ ਹਨ। ਸ਼ੁੱਧ ਹੈ।" ਉਪਰੰਤ ਹੁਕਮ ਕੀਤਾ, "ਇਹਨਾਂ ਦੇ ਢੋਲਕੀ ਚਿਮਟੇ ਹੁਣ ਵਾਲੀ ਕੋਠੀ ਵਿਚ ਰਖਾ ਕੇ ਅੱਗੇ ਲਿਆਉ।" ਇਸ ਤਰ੍ਹਾਂ ਕਰਨ ਉਪਰੰਤ ਸਭ ਸੰਗਤ ਨੇ ਹਜ਼ੂਰ ਦੇ ਅੱਗੇ ਜਾ ਕੇ ਨਮਸਕਾਰ ਕੀਤੀ। ਤੁਰੰਤ ਹੀ ਬਾਬਾ ਜੀ ਨੇ ਬਚਨ ਕੀਤਾ, "ਵੇਖ ਨੰਗੀਆਂ ਤਲਵਾਰਾਂ, ਬਿਸ਼ਨੋ ਭੱਜ ਗਈ।" ਤਿੰਨ ਵਾਰ ਇਹ ਬਚਨ ਕੀਤਾ ਭਾਵ ਕਿ ਮਾਇਆ ਰੂਪੀ ਬਿਸ਼ਨੋ ਭਗਤੀ ਰੂਪੀ ਤਲਵਾਰ ਦੇ ਅੱਗੇ ਨਹੀਂ ਠਹਿਰ ਸਕਦੀ।

**ਕਾਢਿ ਖੜਗੁ ਗੁਰ ਗਿਆਨੁ ਕਰਾਰਾ**
**ਬਿਖੁ ਛੇਦਿ ਛੇਦਿ ਰਸੁ ਪੀਜੈ॥**

*(ਰਾਗ ਕਲਿਆਨ ਮਹਲਾ ੪, ਅੰਗ ੧੩੨੪)*

ਰਾਤ ਨੂੰ ਲੰਗਰ ਵਿਚੋਂ ਪ੍ਰਸ਼ਾਦਾ ਛੱਕ ਕੇ ਸਭ ਨੇ ਆਰਾਮ ਕੀਤਾ। ਫਿਰ ਅਗਲੇ ਦਿਨ ਸਭ ਸੰਗਤ ਨੂੰ ਆਪੋ-ਆਪਣੇ ਨਾਮ ਲਿਖਾਉਣ ਦਾ ਹੁਕਮ ਹੋਇਆ। ਰਾਤ ਨੂੰ ਸਭ ਸੰਗਤ ਨੇ ਅਜੀਬ ਕਿਸਮ ਦਾ ਰੱਬੀ ਕੌਤਕ ਦੇਖਿਆ। ਅੱਧੀ ਰਾਤ ਨੂੰ ਡਾਂਗ-ਸੋਟੇ ਦਾ ਖੜਾਕ, ਫੜ ਲਉ, ਮਾਰ ਲਉ, ਤਕੜੇ ਹੋ ਜਾਉ ਦੀਆਂ ਆਵਾਜ਼ਾਂ ਡੇਰੇ ਤੋਂ ਬਾਹਰ, ਫਿਰ ਹੋਰ ਨੇੜੇ-ਨੇੜੇ ਆ ਗਈਆਂ। ਡੇਰੇ ਵਿਚ ਆ ਗਈਆਂ। ਅਖ਼ੀਰ ਉੱਤੇ ਸਭ ਸੰਗਤ ਇਕ ਵਾਰ ਤਾਂ ਡਰ ਕੇ ਉੱਠ ਬੈਠੀ। ਅਚਾਨਕ ਹੀ ਇਹ ਆਵਾਜ਼ਾਂ ਬੰਦ ਹੋ ਗਈਆਂ। ਉਪਰੰਤ ਸਭ ਸੰਗਤ ਅੱਗੇ ਵਾਂਗ ਹੀ ਸੌਂ ਗਏ। ਕੁਝ ਸਮੇਂ ਬਾਅਦ ਦਿਨ ਚੜ੍ਹਿਆ, ਸਭ ਉੱਠ ਬੈਠੇ। ਉਪਰੰਤ ਭਾਈ ਗੁਰਦਿਆਲ ਸਿੰਘ ਰਾਗੀ ਦਿਨ ਚੜ੍ਹੇ ਡੇਰੇ ਦੇ ਅੰਦਰ ਬਾਹਰ ਵੇਖਦਾ ਫਿਰੇ। ਇਥੇ ਰਾਤ ਬੜਾ ਰੌਲਾ ਪਿਆ ਸੀ, ਪਰੰਤੂ ਕੋਈ ਪਤਾ ਨਾ ਲੱਗੇ ਅਤੇ ਬੇਅੰਤ ਖ਼ੁਸ਼ਬੋ ਵੀ ਚਾਰ-ਚੁਫੇਰੇ ਤੋਂ ਆ ਰਹੀ ਸੀ। ਇਸ ਡੇਰੇ ਵਿਚ ਇਕ ਭਾਈ ਕੇਸਰ ਸਿੰਘ ਨਾਮ ਦਾ ਗੁਰਸਿੱਖ ਜਿਹੜਾ ਕਿ ਸੌ-ਡੇਢ ਸੌ ਪਾਠ ਜਪੁ ਜੀ ਸਾਹਿਬ ਦਾ ਰੋਜ਼ਾਨਾ ਕਰਦਾ ਹੁੰਦਾ ਸੀ। ਜਿਵੇਂ ਗੁਰਵਾਕ ਹੈ:

**ਅੰਧੇ ਏਹਿ ਨਾ ਆਖੀਅਨਿ ਜਿਨ ਮੁਖਿ ਲੋਇਣ ਨਾਹਿ॥**
**ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ॥੧॥**

*(ਵਾਰ ਰਾਮਕਲੀ ਮਹਲਾ ੨, ਅੰਗ ੯੫੪)*

ਇਹ ਬਚਨ ਇਸ ਗੁਰਮੁਖ ਉੱਤੇ ਪੂਰਾ ਢੁਕਦਾ ਸੀ। ਉਹ ਇਸ ਗੁਰਦਿਆਲ ਸਿੰਘ ਰਾਗੀ ਨੂੰ ਕਹਿਣ ਲੱਗਾ, "ਕਾਕਾ, ਕੀ ਵੇਖਦਾ ਹੈਂ ?" ਅੱਗੋਂ ਗੁਰਦਿਆਲ ਸਿੰਘ ਰਾਗੀ ਨੇ ਕਿਹਾ, "ਜੀ, ਰਾਤ ਇਥੇ ਡੇਰੇ ਵਿਚ ਲੜਾਈ ਬੜੀ ਹੋਈ ਸੀ, ਰੌਲਾ ਬੜਾ ਪਿਆ ਸੀ। ਹੁਣ ਤਾਂ ਕੋਈ ਓਪਰਾ ਬੰਦਾ ਨਜ਼ਰ ਨਹੀਂ ਆ ਰਿਹਾ। ਉਹ ਮੈਂ ਵੇਖ ਰਿਹਾ ਹਾਂ।" ਅੱਗੋਂ ਭਾਈ ਕੇਸਰ ਸਿੰਘ ਨੇ ਕਿਹਾ, "ਕਾਕਾ, ਉਹ ਲੜਾਈ ਨਹੀਂ ਸੀ, ਉਹ ਤਾਂ ਅੱਧੀ ਰਾਤ ਦੇ ਸਮੇਂ ਸ਼ਹੀਦ ਸਿੰਘ ਜੋਸ਼ ਨਾਲ ਗਤਕਾ ਖੇਡਦੇ ਆ ਰਹੇ ਸਨ। ਉਪਰੰਤ ਹੁਕਮ ਅਨੁਸਾਰ ਉਹ ਆਏ ਤੇ ਚਲੇ ਗਏ। ਆਹ ਵੇਖ ਜਿਹੜੀ ਵਾਸ਼ਨਾ (ਸੁਗੰਧੀ) ਆ ਰਹੀ ਹੈ, ਇਹ ਸਭ ਉਹਨਾਂ ਨੇ ਰੂਹ-ਕਿਉੜਾ ਛਿੜਕਿਆ ਹੈ।" ਉਪਰੰਤ ਅਗਲੇ ਦਿਨ ਸਭ ਨੇ ਨਾਮ ਲਿਖਾਏ, ਬਾਬਾ ਜੀ ਨੇ ਸਭ ਨੂੰ ਖ਼ੁਸ਼ੀਆਂ ਬਖ਼ਸ਼ ਕੇ ਵਿਦਾ ਕੀਤਾ ਤੇ ਬਚਨ ਕੀਤਾ, "ਮਹਾਂਪੁਰਖਾਂ ਦੀ ਸੰਗਤ ਕਰਦੇ ਰਹਿਣਾ।"

(ਇਹ ਬਚਨ ਭਾਈ ਗੁਰਦਿਆਲ ਸਿੰਘ ਰਾਗੀ ਕਲੇਰਾਂ ਨਿਵਾਸੀ ਤੋਂ ਮਿਲਿਆ।)

## ਜਿਸ ਨੋ ਸਾਹਿਬੁ ਵਡਾ ਕਰੇ ਸੋਈ ਵਡ ਜਾਣੀ॥ ਤੂੰ ਘਟਿ ਘਟਿ ਇਕੁ ਵਰਤਦਾ ਸਚੁ ਸਾਹਿਬ ਚਲਤੈ॥

ਜਿਸ ਗੁਰੂ ਪਾਸੋਂ ਦਾਤਾਂ ਲਈਆਂ, ਉਸ ਦਾ ਸ਼ੁਕਰਾਨਾ ਕਿਵੇਂ ਕਰਨਾ ਹੈ, ਮਾਣ-ਵਡਿਆਈ ਪ੍ਰਾਪਤ ਕਰ ਕੇ ਫਿਰ ਗੁਰੂ ਅੱਗੇ ਸਿਰ ਝੁਕਾ ਕੇ ਆਪ ਵੀ ਸ਼ੁਕਰਾਨਾ ਕਰਨਾ, ਸੰਗਤ ਨੂੰ ਇਕੱਲੀ ਨੂੰ ਭੁੱਚੋ ਭੇਜਣਾ। ਜਦੋਂ ਆਪ ਵੀ ਜਾਣਾ ਸੰਗਤ ਵੱਧ ਤੋਂ ਵੱਧ ਨਾਲ ਲੈ ਕੇ ਜਾਣਾ। ਇਹ ਸਿਫ਼ਤਾਂ ਬਾਬਾ ਅਨੰਦ ਸਿੰਘ ਜੀ ਮਹਾਰਾਜ ਵਿਚ ਸਨ। ਦਾਸ ਲੇਖਕ ਤਾਂ ਇਹ ਕੁਝ ਕਹੇਗਾ, ਇਹ ਪੂਰਨੇ ਵੀ ਬਾਬਾ ਅਨੰਦ ਸਿੰਘ ਜੀ ਕਲੇਰਾਂ ਵਾਲਿਆਂ ਨੇ ਹੀ ਪਾਏ ਹਨ। ਇਸ ਸਮੇਂ ਬਾਬਾ ਜੀ ਕਲੇਰਾਂ ਵਾਲੇ ਮਾਝੇ ਦੇ ਇਲਾਕੇ ਵਿਚੋਂ ਆਏ। ਨਾਲ ਸੰਗਤ ਵੀ ਮਾਝੇ ਦੀ ਸੀ। ਜਿੰਨੇ ਕੁ ਨਾਮ ਮਿਲੇ, ਉਹ ਪ੍ਰੇਮੀ ਇਹ

ਸਨ—ਸ. ਸੁਰੈਣ ਸਿੰਘ, ਸ. ਖ਼ੁਸ਼ਹਾਲ ਸਿੰਘ, ਲਾਲਾ ਦਾਸੂ ਰਾਮ, ਪੱਤੋ ਮੰਡੀ ਤੋਂ ਚੰਦਾ ਸਿੰਘ, ਇਸ ਦੀ ਮਾਤਾ ਭਾਗਣ, ਵਾਂ ਖਾਰਾਂ ਤੋਂ ਲਾਲਾ ਧਨਪਤ ਰਾਏ, ਚੂਨੀਆਂ ਤੋਂ ਸ. ਰਛਪਾਲ ਸਿੰਘ, ਬਹਿੜਵਾਲ ਤੋਂ ਮਾਈ ਮੋਕਲ ਅਤੇ ਇਸ ਦੀ ਨੂੰਹ, ਹੋਰ ਵੀ ਪ੍ਰੇਮੀ ਸਨ ਅਤੇ ਬਾਬਾ ਜੀ ਮਹਾਂ ਹਰਿਨਾਮ ਸਿੰਘ ਜੀ ਨੂੰ ਸਭ ਨੇ ਵਾਰੀ-ਵਾਰੀ ਨਮਸਕਾਰ ਕੀਤੀ। ਉਸ ਸਮੇਂ ਭਾਈ ਰਤਨ ਸਿੰਘ ਡਰੋਲੀ ਬਾਬਾ ਜੀ ਨੂੰ ਨਿਤਨੇਮ ਅਨੁਸਾਰ ਸੁਖਮਨੀ ਸਾਹਿਬ ਦਾ ਪਾਠ ਸੁਣਾ ਰਹੇ ਸਨ। ਸਰਬੱਤ ਸੰਗਤ ਨੇ ਵੀ ਪਾਠ ਸੁਣਿਆ। ਉਪਰੰਤ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਸਭ ਸੰਗਤ ਦੀ ਹਾਜ਼ਰੀ ਇਕੱਲੇ-ਇਕੱਲੇ ਦਾ ਨਾਮ ਲੈ ਕੇ ਲੁਆਈ। ਫਿਰ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਕਲੇਰਾਂ ਵਾਲੇ ਬਾਬਾ ਜੀ ਨੂੰ ਮੁਖ਼ਾਤਬ ਹੋ ਕੇ ਬਚਨ ਕੀਤਾ, "ਕਿਉਂ ਮਹਾਂਪੁਰਖੋ, ਸਾਡਾ ਪਾਠੀ ਚੰਗਾ ਪਾਠ ਕਰਦਾ ਹੈ ?" ਕਲੇਰਾਂ ਵਾਲਿਆਂ ਨੇ ਉੱਤਰ ਵਿਚ ਬੇਨਤੀ ਕੀਤੀ, "ਗਰੀਬ ਨਿਵਾਜ, ਤੁਹਾਡਾ ਸਭ ਕੁਝ ਚੰਗਾ ਹੀ ਹੈ।" ਤਾਂ ਭੁੱਚੋ ਵਾਲਿਆਂ ਨੇ ਉੱਤਰ ਦਿੱਤਾ, "ਨਹੀਂ ਮਹਾਂਪੁਰਖੋ, ਪਾਠੀ ਬਾਰੇ ਪੁੱਛਿਆ ਹੈ, ਕਿ ਪਾਠੀ ਕਿਹੋ ਜਿਹਾ ਹੈ। ਤੁਸੀਂ ਪਾਠੀ ਉੱਤੇ ਮੋਹਰ ਲਾਉ।" ਉਪਰੰਤ ਬਾਬਾ ਅਨੰਦ ਸਿੰਘ ਜੀ ਨੇ ਬਚਨ ਕੀਤਾ, "ਜਦੋਂ ਤੁਸੀਂ ਮੋਹਰ ਲਾਈ, ਸਭ ਦੀ ਲੱਗ ਗਈ।" ਤਾਂ ਭੁੱਚੋ ਵਾਲਿਆਂ ਨੇ ਬਚਨ ਕੀਤਾ, "ਮਹਾਂਪੁਰਖੋ, ਸ਼ੁੱਧ ਹੈ।" ਉਪਰੰਤ ਸਾਰੀ ਸੰਗਤ ਨੂੰ ਕੋਠੀ ਦੇ ਬਰਾਂਡੇ ਵਿਚ ਅਤੇ ਬਾਬਾ ਅਨੰਦ ਸਿੰਘ ਜੀ ਨੂੰ ਟਿੱਲੇ ਉੱਤੇ ਆਸਣ ਲਾਉਣ ਦਾ ਹੁਕਮ ਹੋਇਆ। ਸ. ਖ਼ੁਸ਼ਹਾਲ ਸਿੰਘ ਨੂੰ ਪਹਿਰੇ ਦਾ ਹੁਕਮ ਹੋਇਆ। ਫਿਰ ਲੰਗਰ ਪਕਾ ਕੇ ਭਾਈ ਰਤਨ ਸਿੰਘ ਡਰੋਲੀ ਅਤੇ ਜੈ ਕੌਰ ਲੈ ਆਏ। ਮਰਿਆਦਾ ਸਾਰੇ ਲੰਗਰ ਦੀ ਹੋਣ ਉਪਰੰਤ ਸੰਗਤ ਨੇ ਲੰਗਰ ਛਕਿਆ। ਫਿਰ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਭਾਈ ਰਤਨ ਸਿੰਘ ਡਰੋਲੀ ਨੂੰ ਸੱਦ ਕੇ ਹੁਕਮ ਕੀਤਾ, "ਤੁਸੀਂ ਦੋਵੇਂ ਜੀਅ ਜਾ ਕੇ ਮਹਾਂਪੁਰਖਾਂ ਨੂੰ ਮੱਥਾ ਟੇਕੋ।" ਹੁਕਮ ਅਨੁਸਾਰ ਸ. ਖ਼ੁਸ਼ਹਾਲ ਸਿੰਘ ਰਾਹੀਂ ਆਗਿਆ ਲੈ ਕੇ ਨਮਸਕਾਰ ਕੀਤੀ। ਅੱਗੋਂ ਕਲੇਰਾਂ ਵਾਲਿਆਂ ਨੇ ਬਚਨ ਕੀਤਾ, "ਤੁਸੀਂ ਇਥੇ ਕੀ ਲੈਣ ਆਏ ਹੋ, ਹੁਣ ਜਾਉ।" ਉਪਰੰਤ ਦੋਵੇਂ ਟਿੱਲੇ ਤੋਂ ਹੇਠਾਂ ਆ ਗਏ। ਜਿਸ ਵਕਤ ਬਾਬਾ ਮਹਾਂ ਹਰਿਨਾਮ ਸਿੰਘ ਜੀ ਪਾਸ ਆਏ ਤਾਂ ਉਹਨਾਂ ਨੇ ਬਚਨ ਕੀਤਾ, "ਜਾ ਆਏ ਮਹਾਂਪੁਰਖਾਂ ਕੋਲ ?

ਉਹਨਾਂ ਨੇ ਕੀ ਬਚਨ ਕੀਤਾ।" ਤਾਂ ਬੇਨਤੀ ਕੀਤੀ, "ਜੀ, ਉਹਨਾਂ ਨੇ ਬਚਨ ਕੀਤਾ ਕਿ ਤੁਸੀਂ ਇਥੇ ਕੀ ਲੈਣ ਆਏ ਹੋ ?" ਅੱਗੋਂ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਥੋੜ੍ਹਾ ਜਿਹਾ ਹੱਸ ਕੇ ਬਚਨ ਕੀਤਾ, "ਤੁਸੀਂ ਕਹਿਣਾ ਸੀ ਕਿ ਤੂੰ ਇਥੇ ਕੀ ਲੈਣ ਆਇਆ ਹੈਂ ?" ਭਾਈ ਰਤਨ ਸਿੰਘ ਡਰੋਲੀ ਨੇ ਬੇਨਤੀ ਕੀਤੀ, "ਅਸੀਂ ਕੁਝ ਨਹੀਂ ਬੋਲੇ।" ਫਿਰ ਭੁੱਚੋ ਵਾਲਿਆਂ ਨੇ ਬਚਨ ਕੀਤਾ, "ਸ਼ੁੱਧ ਹੈ, ਮਹਾਂਪੁਰਖਾਂ ਅੱਗੇ ਬੋਲਣਾ ਵੀ ਨਹੀਂ ਚਾਹੀਦਾ।" ਇਸੇ ਸਮੇਂ ਬਾਬਾ ਜੀ ਦੇ ਦਰਸ਼ਨ ਕਰਨ ਵਾਸਤੇ ਬਾਬਾ ਅਨੰਦ ਸਿੰਘ ਜੀ ਨੇ ਆਗਿਆ ਮੰਗੀ ਤਾਂ ਹਜ਼ੂਰ ਨੇ ਬਚਨ ਕੀਤਾ, "ਆ ਜਾਣ ਦਿਉ, ਸ਼ੁੱਧ ਹੈ।" ਉਪਰੰਤ ਬਾਬਾ ਅਨੰਦ ਸਿੰਘ ਜੀ ਨੇ ਸੰਗਤ ਸਮੇਤ ਆ ਕੇ ਨਮਸਕਾਰ ਕੀਤੀ ਤੇ ਬੈਠ ਗਏ। ਉਸ ਸਮੇਂ ਹਜ਼ੂਰ ਨੇ ਭਾਈ ਰਤਨ ਸਿੰਘ ਡਰੋਲੀ ਨੂੰ ਹੁਕਮ ਕੀਤਾ, "ਤੂੰ ਸੁਖਮਨੀ ਦਾ ਪਾਠ ਖੜਾ ਹੋ ਕੇ ਸੁਣਾ, ਤੇਰੇ ਘਰੋਂ ਦੇਵੀ ਪੱਖਾ ਕਰੇ।" ਸਾਰਾ ਪਾਠ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਸਮੇਤ ਬਾਬਾ ਜੀ ਕਲੇਰਾਂ ਵਾਲਿਆਂ ਦੇ ਸੰਗਤ ਵਿਚ ਬੈਠ ਕੇ ਸੁਣਿਆ। ਪਾਠ ਦੀ ਸਮਾਪਤੀ ਉਪਰੰਤ ਬਾਬਾ ਜੀ ਕਲੇਰਾਂ ਵਾਲਿਆਂ ਦੇ ਇਸ਼ਾਰੇ ਨਾਲ ਦਾਸੂ ਰਾਮ ਪੱਤੋ ਮੰਡੀ ਵਾਲਾ ਉਠਿਆ। ਉਸ ਨੇ ਇਕ ਮਲਮਲ ਦਾ ਥਾਨ ਉੱਤੇ ਕੁਝ ਰੁਪਏ ਰੱਖ ਕੇ ਬਾਬਾ ਮਹਾਂ ਹਰਿਨਾਮ ਸਿੰਘ ਜੀ ਦੇ ਚਰਨਾਂ ਉੱਤੇ ਰੱਖ ਕੇ ਨਮਸਕਾਰ ਕੀਤੀ। ਉਸੇ ਸਮੇਂ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਬਚਨ ਕੀਤਾ, "ਮਹਾਂਪੁਰਖੋ, ਇਹ ਕੀ ਹੈ ?" ਉੱਤਰ ਵਿਚ ਕਲੇਰਾਂ ਵਾਲਿਆਂ ਨੇ ਬੇਨਤੀ ਕੀਤੀ, "ਗਰੀਬ ਨਿਵਾਜ, ਲਾਲਾ ਦਾਸੂ ਰਾਮ ਨੇ ਮਲਮਲ ਦੇ ਥਾਨ ਉੱਤੇ ਰੁਪਏ ਰੱਖ ਕੇ ਨਮਸਕਾਰ ਕੀਤੀ ਹੈ, ਮਨਜ਼ੂਰ ਕਰੋ।" ਅੱਗੋਂ ਸ੍ਰੀ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਬਚਨ ਕੀਤਾ, "ਚੁੱਕੋ, ਛੇਤੀ ਕਰੋ। ਬਹੁਤ ਮਾੜਾ ਕੰਮ ਹੋ ਗਿਆ। ਰਿਖੀ ਜੀ, ਪਹਿਲਾਂ ਪੁੱਛ ਲੈਣਾ ਸੀ। ਅੱਜ ਮਲਮਲ ਦਾ ਥਾਨ ਤੇ ਲਾਲੇ ਦੀ ਭੇਟਾ ਨਹੀਂ ਸੀ ਲੈਣੀ। ਬਾਣੀਆ ਲੈ ਗਿਆ।" ਤਿੰਨ ਵਾਰ ਇਹ ਬਚਨ ਕੀਤਾ, ਨਾਲ ਮਲਮਲ ਦਾ ਥਾਨ ਤੇ ਰੁਪਏ ਮੋੜ ਦਿੱਤੇ ਅਤੇ ਬਾਬਾ ਅਨੰਦ ਸਿੰਘ ਜੀ ਨੇ ਬਚਨ ਕੀਤਾ, "ਗਰੀਬ ਨਿਵਾਜ, ਸਾਥੋਂ ਭੁੱਲ ਹੋ ਗਈ, ਸੁਮੱਤ ਬਖ਼ਸ਼ੋ।" ਅੱਗੋਂ ਸ੍ਰੀ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਬਚਨ ਕੀਤਾ, "ਰਿਖੀ ਜੀ, ਗੁਰੂ ਨਾਨਕ ਦੀ ਕ੍ਰਿਪਾ ਹੈ, ਜੋ ਕੁਝ ਦਰਗਾਹੋਂ ਹੁਕਮ ਵਰਤਣਾ

ਹੁੰਦਾ ਹੈ, ਸਤਿਗੁਰੂ ਨੇ ਸਾਨੂੰ ਇਥੇ ਭੇਜਿਆ ਹੈ। ਮ੍ਰਿਤ-ਮੰਡਲ ਵਿਚ ਬਿਠਾਇਆ ਹੈ। ਉਹ ਹੁਕਮ ਤਾਂ ਪਰਮੇਸ਼ਰ ਦਾ ਚੱਲਦਾ ਹੈ, ਪਰ ਕਿਸੇ ਵਕਤ ਸਾਥੋਂ ਪੁੱਛ ਕੇ ਵੀ ਵਰਤਦਾ ਹੈ।

**ਹਰਿ ਜੀਉ ਸੋਈ ਕਰਹਿ ਜਿ ਭਗਤ ਤੇਰੇ ਜਾਚਹਿ ਏਹੁ ਤੇਰਾ ਬਿਰਦੁ॥**

*(ਰਾਗ ਆਸਾ ਮਹਲਾ ੫, ਅੰਗ ੪੦੬)*

ਅੱਜ ਰਾਜ ਦੀ ਵੰਡ ਹੋ ਰਹੀ ਸੀ ਅਸੀ ਬੇਨਤੀ ਕਰਦੇ ਸੀ, ਹੇ ਸਤਿਗੁਰੂ ਰਾਜ-ਭਾਗ ਕਿਸੇ ਧਰਮੀ ਬੰਦੇ ਨੂੰ ਬਖ਼ਸ਼ੋ। ਰਿਖੀ ਜੀ, ਸਾਰੀ ਉਮਰ ਅਸੀਂ ਖੱਦਰ ਹੀ ਵਰਤਿਆ ਹੈ, ਮਲਮਲ ਨਹੀਂ ਵਰਤੀ। ਸ਼ਾਹੀ ਲਿਬਾਸ ਕਦੇ-ਕਦੇ ਪਹਿਨਦੇ ਹਾਂ, ਉਹ ਵੀ ਆਪ ਬਾਦਸ਼ਾਹੀ ਕਰਨੀ ਕਰਕੇ। ਹੁਣ ਅੰਗਰੇਜ਼ ਤੋਂ ਬਾਅਦ ਬਾਣੀਆ ਫਿਰ ਲੈ ਗਿਆ। ਤੁਸੀਂ ਪੁੱਛ ਕੇ ਭੇਟਾ ਰੱਖਣੀ ਸੀ।" ਇਹ ਬਚਨ ਤਕਰੀਬਨ 1924-25 ਸੰਨ ਦੇ ਹਨ, ਅੱਜ ਪਰਤੱਖ ਵਰਤ ਰਹੇ ਹਨ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕੀ ਬਾਣੀਏ ਧਰਮੀ ਨਹੀਂ ਹਨ। ਬਾਣੀ ਵਿਚ ਫ਼ੁਰਮਾਨ ਹੈ:

**ਨਾਲਿ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ॥**

*(ਸਲੋਕ ਵਾਰਾਂ ਤੇ ਵਧੀਕ ਮਹਲਾ ੧, ਅੰਗ ੧੪੧੨)*

ਕਿਰਾੜ ਜਾਂ ਬਾਣੀਏ ਤੋਂ ਭਾਵ ਹੈ ਆਪਣੇ ਹਿੱਤਾਂ ਨੂੰ ਲੋੜ ਤੋਂ ਵੱਧ ਅੱਗੇ ਰੱਖ ਕੇ ਸਭ ਕੰਮ ਕਰਨਾ-ਕਰਾਉਣਾ। ਇਸ ਸਮੇਂ ਸਭ ਥਾਂ 'ਤੇ ਸਭ ਕੰਮਾਂ ਵਿਚ ਐਸੀ ਮਨੋ-ਬਿਰਤੀ ਵਾਲੇ ਲੋਕ ਹੀ ਪ੍ਰਧਾਨ ਹਨ। ਉਸ ਸਮੇਂ ਬਾਬਾ ਜੀ ਕਲੇਰਾਂ ਵਾਲਿਆਂ ਨੇ ਬੇਨਤੀ ਕੀਤੀ, "ਜੀ, ਅਸੀਂ ਭੁੱਲਣਹਾਰ ਹਾਂ, ਬਖ਼ਸ਼ ਲਵੋ। **ਹਮ ਭੂਲਹ ਤੁਮ ਸਦਾ ਅਭੂਲਾ ਹਮ ਪਤਿਤ ਤੁਮ ਪਤਿਤ ਉਧਰੀਆ॥** ਇਸ ਗਰੀਬ ਦੀ ਕੁਝ ਭੇਟਾ ਤਾਂ ਮਨਜ਼ੂਰ ਕਰੋ।" ਹੁਕਮ ਅਨੁਸਾਰ ਆਪਣੇ ਖ਼ਜ਼ਾਨੇ ਵਿਚੋਂ ਰੁਪਏ ਮੰਗਾ ਕੇ ਨਿਗਾਹ ਕਰ ਕੇ ਦਾਸੂ ਰਾਮ ਨੂੰ ਦੇ ਕੇ ਬਚਨ ਕੀਤਾ, "ਸ਼ੁੱਧ ਹੈ। ਖ਼ਜ਼ਾਨੇ ਵਿਚ ਰੱਖਣੇ, ਧਨ ਦੀ ਤੋਟ ਨਹੀਂ ਆਏਗੀ।" ਇਹ ਰੁਪਏ ਅੱਜ ਤਕ ਉਸ ਪਰਿਵਾਰ ਕੋਲ ਹਨ। ਇਹ ਪਰਿਵਾਰ ਅੱਜ ਕਲ੍ਹ ਕਾਨਪੁਰ ਯੂ.ਪੀ. ਵਿਚ ਵੱਸਦਾ ਹੈ।

(ਇਹ ਪ੍ਰਸੰਗ ਮਾਤਾ-ਪਿਤਾ ਪਾਸੋਂ ਮਿਲਿਆ।)

## ਗੁਰ ਕੀ ਸਿਖ ਕੋ ਵਿਰਲਾ ਲੇਵੈ॥
## ਨਾਨਕ ਜਿਸੁ ਆਪਿ ਵਡਿਆਈ ਦੇਵੈ॥

ਸੇਮੇ ਨਗਰ ਦਾ ਗੁਰਮੁਖ ਪਰਿਵਾਰ ਇਹ ਸਾਰਾ ਹੀ ਬਾਬਾ ਜੀ ਦਾ ਸੇਵਕ ਸੀ। ਨੇਮ ਨਾਲ ਆਉਣਾ, ਸੇਵਾ ਕਰਨੀ, ਖ਼ੁਸ਼ੀ ਨਾਲ ਆਗਿਆ ਦੇਣੀ ਤਾਂ ਜਾਣਾ। ਇਹਨਾਂ ਦਾ ਇਕ ਰਿਸ਼ਤੇਦਾਰ ਜਿਤਨੇ ਕੁ ਇਹ ਸਤਸੰਗੀ ਸਨ, ਪਰ ਉਤਨਾ ਹੀ ਉਹ ਉਲਟ ਜਾਣ ਵਾਲਾ ਸੀ। **ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ॥** ਵਾਲਾ ਬਚਨ ਪਰਤੱਖ ਵਰਤ ਰਿਹਾ ਸੀ। ਫਿਰ ਵੀ ਇਸ ਪਰਿਵਾਰ ਨੇ ਬਾਬਾ ਜੀ ਦੀ ਸੇਵਾ ਅਤੇ ਸੰਗਤ ਨਹੀਂ ਛੱਡੀ। ਇਕ ਵਾਰ ਉਸ ਦੇ ਘਰੋਂ ਕੋਈ ਮਰ ਗਿਆ, ਜਿਥੇ ਹੋਰ ਰਿਸ਼ਤੇਦਾਰ ਪਹੁੰਚੇ, ਸੇਮੇ ਤੋਂ ਇਹ ਪਰਿਵਾਰ ਵੀ ਪਹੁੰਚ ਗਿਆ। ਭੋਗ ਤੋਂ ਉਪਰੰਤ ਮ੍ਰਿਤਕ ਦੇ ਫੁੱਲ ਗੰਗਾ ਵਿਚ ਪ੍ਰਵਾਹ ਕਰਨ ਸਮੇਂ, ਵੱਡੇ ਝੰਡਾ ਸਿੰਘ ਨੂੰ ਸਭ ਨੇ ਨਾਲ ਜਾਣ ਲਈ ਕਿਹਾ। ਅੱਗੋਂ ਵੱਡੇ ਝੰਡਾ ਸਿੰਘ ਨੇ ਕਿਹਾ ਕਿ ਮੈਂ ਤਾਂ ਰੂੰਮੀ ਵਾਲੇ ਮਹਾਰਾਜ ਤੋਂ ਹੁਕਮ ਲੈ ਕੇ ਜਾਵਾਂਗਾ। ਉਥੇ ਇਸ ਨੂੰ ਵੀ ਮੇਰੇ ਨਾਲ ਜਾਣਾ ਪਵੇਗਾ। ਉਹ ਸੰਬੰਧੀ ਨਾ ਚਾਹੁੰਦਾ ਹੋਇਆ ਵੀ ਮੰਨ ਗਿਆ। ਤੁਰਨ ਸਮੇਂ ਵੱਡਾ ਝੰਡਾ ਸਿੰਘ ਤੇ ਦੂਸਰਾ ਉਹ ਪ੍ਰੇਮੀ ਬਾਬਾ ਜੀ ਪਾਸ ਪਹੁੰਚੇ ਅਤੇ ਸਾਰੀ ਵਿਥਿਆ ਦੱਸ ਕੇ ਆਗਿਆ ਮੰਗੀ ਤਾਂ ਹਜ਼ੂਰ ਨੇ ਬਚਨ ਕੀਤਾ, "ਸ਼ੁੱਧ ਹੈ, ਜਾਉ ਪਰ ਆਪਣੀ ਮਰਿਆਦਾ ਕਰ ਕੇ।" ਵੱਡਾ ਝੰਡਾ ਸਿੰਘ ਨੇ ਤਾਂ ਉਸੇ ਵੇਲੇ ਸਾਰੀ ਸ਼ਰ੍ਹਾ ਕਰਵਾ ਲਈ ਪਰੰਤੂ ਉਹ ਪ੍ਰੇਮੀ ਨਾ ਮੰਨਿਆ। ਬਾਬਾ ਜੀ ਪਾਸ ਇਹ ਗੱਲ ਪਹੁੰਚੀ ਤਾਂ ਹਜ਼ੂਰ ਨੇ ਬਚਨ ਕੀਤਾ, "ਸਾਡੀ ਮਰਿਆਦਾ ਕਰਵਾਏ ਬਿਨਾਂ ਅਸੀਂ ਨਹੀਂ ਜਾਣ ਦੇਣਾ।" ਫਿਰ ਝੰਡਾ ਸਿੰਘ ਨੇ ਉਸ ਨੂੰ ਸਮਝਾਇਆ ਜੇ ਤਾਂ ਮੈਨੂੰ ਨਾਲ ਲੈ ਜਾਣਾ ਹੈ ਤਾਂ ਤੂੰ ਆਪਣੀ ਸ਼ਰ੍ਹਾ ਕਰਵਾ

ਲੈ, ਨਹੀਂ ਤਾਂ ਮੈਂ ਨਹੀਂ ਜਾਣਾ। ਫਿਰ ਰਿਸ਼ਤੇਦਾਰ ਨੇ ਸਾਰੀ ਮਰਿਆਦਾ ਅਣਮੰਨੇ ਜਿਹੇ ਚਿੱਤ ਨਾਲ ਕਰਾਈ। ਹਜ਼ੂਰ ਨੇ ਬਚਨ ਕੀਤਾ,

**ਬਧਾ ਚਟੀ ਜੋ ਭਰੇ ਨਾ ਗੁਣੁ ਨ ਉਪਕਾਰੁ॥**
**ਸੇਤੀ ਖੁਸੀ ਸਵਾਰੀਐ ਨਾਨਕ ਕਾਰਜੁ ਸਾਰੁ॥**

*(ਸਲੋਕ ਮਹਲਾ ੨, ਵਾਰ ਸੂਹੀ, ਅੰਗ ੭੮੭)*

"ਜਾਉ ਸ਼ੁੱਧ ਹੈ ਪਰ ਝੰਡਿਆ, ਤੂੰ ਇਸ ਦੇ ਨਾਲ ਜਾ ਕੇ ਗੰਗਾ ਤੋਂ ਹੋਰ ਪਾਸੇ ਇਸ ਨੂੰ ਫਿਰਨ ਦੇਵੀਂ, ਤੂੰ ਨਹੀਂ ਜਾਣਾ ਅੱਗੇ। ਇਹ ਜਾਣੇ ਜਾਂ ਉਹ ਜਾਨਣ। ਜਾਂ ਅਸੀਂ ਜਾਣੀਏ।" ਉਪਰੰਤ ਵੱਡੇ ਝੰਡਾ ਸਿੰਘ ਨੇ ਸਤਿ ਬਚਨ ਕਿਹਾ ਤੇ ਚੱਲ ਪਏ। ਗੰਗਾ ਫੁੱਲ ਤਾਰ ਕੇ ਰਾਤ ਰਹਿਣ ਵਾਸਤੇ ਸਰਾਂ ਵਿਚ ਜਾ ਰਹੇ ਸਨ। ਸ਼ਾਮ ਨੂੰ ਇਸ ਨੇ ਵੱਡੇ ਝੰਡਾ ਸਿੰਘ ਨੂੰ ਕਿਹਾ ਕਿ ਆਪਾਂ ਫਿਰ ਤੁਰ ਆਈਏ। ਤਾਂ ਵੱਡੇ ਝੰਡਾ ਸਿੰਘ ਨੇ ਕਿਹਾ, "ਮੈਨੂੰ ਮਹਾਰਾਜ ਦਾ ਹੁਕਮ ਨਹੀਂ, ਮੈਂ ਨਹੀਂ ਜਾ ਸਕਦਾ।" ਫਿਰ ਉਹ ਇਕੱਲਾ ਹੀ ਇਕ ਪਾਸੇ ਨੂੰ ਚਲਾ ਗਿਆ। ਫਿਰਦਾ-ਫਿਰਦਾ ਗੰਗਾ ਤੋਂ ਦੂਰ ਜੰਗਲ ਵਾਲੇ ਪਾਸੇ ਨਿਕਲ ਗਿਆ। ਇਥੇ ਦਿਨ ਵੀ ਛਿਪ ਗਿਆ। ਅਣਜਾਣ ਬੰਦਾ ਹੋਣ ਕਰਕੇ ਰਸਤਾ ਭੁੱਲ ਗਿਆ, ਪਿੱਛੇ ਮੁੜਨ ਦੀ ਥਾਂ ਕਿਸੇ ਹੋਰ ਪਾਸੇ ਨੂੰ ਹੋ ਤੁਰਿਆ। ਅਗੇ ਜੰਗਲ ਅਤੇ ਪਿੱਛੇ ਕੁਝ ਨਾ ਦਿਸੇ। ਖੜਾ ਹੋ ਕੇ ਸੋਚ ਰਿਹਾ ਸੀ ਕਿ ਕੀ ਕਰਾਂ। ਇਤਨੇ ਨੂੰ ਜੰਗਲ ਵੱਲੋਂ ਕੁਝ ਮਨੁੱਖ ਹੱਥ ਵਿਚ ਮਸ਼ਾਲਾਂ ਲੈ ਕੇ ਆਪਣੇ ਵੱਲ ਨੂੰ ਆਉਂਦੇ ਵੇਖ ਕੇ ਇਹ ਵੀ ਉਥੇ ਹੀ ਖੜਾ ਹੋ ਗਿਆ। ਇਤਨੇ ਸਮੇਂ ਵਿਚ ਉਹ ਦੋ ਵੀ ਇਸ ਦੇ ਪਾਸ ਪਹੁੰਚ ਗਏ। ਇਕ ਆਪਣੇ ਨਾਲ ਦੇ ਸਾਥੀ ਨੂੰ ਪੁੱਛਦਾ ਹੈ, ਇਹ ਕੌਣ ਹੈ। ਤਾਂ ਦੂਸਰਾ ਅੱਗੇ ਵਾਲਾ ਬੋਲਿਆ, "ਰੂੰਮੀ ਵਾਲੇ ਬਾਬਿਆਂ ਦਾ ਸੇਵਕ ਦਾ ਸਾਥੀ ਹੈ। ਇਹ ਆਪਣੇ ਮਰੇ ਹੋਏ ਰਿਸ਼ਤੇਦਾਰ ਦੇ ਫੁੱਲ ਲੈ ਕੇ ਆਏ ਹਨ। ਇਸ ਦਾ ਸਾਥੀ ਸਰ੍ਹਾਂ ਵਿਚ ਉਡੀਕ ਰਿਹਾ ਹੈ। ਇਹ ਇਥੇ ਰਾਹ ਭੁੱਲ ਕੇ ਤੁਰਿਆ ਫਿਰਦਾ ਹੈ।" ਇਸ ਨੇ ਇਹ ਗੱਲ ਸੁਣੀ ਤਾਂ ਹੈਰਾਨ ਹੋ ਗਿਆ। ਪੁੱਛਣ ਲੱਗਾ ਕਿ ਤੁਹਾਨੂੰ ਇਹਨਾਂ ਸਾਰੀਆਂ ਗੱਲਾਂ ਦਾ ਕਿਵੇਂ ਪਤਾ ਲੱਗਾ ਤਾਂ ਉਹਨਾਂ ਨੇ ਅੱਗੋਂ ਜਵਾਬ ਦਿੱਤਾ ਕਿ ਸਾਨੂੰ ਸਭ ਪਤਾ ਹੈ। ਉਪਰੰਤ ਉਹ ਦੋਵੇਂ ਉਥੇ ਹੀ ਖੜੋ ਗਏ। ਜਿਵੇਂ ਪਿੱਛੋਂ ਕਿਸੇ ਆਉਣ ਵਾਲੇ ਦੀ ਇੰਤਜ਼ਾਰ ਕਰਦੇ ਹੋਣ। ਇਸ ਤਰ੍ਹਾਂ

ਪਿੱਛੇ ਹੋਰ ਬੰਦੇ ਆਉਂਦੇ-ਆਉਂਦੇ ਇਕੱਠ ਹੋ ਗਿਆ। ਸਾਰੇ ਚੱਲਦੇ-ਚੱਲਦੇ ਗੰਗਾ ਕਿਨਾਰੇ ਅੱਪੜ ਗਏ ਅਤੇ ਆਪਸ ਵਿਚ ਹੱਸਦੇ ਰਹੇ। ਜਿਵੇਂ ਬੜੀ ਖ਼ੁਸ਼ੀ ਦੇ ਸਮੇਂ ਵਿਚ ਜਾ ਰਹੇ ਹੋਣ। ਉਹ ਤਾਂ ਸਾਰੇ ਇਥੇ ਖਲੋ ਗਏ ਅਤੇ ਇਸ ਨੂੰ ਤੁਰ ਜਾਣ ਲਈ ਆਖਿਆ। ਇਸ ਨੇ ਕਿਹਾ, "ਤੁਸੀਂ ਮੇਰੇ ਨਾਲ ਚੱਲੋਂ, ਇਥੇ ਕੋਈ ਰਹਿਣ ਵਾਲੀ ਥਾਂ ਤਾਂ ਹੈ ਨਹੀਂ।" ਉਹਨਾਂ ਨੇ ਕਿਹਾ ਕਿ ਅਸੀਂ ਇਥੇ ਹੀ ਰੁਕਣਾ ਹੈ, ਤੂੰ ਅੱਗੇ ਚਲਿਆ ਜਾ। ਫਿਰ ਇਸ ਨੇ ਪੁੱਛ ਹੀ ਲਿਆ ਕਿ ਤੁਸੀਂ ਮੈਨੂੰ ਆਪਣਾ ਵੀ ਕੁਝ ਦੱਸੋ ਤਾਂ ਉਹਨਾਂ ਨੇ ਅੱਗੋਂ ਜਵਾਬ ਦਿੱਤਾ। ਅਸੀਂ ਸਵੇਰੇ ਦੁਪਹਿਰ ਤਕ ਇਥੇ ਠਹਿਰਨਾ ਹੈ। ਇਥੋਂ ਇਕ ਬੰਦੇ ਨੂੰ ਨਾਲ ਲੈ ਕੇ ਪਿੱਛੇ ਮੁੜ ਜਾਣਾ ਹੈ। ਇਤਨੀ ਗੱਲ ਸੁਣ ਕੇ ਇਸ ਨੂੰ ਕੁਝ ਭੈ ਜਿਹਾ ਆਇਆ ਤੇ ਉਹਨਾਂ ਵੱਲ ਵੇਖਿਆ ਤੇ ਹੋਰ ਵੀ ਸਹਿਮ ਗਿਆ। ਅਖ਼ੀਰ ਇਕ ਜਣੇ ਨੇ ਉਹਨਾਂ ਵਿਚੋਂ ਹੀ ਹੱਸ ਕੇ ਕਿਹਾ, "ਕੰਮ ਨਿਬੇੜੋ, ਇਸ ਨੂੰ ਹੀ ਲੈ ਚੱਲੋ।" ਦੂਜੇ ਨੇ ਕਿਹਾ, "ਉਇ ਨਹੀਂ, ਇਹ ਰੂੰਮੀ ਵਾਲੇ ਬਾਬਿਆਂ ਦੇ ਸੇਵਕ ਨਾਲ ਆਇਆ ਹੈ ਤਾਂ ਹੀ ਇਸ ਨੂੰ ਛੱਡਣ ਆਏ ਹਾਂ ਤੇ ਹੁਣ ਤਕ ਜੀਉਂਦਾ ਹੈ।" ਫਿਰ ਇਸ ਨੂੰ ਘੂਰ ਕੇ ਕਿਹਾ, "ਜੇ ਕੁਝ ਵੇਖਣਾ ਹੈ ਤਾਂ ਦੁਪਹਿਰੇ ਇਥੇ ਆ ਜਾਈਂ। ਹੁਣ ਇਥੋਂ ਤੁਰਦਾ ਹੋ।" ਫਿਰ ਇਹ ਤੁਰ ਤਾਂ ਪਿਆ ਪਰ ਮਨ ਵਿਚ ਬੜਾ ਡਰ ਸੀ। ਸਰਾਂ ਵਿਚ ਆ ਕੇ ਵੱਡੇ ਝੰਡਾ ਸਿੰਘ ਨੂੰ ਸਾਰੀ ਗੱਲ ਦੱਸੀ। ਵੱਡੇ ਝੰਡਾ ਸਿੰਘ ਨੇ ਹੱਸ ਕੇ ਕਿਹਾ, "ਇਹ ਤਾਂ ਕੋਈ ਛਲ ਹੈ।" ਤੇ ਸਾਰੀ ਰਾਤ ਡਰਦੇ ਤੇ ਜਾਗਦੇ ਹੋਏ ਨੇ ਬਤੀਤ ਕੀਤੀ। ਦਿਨ ਚੜ੍ਹੇ ਗੰਗਾ 'ਤੇ ਇਸ਼ਨਾਨ ਕਰਨ ਗਏ। ਉਥੇ ਖੜਾ ਹੀ ਹੱਥ ਨਾਲ ਇਸ਼ਾਰਾ ਕਰ ਕੇ ਝੰਡਾ ਸਿੰਘ ਨੂੰ ਦੱਸਣ ਲੱਗਾ ਅਤੇ ਨਾਲ ਹੀ ਕਿ ਮੇਰੇ ਨਾਲ ਤੂੰ ਹੁਣੇ ਹੀ ਚੱਲ। ਅੱਗੋਂ ਵੱਡੇ ਝੰਡਾ ਸਿੰਘ ਨੇ ਜਵਾਬ ਦਿੱਤਾ, "ਮੈਨੂੰ ਮਹਾਰਾਜ ਨੇ ਤੇਰੇ ਨਾਲ ਗੰਗਾ 'ਤੇ ਇਸ਼ਨਾਨ ਕਰਨ ਲਈ ਹੁਕਮ ਕੀਤਾ ਹੈ, ਹੋਰ ਕਿਸੇ ਪਾਸੇ, ਕਿਸੇ ਕੰਮ ਮੈਂ ਤੇਰੇ ਨਾਲ ਨਹੀਂ ਜਾਣਾ।" ਉਪਰੰਤ ਦੋਵੇਂ ਸਰਾਂ ਵਿਚ ਪਹੁੰਚ ਗਏ। ਦੁਪਹਿਰੇ ਉਹ ਇਕੱਲਾ ਹੀ ਗੰਗਾ ਦੇ ਕਿਨਾਰੇ-ਕਿਨਾਰੇ ਉਸ ਪਾਸੇ ਨੂੰ ਹੋ ਤੁਰਿਆ। ਲੋਕਾਂ ਦੀ ਆਵਾਜਾਈ ਹੋ ਰਹੀ ਹੈ। ਇਹ ਤੁਰਿਆ ਜਾ ਰਿਹਾ ਹੈ। ਅਗਲੇ ਪਾਸੇ ਤੋਂ ਤਿੰਨ-ਚਾਰ ਊਠ ਤੁਰੇ ਆ ਰਹੇ ਹਨ। ਪਿੱਛੋਂ ਇਕ ਨੌਜਵਾਨ ਲੜਕਾ ਇਸ

ਦੇ ਬਰਾਬਰ ਤੋਂ ਹੋ ਕੇ ਆ ਗਿਆ। ਉਹ ਊਠ ਵੀ ਨੌਜਵਾਨ ਦੇ ਬਰਾਬਰ ਪਹੁੰਚ ਗਏ। ਹੋਰ ਸਭ ਊਠ ਅੱਗੇ ਲੰਘ ਗਏ ਅਤੇ ਪਿਛਲੇ ਊਠ ਨੇ ਲੱਤ ਚਲਾਈ। ਉਸ ਮੁੰਡੇ ਦੇ ਢਿੱਡ ਵਿਚ ਵੱਜੀ ਅਤੇ ਨੌਜਵਾਨ ਉਥੇ ਹੀ ਡਿੱਗ ਪਿਆ ਤੇ ਰੌਲਾ ਮੱਚ ਗਿਆ। ਸਭ ਲੋਕ ਰਾਮ-ਰਾਮ ਕਰਨ ਲੱਗ ਪਏ। ਉਥੋਂ ਇਸ ਨੇ ਪਾਣੀ ਵਿਚੋਂ ਚੁਲੀ ਭਰ ਕੇ ਰਾਮ-ਰਾਮ ਕਰਦੇ ਨੇ ਮੁੰਡੇ ਦੇ ਮੂੰਹ ਵਿਚ ਪਾਈ। ਕੁਝ ਸਮੇਂ ਬਾਅਦ ਨੌਜਵਾਨ ਤਾਂ ਹੋਸ਼ ਵਿਚ ਆ ਗਿਆ ਪਰੰਤੂ ਇਹ ਉਥੋਂ ਹੀ ਪਿੱਛੇ ਮੁੜ ਆਇਆ। ਆਉਣ ਸਾਰ ਹੀ ਵੱਡੇ ਝੰਡਾ ਸਿੰਘ ਨੂੰ ਕਹਿਣ ਲੱਗਾ, “ਚੱਲ ਚੱਲੀਏ।” ਸਟੇਸ਼ਨ ’ਤੇ ਆ ਕੇ ਵੱਡੇ ਝੰਡਾ ਸਿੰਘ ਨੇ ਕਿਹਾ, “ਕੁਝ ਪ੍ਰਸ਼ਾਦ ਤਾਂ ਲੈ ਚੱਲ ਘਰ, ਲੋਕੀਂ ਮੰਗਣਗੇ।” ਇਸ ਨੇ ਕਿਹਾ, “ਮੈਨੂੰ ਤਾਂ ਕੋਝ ਨਹੀਂ ਸੁੱਝਦਾ, ਤੂੰ ਲੈ ਚੱਲ।” ਵੱਡਾ ਝੰਡਾ ਸਿੰਘ ਪ੍ਰਸ਼ਾਦ ਆਦਿਕ ਲੈ ਕੇ ਆਇਆ। ਟਿਕਟ ਲੈ ਕੇ ਰੇਲਗੱਡੀ ’ਤੇ ਚੜ੍ਹ ਕੇ ਦੋਵੇਂ ਭੁੱਚੋ ਆਣ ਉਤਰੇ। ਇਥੇ ਆ ਕੇ ਝੰਡਾ ਸਿੰਘ ਨੇ ਕਿਹਾ, “ਲੈ ਤੂੰ, ਅੱਧਾ ਪ੍ਰਸ਼ਾਦ ਲੈ ਕੇ ਆਪਣੇ ਘਰ ਜਾ।” ਅੱਗੋਂ ਨਾਲ ਦੇ ਸਾਥੀ ਨੇ ਕਿਹਾ, “ਮੈਂ ਵੀ ਤੇਰੇ ਨਾਲ ਹੀ ਰੂਮੀ ਵਾਲੇ ਡੇਰੇ ਤੋਂ ਹੋ ਕੇ ਜਾਊਂਗਾ।” ਉਪਰੰਤ ਡੇਰੇ ਪਹੁੰਚੇ ਤਾਂ ਬਾਬਾ ਜੀ ਅੱਗੇ ਰਹਰਾਸਿ ਦਾ ਪਾਠ ਸੁਣ ਰਹੇ ਸਨ। ਅਰਦਾਸ ਤੋਂ ਬਾਅਦ ਵੱਡੇ ਝੰਡਾ ਸਿੰਘ ਨੇ ਆਪਣਾ ਅਤੇ ਆਪਣੇ ਸਾਥੀ ਦਾ ਨਾਮ ਦੱਸ ਕੇ ਹਾਜ਼ਰੀ ਲੁਆਈ। ਫਿਰ ਹੁਕਮ ਅਨੁਸਾਰ ਸਭ ਨੇ ਲੰਗਰ ਛਕਿਆ ਅਤੇ ਨੇਮ ਅਨੁਸਾਰ ਸੇਵਕ ਇਕੱਲਾ-ਇਕੱਲਾ ਬਾਬਾ ਜੀ ਕੋਲ ਨਾਮ ਦੱਸ ਕੇ ਜਿਥੇ ਕਿਸੇ ਨੂੰ ਹੁਕਮ ਹੁੰਦਾ ਸੀ, ਉਥੇ ਜਾ ਕੇ ਆਰਾਮ ਕਰਦੇ ਸਨ। ਉਸ ਸਮੇਂ ਹਜ਼ੂਰ ਨੇ ਵੱਡੇ ਝੰਡਾ ਸਿੰਘ ਅਤੇ ਨਾਲ ਦੇ ਸਾਥੀ ਨੂੰ ਹੁਕਮ ਕੀਤਾ, “ਤੁਸੀਂ ਆਪ ਬੀਤੀ ਸੁਣਾਓ।” “ਜੀ, ਸਭ ਆਪ ਜੀ ਦੀ ਮਿਹਰ ਹੈ।” ਝੰਡਾ ਸਿੰਘ ਤਾਂ ਇਤਨੀ ਬੇਨਤੀ ਕਰ ਕੇ ਚੁੱਪ ਹੋ ਗਿਆ। ਫਿਰ ਦੂਜੇ ਸਾਥੀ ਨੇ ਆਪਣੇ ਅੱਖੀਂ ਡਿੱਠੀ ਵਾਰਤਾ ਸੁਣਾਈ ਤੇ ਫਿਰ ਪ੍ਰਸ਼ਨ ਕੀਤਾ, “ਜੀ, ਮੈਨੂੰ ਸਮਝ ਨਹੀਂ ਆਈ।” ਹਜ਼ੂਰ ਨੇ ਬਚਨ ਕੀਤਾ, “ਤੂੰ ਅੱਜ ਦੀ ਰਾਤ ਇਥੇ ਹੀ ਹੈਂ, ਜਾਗਦਾ ਰਹੀਂ। ਜੋ ਉਥੇ ਅੱਗੇ ਹੋਵੇਗਾ, ਤੂੰ ਵੇਖ ਲਵੀਂ।” ਤੇ ਵੱਡੇ ਝੰਡਾ ਸਿੰਘ ਨੂੰ ਹੁਕਮ ਕੀਤਾ ਕਿ ਤੂੰ ਇਸ ਦੇ ਨਾਲ ਹੀ ਬੈਠਾ ਰਹੀਂ। ਉਪਰੰਤ ਸਭ ਸੇਵਾਦਾਰ ਤਾਂ ਹੁਕਮ ਅਨੁਸਾਰ ਬਰਾਂਡੇ ਦੇ ਅਗਲੇ ਪਾਸੇ

ਜਾ ਕੇ ਬੈਠ ਗਏ। ਉਪਰੰਤ ਝੰਡੇ ਦੇ ਸਾਥੀ ਨੇ ਕੀ ਵੇਖਿਆ, ਉਸ ਸਮੇਂ ਰਾਤ ਅਜੇ ਥੋੜ੍ਹੀ ਗਈ ਸੀ ਕਿ ਅੱਗੇ ਕੁਝ ਇਉਂ ਦਿਸ ਰਿਹਾ ਹੈ, ਗੰਗਾ ਦਾ ਕਿਨਾਰਾ ਹੈ, ਹੋਰ ਸਭ ਜੰਗਲ ਉਜਾੜ ਹੈ। ਮਾਮੂਲੀ ਜਿਹੀ ਰੌਸ਼ਨੀ ਹੈ, ਜ਼ਮੀਨ 'ਤੇ ਬੈਠੇ ਹੀ ਉਹ ਮਨੁੱਖ ਜਿਹੇ ਅਫ਼ਸੋਸ ਕਰ ਰਹੇ ਹਨ। ਕੋਈ ਕੁਝ ਆਖ ਰਿਹਾ ਹੈ, ਕੋਈ ਕੁਝ। ਉਹਨਾਂ ਵਿਚੋਂ ਇਕ ਕਹਿੰਦਾ, "ਜਿਹੜਾ ਪਹਿਲਾਂ ਆਪਾਂ ਨੂੰ ਮਿਲਿਆ ਸੀ, ਉਸੇ ਨੂੰ ਹੀ ਲੈ ਚੱਲਦੇ।" ਦੂਸਰਾ ਕਹਿੰਦਾ, "ਉਹ ਤਾਂ ਰੂਮੀ ਵਾਲੇ ਬਾਬਿਆਂ ਦੇ ਡੇਰੇ ਜਾ ਕੇ ਉਥੇ ਹੀ ਸਾਰੀ ਮਰਿਆਦਾ ਕਰਾ ਕੇ ਆਇਆ ਸੀ। ਉਹਨਾਂ ਦੇ ਸੇਵਕ ਨਾਲ ਹੀ ਗੰਗਾ 'ਤੇ ਆਇਆ ਸੀ। ਸੇਵਕ ਦੇ ਨਾਲ ਹੋਣ ਕਰਕੇ ਕਿਵੇਂ ਲੈ ਚੱਲਦੇ, ਹੋਰ ਤਾਂ ਇਹ ਆਪਣੇ ਨਾਲ ਤੁਰ ਸਕਿਆ ਤੇ ਬਚਿਆ ਰਿਹਾ। ਉਸ ਨੇ ਮੌਕੇ 'ਤੇ ਹੀ ਰਾਮ-ਰਾਮ ਕਰਦਿਆਂ ਉਸ ਦੇ ਮੂੰਹ ਵਿਚ ਪਾਣੀ ਪਾਇਆ ਤੇ ਸਾਰੀ ਬਣੀ-ਬਣਾਈ ਗੱਲ ਵਿਗੜ ਗਈ।" ਸੁਣ ਕੇ ਇਸ ਦਾ ਮਨ ਕੰਬ ਰਿਹਾ ਸੀ। ਇਧਰੋਂ ਕੋਠੀ ਮਗਰੋਂ ਬਾਬਾ ਜੀ ਦੀ ਆਵਾਜ਼ 'ਵਾਹਿਗੁਰੂ-ਵਾਹਿਗੁਰੂ' ਦੇ ਰੂਪ ਵਿਚ ਸੁਣਾਈ ਦਿੱਤੀ। ਇਹ ਸਭ ਕੁਝ ਦਿਸਣੋਂ ਬੰਦ ਹੋ ਗਿਆ।

**ਸਬਦੁ ਸੁਣੇ ਤਾ ਦੂਰਹੁ ਭਾਗੈ**
**ਮਤੁ ਮਾਰੇ ਹਰਿ ਜੀਉ ਵੇਪਰਵਾਹਾ ਹੇ ॥੭॥**

(ਮਾਰੂ ਸੋਲਹੇ ਮਹਲਾ ੩, ਅੰਗ ੧੦੫੪)

**ਜਹ ਸਾਧੂ ਗੋਬਿੰਦ ਭਜਨੁ ਕੀਰਤਨੁ ਨਾਨਕ ਨੀਤ ॥**
**ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ ॥੧॥**

(ਗਉੜੀ ਬਾਵਨ ਅਖਰੀ ਮਹਲਾ ੫, ਅੰਗ ੨੫੬)

ਦਿਨ ਚੜ੍ਹਿਆ ਤਾਂ ਸਾਰੀ ਸੰਗਤ ਸਮੇਤ ਇਹ ਦੋਨੋਂ ਹੀ ਦਰਸ਼ਨ ਕਰਨ ਆਏ। ਹਜ਼ੂਰ ਸਮਾਧੀ ਵਿਚ ਸਨ। ਇਸ ਨੇ ਕਾਹਲੀ ਨਾਲ ਚਰਨੀਂ ਹੱਥ ਲਾਏ। ਹਜ਼ੂਰ ਨੇ ਗਰਜਵੀਂ ਆਵਾਜ਼ ਵਿਚ ਬਚਨ ਕੀਤਾ, "ਕੌਣ ਚਰਨੀਂ ਹੱਥ ਲਾ ਰਿਹਾ ਹੈ, ਇਸ ਨੂੰ ਹਟਾਉ।" ਉਪਰੰਤ ਸੰਤ ਨਰੈਣ ਸਿੰਘ ਜੀ ਨੇ ਰੋਕਿਆ, ਕਿਉਂਕਿ ਹਰ ਇਕ ਨੂੰ ਚਰਨੀਂ ਹੱਥ ਨਹੀਂ ਸੀ ਲਾਉਣ ਦਿੰਦੇ। ਸੰਗਤ ਨੇ ਕਿਹਾ ਕਿ ਮਾਫ਼ੀ ਮੰਗ ਲੈ। ਮਾਫ਼ੀ ਮੰਗਣ ਉਪਰੰਤ ਬਚਨ ਕੀਤਾ, "ਵੇਖ ਲਿਆ ਸਭ ਕੁਝ, ਅਜੇ ਵੀ ਸਮਾਂ ਹੈ।"

**ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਣ ਗਾਵੈ॥**

ਇਸ ਨੇ ਬੇਨਤੀ ਕੀਤੀ :

**ਆਪ ਆਪਣੀ ਬਿਗਾਰੀ ਗਾਰੀ ਆਰਜਾ ਬਿਕਾਰਾਂ ਵਿਚ। ਭੁੱਲ ਗਇਓ ਮਨ ਉਰਝਾਇਓ ਤੀਪ ਤਾਪ। ਤਾਪਤ ਹੈ ਮਨ ਤਨ ਸ਼ਾਂਤੀ ਨਾ ਸੁਪਨ ਮਹਿ। ਲਪਟ ਧਪਟ ਮਨ ਹੋਇ ਨਹੀ ਨਾਮ ਜਾਪ। ਜਾਪਤ ਹੈ ਐਸੇ ਜੈਸੇ ਧਸਤ ਜਾਤ ਹੂੰ ਮੈ। ਕਰ ਕਰ ਯਾਦ ਮਨ ਬਚਨ ਕ੍ਰਮ ਕਰੇ ਪਾਪ। ਪਾਪ ਕਰ ਕੇ ਤੇਰੇ ਦਰ ਪੈ ਪੁਕਾਰੇ ਕਰੇ ਰਾਖੋ ਅਨਾਥ ਨਾਥ ਦੁਖ ਦਰਦ ਹਰੋ ਆਪ।**

ਉਪਰੰਤ ਹੁਕਮ ਹੋਇਆ ਕਿ ਵਾਹਿਗੁਰੂ-ਵਾਹਿਗੁਰੂ ਜਪਿਆ ਕਰ। ਭਲੇ ਕੰਮ ਕਰਿਆ ਕਰ। ਇਥੇ ਹਾਜ਼ਰੀ ਭਰਿਆ ਕਰ। ਫਿਰ ਸੇਵਾ ਸਿਮਰਨ ਵੀ ਕਰਦਾ ਰਿਹਾ।

(ਇਹ ਪ੍ਰਸੰਗ ਵੱਡਾ ਝੰਡਾ ਸਿੰਘ ਸੇਮੇ ਨਿਵਾਸੀ ਤੋਂ ਸੁਣਿਆ ਤੇ ਲਿਖਿਆ।)

## ਸੋ ਬੁਝੈ ਜਿਸੁ ਆਪਿ ਬੁਝਾਏ॥

ਡਾਕਟਰ ਮਥਰਾ ਦਾਸ ਨੇ ਮੋਗੇ ਵਿਚ ਅੱਖਾਂ ਦਾ ਹਸਪਤਾਲ ਨਵਾ-ਨਵਾਂ ਚਾਲੂ ਕੀਤਾ ਸੀ। ਸੰਤ-ਸੇਵੀ ਸੁਭਾਅ ਦਾ ਹੋਣ ਕਰਕੇ ਇਸ ਨੇ ਬਾਬਾ ਮਹਾਂ ਹਰਿਨਾਮ ਸਿੰਘ ਜੀ ਦੀ ਸਿਫ਼ਤ ਸੁਣੀ। ਦਰਸ਼ਨ ਕਰਨ ਆਇਆ, ਪਹਿਰੇਦਾਰ ਰਾਹੀਂ ਆਗਿਆ ਮਿਲਣ ਉਪਰੰਤ ਅੰਦਰ ਆਇਆ। ਉਸ ਸਮੇਂ ਬਾਬਾ ਜੀ ਦੀ ਹਜ਼ੂਰੀ ਵਿਚ ਲੰਗਰ ਪੱਕ ਕੇ ਆਇਆ ਸੀ ਤੇ ਨੇਮ ਅਨੁਸਾਰ ਲੰਗਰ ਦੀ ਮਰਿਆਦਾ ਕਰ ਰਹੇ ਸਨ। ਜੋਟੇ-ਜੋਟੇ ਪ੍ਰਸ਼ਾਦੇ ਅਤੇ ਦਾਲ ਦੀਆਂ ਕੜਛੀਆਂ ਭਰ ਕੇ ਤੌੜੀ ਵਿਚ ਪਾ ਰਹੇ ਸਨ ਉਸ ਸਮੇਂ ਬਾਬਾ ਜੀ ਪ੍ਰਸ਼ਾਦੇ ਇਉਂ ਨੇੜੇ ਹੋ ਕੇ ਵੇਖ ਰਹੇ ਸਨ। ਜਿਵੇਂ ਨਿਗਾਹ ਬਹੁਤ ਹੀ ਕਮਜ਼ੋਰ ਹੋਵੇ। ਕਈ ਵਾਰ ਪ੍ਰਸ਼ਾਦੇ ਨੂੰ ਬਹੁਤ ਨੇੜੇ ਕਰ ਕਰ ਕੇ ਵੇਖਿਆ। **"ਬ੍ਰਹਿਮ ਗਿਆਨੀ ਕੀ ਦ੍ਰਿਸਟਿ ਅਮ੍ਰਿਤ ਬਰਸੀ"** ਦੇ ਕਥਨ ਅਨੁਸਾਰ ਸਾਰੀ ਮਰਿਆਦਾ ਸੰਪੂਰਨ

ਹੋਈ। ਹੁਕਮ ਉਪਰੰਤ ਲੰਗਰ ਵਰਤਿਆ। ਸਭ ਨੂੰ ਲੰਗਰ ਛਕਾਉਣ ਦਾ ਹੁਕਮ ਹੋਇਆ। ਉਸ ਸਮੇਂ ਡਾਕਟਰ ਮਥਰਾ ਦਾਸ ਵੀ ਪੰਗਤ ਵਿਚ ਬੈਠ ਕੇ ਲੰਗਰ ਛੱਕ ਰਿਹਾ ਸੀ। ਭੋਜਨ ਵੇਖ ਕੇ ਅਤੇ ਛੱਕ ਕੇ ਅਸਚਰਜ ਹੋ ਰਿਹਾ ਸੀ। ਫਿਰ ਸਭ ਸੰਗਤ ਸਮੇਤ ਹਾਜ਼ਰੀ ਭਰੀ ਇਸ ਨੇ ਵੀ ਆਪਣੇ ਆਉਣ ਦਾ ਮਨੋਰਥ ਦੱਸਿਆ ਤੇ ਸੇਵਾ ਮੰਗੀ। ਤਤਕਾਲ ਹੀ ਬਾਬਾ ਜੀ ਨੇ ਇਸ ਨੂੰ ਬਾਹੋਂ ਫੜ ਕੇ ਆਪਣੇ ਨੇੜੇ ਕਰ ਕੇ ਕੋਠੀ ਦੇ ਬਰਾਂਡੇ ਦੇ ਥਮਲੇ ਵੱਲ ਉਂਗਲ ਕਰ ਕੇ ਬਚਨ ਕੀਤਾ। "ਉਹ ਵੇਖ ਥੰਮ੍ਹ ਉੱਤੇ ਭੂਰੀਆਂ ਕੀੜੀਆਂ ਮੂੰਹ ਵਿਚ ਆਂਡੇ ਲਈ ਜਾ ਰਹੀਆਂ ਹਨ ਕੀ ਤੈਨੂੰ ਦਿਸਦੀਆਂ ਹਨ ?" ਇਸ ਦੇ ਨਾਂਹ ਕਰਨ ਉਪਰੰਤ ਹੁਕਮ ਕੀਤਾ "ਨੇੜੇ ਹੋ ਕੇ ਵੇਖ" ਤੇ ਫਿਰ ਡਾਕਟਰ ਨੇ ਵੀ ਵੇਖਿਆ, ਜੋ ਠੀਕ ਸੀ। ਉਪਰੰਤ ਹੱਸ ਕੇ ਬਚਨ ਕੀਤਾ, "ਤੂੰ ਆਪਣੀ ਨਿਗਾਹ ਸਾਥੋਂ ਬਣਵਾ ਲੈ ਕਦੇ ਖ਼ਰਾਬ ਨਹੀਂ ਹੋਏਗੀ। ਅਸੀਂ ਤਾਂ ਅਜੇ ਬੁੜ੍ਹੇ ਨਹੀਂ ਹੋਏ। ਇਹ ਇਸ਼ਾਰਾ ਪਰਮਾਰਥ ਦੀ ਸੋਝੀ ਵੱਲ ਸੀ।

**ਗੁਰਮੁਖਿ ਬੁਢੇ ਕਦੇ ਨਾਹੀ ਜਿਨਾ ਅੰਤਰਿ ਸੁਰਤਿ ਗਿਆਨੁ ॥**

*(ਸਲੋਕ ਮਹਲਾ ੩, ਅੰਗ ੧੪੧੮)*

ਇਸ ਨੇ ਅਸਲੀਅਤ ਨੂੰ ਸਮਝ ਕੇ ਝਟ ਖਿਮਾ ਮੰਗ ਲਈ ਬਚਨ ਹੋਇਆ "ਸ਼ੁੱਧ ਹੈ।" ਫਿਰ ਆਗਿਆ ਮਿਲ ਗਈ।

(ਇਹ ਬਚਨ ਪੰਡਤ ਹੰਸ ਰਾਜ ਭੁੱਚੋ ਕਲਾਂ ਤੋਂ ਮਿਲਿਆ।)

# ਕੀਤਾ ਲੋੜਹਿ ਸੋ ਕਰਹਿ ਤੁਝ ਬਿਨੁ ਕਛੁ ਨਾਹਿ ॥

ਸਿਦਕਵਾਨ ਕੋਈ ਸੈਂਕੜੇ ਹਜ਼ਾਰਾਂ ਵਿਚੋਂ ਇਕ ਹੀ ਹੁੰਦਾ ਹੈ। ਇਕ ਸਿਦਕਵਾਨ ਦੇ ਸਦਕੇ ਸਭ ਤਰਦੇ ਹਨ, ਜਿਵੇਂ ਕਿਸੇ ਸਿਆਣੇ ਦਾ ਕਥਨ ਹੈ, "ਬੂਹਾ ਸਿਦਕ ਦਾ ਸੂਈ ਦੇ ਨੱਕ ਵਰਗਾ ਲੰਘ ਕੇ ਕੋਈ ਪਰਵਾਨ ਹੋਵੇ।" ਮਹਾਰਾਣੀ ਦਲੀਪ ਕੌਰ ਪਟਿਆਲੇ ਵਾਲੀ ਬਾਬਾ ਜੀ ਦੇ ਦਰਸ਼ਨ ਕਰਨ ਆਈ, ਇਸ ਸਮੇਂ ਬਹੁਤ ਘਬਰਾਈ ਹੋਈ ਸੀ ਅਤੇ ਰੋ ਕੇ ਬੇਨਤੀ ਕਰਨ

ਲੱਗੀ, "ਗਰੀਬ ਨਿਵਾਜ਼, ਰੱਖਿਆ ਕਰੋ। ਸਭ ਕੁਝ ਖ਼ਤਮ ਹੋ ਰਿਹਾ ਹੈ। ਤੁਹਾਡੇ ਰੱਖਣ ਦੇ ਹਾਂ।" ਹੋਰ ਕਈ ਬੇਨਤੀਆਂ ਬੈਠਣ ਤੋਂ ਪਹਿਲਾਂ-ਪਹਿਲਾਂ ਹੀ ਕਰ ਗਈ। ਬਾਬਾ ਜੀ ਨੇ ਬਚਨ ਕੀਤਾ, "ਬੀਬੀ, ਸਾਰੀ ਗੱਲ ਸਮਝ ਗਏ ਹਾਂ, ਹੁਣ ਤੂੰ ਬੈਠ ਜਾ।" ਸੇਵਾਦਾਰ ਨੂੰ ਹੁਕਮ ਹੋਇਆ, "ਬੀਬੀ ਨੂੰ ਇਕ ਬੋਰੀ ਉੱਤੇ ਬਿਠਾਉ।" ਬੈਠ ਜਾਣ ਉਪਰੰਤ ਵੀ ਰੋਣਾ ਨਹੀਂ ਰੁਕਿਆ। ਕੁਝ ਸਮਾਂ ਦੁਵੱਲੀ ਚੁੱਪ ਛਾਈ ਰਹੀ, ਫਿਰ ਬਚਨ ਕੀਤਾ, "ਸਾਡਾ ਤਾਂ ਤੇਰੇ ਪਤੀ ਨੇ ਇਕ ਵੀ ਬਚਨ ਨਹੀਂ ਮੰਨਿਆ, ਜੇ ਮੰਨ ਲੈਂਦਾ ਤਾਂ ਨਵੀਂ ਬਿਪਤਾ ਨਾ ਪੈਂਦੀ।" ਉਸ ਸਮੇਂ ਲੰਗਰ ਵਰਤ ਰਿਹਾ ਸੀ, ਹੁਕਮ ਕੀਤਾ, "ਲੰਗਰ ਵਿਚ ਜਾਉ, ਕੁਝ ਅੰਨ੍ਹਪਾਨ ਕਰੋ।" ਪਰੰਤੂ ਰਾਣੀ ਨਹੀਂ ਉੱਠੀ। ਫਿਰ ਹੁਕਮ ਕੀਤਾ, "ਜੇ ਬਹੁਤੀ ਕਾਹਲੀ ਹੈ ਤਾਂ ਬੋਰੀ ਦੇ ਹੇਠੋਂ ਸਭ ਕੁਝ ਚੁੱਕ ਲੈ।" ਮਹਾਰਾਣੀ ਨੇ ਬੋਰੀ ਚੁੱਕੀ, ਉਸ ਸਮੇਂ ਬੋਰੀ ਦੇ ਥੱਲਿਉਂ ਇਕ ਕੋਰਾ ਕਾਗਜ਼ ਮਿਲਿਆ, ਜਿਸ ਨੂੰ ਵੇਖਣ ਸਾਰ ਹੀ ਮਹਾਰਾਣੀ ਦੀ ਗ਼ਮੀ ਖ਼ੁਸ਼ੀ ਵਿਚ ਬਦਲ ਗਈ ਤੇ ਹਜ਼ੂਰ ਨੇ ਹੱਸ ਕੇ ਬਚਨ ਕੀਤਾ, "ਬੀਬੀ, ਸਿਆਣ ਲੈ, ਤੇਰੇ ਪਤੀ ਦੀ ਲਿਖਤ ਵਾਲਾ ਕਾਗਜ਼ ਹੀ ਹੈ।" ਮਹਾਰਾਣੀ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਜੀ, ਸਿਆਣ ਲਿਆ ਹੈ।" ਫਿਰ ਬਾਬਾ ਜੀ ਨੇ ਹੱਸ ਕੇ ਬਚਨ ਕੀਤਾ, "ਹੁਣ ਜਾ ਕੇ ਲੰਗਰ ਵਿਚੋਂ ਅੰਨ੍ਹਪਾਨ ਕਰੋ। ਫਿਰ ਆਗਿਆ ਹੈ, ਸੁੱਧ ਹੈ।" ਉਪਰੰਤ ਭਜਨ ਸਿੰਘ ਮਹਿਰਾ ਸਿੱਖ ਤੇ ਹੋਰ ਸੇਵਕ ਹਾਜ਼ਰ ਸਨ, ਉਹਨਾਂ ਨੇ ਅਸਲੀਅਤ ਜਾਣਨ ਵਾਸਤੇ ਬੇਨਤੀ ਕੀਤੀ। ਉਪਰੰਤ ਹੁਕਮ ਕੀਤਾ, "ਭਜਨਿਆ, ਵਿਭਚਾਰੀ ਬੰਦਿਆਂ ਨਾਲ ਇਹੋ ਕੁਝ ਹੀ ਹੁੰਦਾ ਹੈ। ਜੇ ਅੱਜ ਮੌਕਾ ਨਾ ਸੰਭਾਲਦੇ, ਰਿਆਸਤ ਭਾਲੀ ਨਹੀਂ ਸੀ ਥਿਆਉਣੀ।" ਪਹਿਲਾਂ ਵੀ ਬਚਨ ਕਰਦੇ ਸਨ, ਅੱਜ ਫਿਰ ਕੀਤਾ, "ਪੱਟ ਪਊ ਪਟਿਆਲਾ ਨਾਭਾ ਧਾਹਾਂ ਮਾਰੂਗਾ।" ਹੋਇਆ ਇਹ ਸੀ ਕਿ ਮਹਾਰਾਜੇ ਦੇ ਸ਼ਰਾਬੀ ਹਾਲਤ ਵਿਚ ਕਿਸੇ ਨੇ ਢੰਗ ਨਾਲ ਕੋਰੇ ਕਾਗਜ਼ ਉੱਤੇ ਦਸਖ਼ਤ ਕਰਵਾ ਲਏ ਸਨ।

ਦਸਮ ਪਾਤਸ਼ਾਹ ਦਾ ਬਚਨ ਹੈ:

**ਮਦ ਕਰਿ ਮੱਤ ਭਏ ਜੇ ਰਾਜਾ॥ ਤਿਨ ਕੇ ਗਏ ਐਸ ਹੀ ਕਾਜਾ॥**

(ਇਹ ਪ੍ਰਸੰਗ ਵੱਡੇ ਝੰਡਾ ਸਿੰਘ ਸੇਮਾ ਨਿਵਾਸੀ ਤੋਂ ਮਿਲਿਆ।)

# ਆਪਿ ਉਪਾਵਨ ਆਪਿ ਸਧਰਨਾ॥
# ਆਪਿ ਕਰਾਵਨ ਦੋਸੁ ਨ ਲੈਨਾ॥

ਅਭੇਦਤਾ ਦਾ ਅਰਥ ਹੈ ਇਕ ਰੂਪ ਜਿਵੇਂ ਗੁਰਵਾਕ ਹੈ:

**ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥**
**ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ॥**

*(ਗਉੜੀ ਸੁਖਮਨੀ ਮਹਲਾ ੫)*

**ਆਪਹਿ ਸੂਖਮ ਆਪਹਿ ਅਸਥੂਲਾ॥**
**ਲਖੀ ਨ ਜਾਈ ਨਾਨਕ ਲੀਲਾ॥**

*(ਗਉੜੀ ਬਾਵਨ ਅਖਰੀ ਮਹਲਾ ੫)*

ਦੁਪਹਿਰ ਦਾ ਸਮਾਂ ਸੀ। ਆਪ ਜਿਵੇਂ ਕਿ ਅੱਗੇ ਵੀ ਬੈਠਦੇ ਸਨ, ਅਚਾਨਕ ਹੀ ਇਕ ਪਾਸੇ ਆਪਣੇ ਆਸਣ ਉੱਤੇ ਹੀ ਬੈਠੇ-ਬੈਠੇ ਡਿੱਗ ਪਏ। ਸਭ ਸੇਵਕ ਉਸ ਸਮੇਂ ਹਾਜ਼ਰ ਸਨ। ਫਿਰ ਉੱਠੇ ਤੇ ਬਚਨ ਕੀਤਾ, "ਬਾਲਿਆ, ਬਾਟੀ ਲਿਆ।" ਸੰਤ ਨਰੈਣ ਸਿੰਘ ਜੀ ਨੇ ਪਿੱਤਲ ਦੀ ਬਾਟੀ ਅੱਗੇ ਕਰ ਦਿੱਤੀ। ਫਿਰ ਬਚਨ ਕੀਤਾ, "ਮੂੰਹ ਅੱਗੇ ਕਰੋ।" ਮੁੱਖ ਅੱਗੇ ਕਰਨ ਉਪਰੰਤ ਉਸ ਵਿਚ ਥੁੱਕਿਆ, ਜਿਸ ਵਿਚ ਖ਼ੂਨ ਸੀ। ਹੁਕਮ ਹੋਇਆ, "ਵੇਖੋ ਕੀ ਹੈ।" ਬੇਨਤੀ ਕੀਤੀ, "ਜੀ, ਵਿਚ ਖ਼ੂਨ ਹੈ।" ਫਿਰ ਹੁਕਮ ਹੋਇਆ, "ਚੰਗੀ ਤਰ੍ਹਾਂ ਵੇਖੋ।" ਫਿਰ ਵੇਖਿਆ ਤਾਂ ਬੇਨਤੀ ਕੀਤੀ, "ਗਰੀਬ ਨਿਵਾਜ, ਵਿਚ ਨਿੱਕੇ-ਨਿੱਕੇ ਕੁਤਰੇ ਹੋਏ ਕਾਗਜ਼ ਦੇ ਟੁਕੜੇ ਹਨ।" ਬਚਨ ਕੀਤਾ, "ਮਹਾਂਪੁਰਖਾਂ ਦੇ ਨਗਰ ਵਿਚ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਿਸੇ ਦੁਸ਼ਟ ਨੇ ਬੇਅਦਬੀ ਕੀਤੀ ਹੈ।" ਉਪਰੰਤ ਜਿਸ ਤਰ੍ਹਾਂ ਸਨ, ਉਸੇ ਤਰ੍ਹਾਂ ਬਿਰਾਜ ਗਏ ਜਾਂ ਡਿੱਗ ਪਏ। ਸੰਗਤ ਵਿਚ ਸੰਨਾਟਾ ਛਾ ਗਿਆ। ਚੁੱਪ ਵਰਤ ਗਈ। ਕਿਛੁ ਨ ਬੁਝੈ ਕਿਛੁ ਨ ਸਿਝੈ॥

**ਵਡਾ ਸਾਂਗ ਵਰਤਿਆ ਲਖ ਨਾ ਸਕੈ ਕੁਦਰਤਿ ਕੋਈ॥**

ਵਾਲਾ ਬਚਨ ਹੋ ਨਿਬੜਿਆ। ਇਕ ਦੂਜੇ ਦੇ ਮੂੰਹ ਵੱਲ ਤੱਕਣ ਲੱਗ ਪਏ। ਮਾਤਾ-ਪਿਤਾ ਵੀ ਉਸ ਸਮੇਂ ਹਜ਼ਾਰ ਹੀ ਸਨ। ਹੋਰ ਤਾਂ ਕੁਝ ਕਿਸੇ ਨੂੰ ਨਾ ਸੁਝਿਆ, ਮੁਣਸ਼ੀ ਹਰਦਿੱਤ ਸਿੰਘ ਨੂੰ ਸਭ ਨੇ ਕਿਹਾ ਕਿ ਰਿਖੀ ਜੀ ਇਸ ਸਮੇਂ ਮਾਝੇ ਵਿਚ ਹਨ, ਤੁਸੀਂ ਉਥੇ ਪਹੁੰਚ ਜਾਉ। ਕਿਉਂਕਿ ਬਾਬਾ ਅਨੰਦ ਸਿੰਘ ਜੀ ਆਗਿਆ ਲੈਣ ਸਮੇਂ ਜਿਸ ਪਾਸੇ ਨੂੰ ਜਾਣਾ ਹੁੰਦਾ ਸੀ, ਦੱਸ ਕੇ ਆਗਿਆ ਲੈਂਦੇ ਅਤੇ ਜਾਂਦੇ ਸਨ। ਉਸ ਸੇਧ ਅਨੁਸਾਰ ਮੁਣਸ਼ੀ ਜੀ ਤੁਰ ਪਏ। ਬਾਬਾ ਅਨੰਦ ਸਿੰਘ ਜੀ ਮਾਝੇ ਪੱਤੋ ਮੰਡੀ ਅਤੇ ਝਲਾਰਾਂ ਦੇ ਵਿਚਕਾਰ 'ਆਸਣ' ਵਾਲੀ ਜਗ੍ਹਾ ਉੱਤੇ ਸਨ। ਠੀਕ ਉਸੇ ਦਿਨ ਅੰਮ੍ਰਿਤ ਵੇਲੇ ਦੇ ਸਮੇਂ ਉਪਰੰਤ ਬਾਬਾ ਅਨੰਦ ਸਿੰਘ ਜੀ ਨੇ ਹਜ਼ੂਰੀ ਸੇਵਕ ਕਰਤਾਰ ਸਿੰਘ ਔਲਖ ਨੰਬਰਦਾਰ ਨੂੰ ਸੱਦ ਕੇ ਬਚਨ ਕੀਤਾ ਕਿ ਅੱਜ ਨਿਤਨੇਮ ਵਿਚ ਮਨ ਨਹੀਂ ਲੱਗਿਆ, ਜੇ ਕੋਈ ਬੰਦਾ ਬਾਹਰੋਂ ਆਵੇ ਤਾਂ ਛੇਤੀ ਖ਼ਬਰ ਕਰੀਂ। ਪਿਛਲੇ ਪਹਿਰ ਦੇ ਅਖ਼ੀਰ ਤਕ ਮੁਣਸ਼ੀ ਹਰਦਿੱਤ ਸਿੰਘ ਜੀ ਅੱਪੜ ਗਏ। ਹਜ਼ੂਰੀ ਸੇਵਕ ਨੇ ਹੁਕਮ ਅਨੁਸਾਰ ਅੰਦਰ ਖ਼ਬਰ ਕਰ ਦਿੱਤੀ ਅਤੇ ਕਿਹਾ ਜੀ, "ਉਹ ਬਹੁਤ ਘਬਰਾਇਆ ਅਤੇ ਕਾਹਲੀ ਕਰ ਰਿਹਾ ਹੈ।" ਬਾਬਾ ਅਨੰਦ ਸਿੰਘ ਜੀ ਨੇ ਹੁਕਮ ਕੀਤਾ, "ਲੈ ਆਉ।" ਇਸ ਸਮੇਂ ਹਜ਼ੂਰੀ ਸੇਵਕ ਦੇ ਪਿੱਛੇ-ਪਿੱਛੇ ਹੀ ਬਾਬਾ ਅਨੰਦ ਸਿੰਘ ਜੀ ਵੀ ਬਾਹਰ ਹੀ ਪਹੁੰਚ ਗਏ। ਇਹ ਇਕ ਆਪਣੇ ਮੁਰਸ਼ਿਦ ਪਾਸੋਂ ਆਏ ਸੇਵਕ ਦਾ ਸਤਿਕਾਰ ਜਨਾਉਣ ਦਾ ਰਮਜ਼ ਭਰਿਆ ਬਾ-ਅਦਬ ਸਤਿਕਾਰ ਸੀ। ਇਹ ਮਿਸਾਲਾਂ ਕਲੇਰਾਂ ਵਾਲੇ ਸ੍ਰੀ ਬਾਬਾ ਅਨੰਦ ਸਿੰਘ ਜੀ ਨੇ ਹੀ ਕਾਇਮ ਕੀਤੀਆਂ। ਬੈਠ ਕੇ ਮੱਥਾ ਟੇਕਣ ਦਾ ਸਮਾਂ ਹੀ ਨਹੀਂ ਦਿੱਤਾ।

ਕੁਝ ਥੋੜ੍ਹਾ ਜਿਹਾ ਅੱਗੇ ਮੁਣਸ਼ੀ ਜੀ ਵੀ ਪਹੁੰਚ ਗਏ ਪਰੰਤੂ ਮੁਣਸ਼ੀ ਜੀ ਕੁਝ ਬੋਲਣਾ ਚਾਹੁੰਦੇ ਹੋਏ ਵੀ ਬੋਲ ਨਾ ਸਕੇ, ਅੱਖਾਂ ਵਿਚੋਂ ਅੱਥਰੂ ਵਗ ਰਹੇ ਸਨ। ਕੰਠ ਰੁਕਿਆ ਹੋਇਆ ਸੀ, ਥੋੜ੍ਹੇ ਅੱਖਰਾਂ ਵਿਚ ਬੜੀ ਮੁਸ਼ਕਿਲ ਨਾਲ ਮੁਣਸ਼ੀ ਜੀ ਨੇ ਵਾਰਤਾ ਦੱਸੀ। ਸੁਣਨ ਉਪਰੰਤ ਬਾਬਾ ਅਨੰਦ ਸਿੰਘ ਜੀ ਨੇ ਬਚਨ ਕੀਤਾ, "ਤੁਸੀਂ ਹੌਸਲਾ ਕਰੋ, ਡਰੋ ਨਾ, ਅਜੇ ਉਹ ਸਮਾਂ ਨਹੀਂ

ਆਇਆ। ਜਲ ਪਾਣੀ ਵਰਤੋ। ਤੁਸੀਂ ਸੰਗਤ ਨੂੰ ਹੌਂਸਲਾ ਦਿਉ। ਅਸੀਂ ਵੀ ਤੁਹਾਡੇ ਪਿੱਛੇ ਹੀ ਆ ਰਹੇ ਹਾਂ।" ਉਪਰੰਤ ਮੁਣਸ਼ੀ ਜੀ ਜਲ ਪਾਣੀ ਵਰਤ ਕੇ ਪਿਛਲੇ ਪੈਰੀਂ ਚਲ ਪਏ ਅਤੇ ਕੁਝ ਸੰਗੀਆਂ, ਜਿਨ੍ਹਾਂ ਦੇ ਨਾਵਾਂ ਦਾ ਪਤਾ ਨਹੀਂ ਲੱਗ ਸਕਿਆ, ਸਮੇਤ ਬਾਬਾ ਜੀ ਕਲੇਰਾਂ ਵਾਲੇ ਵੀ ਪਹੁੰਚ ਗਏ। ਉਸ ਸਮੇਂ ਤਕ ਮੁਣਸ਼ੀ ਹਰਦਿੱਤ ਸਿੰਘ ਜੀ ਜਿਸ ਹਾਲਤ ਵਿਚ ਹਜ਼ੂਰ ਨੂੰ ਛੱਡ ਕੇ ਗਏ ਸਨ, ਉਸੇ ਤਰ੍ਹਾਂ ਹੀ ਟਿਕੇ ਹੋਏ ਸਨ। ਬਾਬਾ ਅਨੰਦ ਸਿੰਘ ਜੀ ਨੇ ਆਪਣੇ ਹਸਤ-ਕਮਲਾਂ ਨਾਲ ਸੇਵਾ ਆਦਿਕ ਕਰਾ ਕੇ ਸਾਵਧਾਨਤਾ ਵਿਚ ਲਿਆਂਦੇ ਅਤੇ ਪਿਛਲੇ ਬਚਨ ਹੀ ਦੁਹਰਾਏ, "ਮਹਾਂਪੁਰਖੋ, ਤੁਹਾਡੇ ਜਨਮ ਨਗਰ ਵਿਚ ਕਿਸੇ ਦੁਸ਼ਟ ਨੇ ਸਤਿਗੁਰੂ ਦੀ ਬੇਅਦਬੀ ਕੀਤੀ ਹੈ।" ਇਹ ਸਤਿਗੁਰੂ ਦਾ ਸਰੂਪ ਜਿਸ ਸਮੇਂ ਦਾਸ ਨੇ ਦਰਸ਼ਨ ਕੀਤੇ ਸਨ, ਉਥੇ ਗੁਰਦੁਆਰੇ (ਇਥੇ ਪਹਿਲਾਂ ਡੇਰਾ ਹੁੰਦਾ ਸੀ) ਵਿਚ ਹੈ ਸੀ, ਜਿਲਦ ਟੁੱਟੀ ਸੀ, ਅਗਲੇ ਹਿੱਸੇ ਵਿਚ ਕਿਸੇ ਸ਼ਸਤਰ ਨਾਲ ਬੇਅਦਬੀ ਦੇ ਨਿਸ਼ਾਨ ਕਾਇਮ ਸਨ। ਬਾਬਾ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਇਕ ਮਿਕ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੇਵਾ ਦਸਾਂ ਪਾਤਸ਼ਾਹੀਆਂ ਦੀ ਸੇਵਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਦਸਾਂ ਪਾਤਸ਼ਾਹੀਆਂ ਦਾ ਸਤਿਕਾਰ ਹੈ। ਕੋਈ ਕਰ ਕੇ ਵੇਖ ਲਵੇ, ਜੋ ਕਰੇਗਾ ਇਸ ਆਨੰਦ ਨੂੰ ਉਹੀ ਜਾਣਦਾ ਹੈ। ਸਭ ਮਹਾਂਪੁਰਖਾਂ ਦੀ, ਭਗਤਾਂ ਦੀ ਸੇਵਾ ਦਾ ਫਲ ਵੀ ਇਹਨਾਂ ਦੀ ਸੇਵਾ ਕਰਨ ਕਰਕੇ ਮਿਲਦਾ ਹੈ। ਭਾਵ ਕਿ ਜੋ ਇਹਨਾਂ ਦੀ ਸੇਵਾ ਕਰਦਾ ਹੈ, ਸਭ ਦੀ ਸੇਵਾ ਕਰਦਾ ਹੈ।

**ਤਿਸੁ ਗੁਰ ਕਉ ਛਾਦਨ ਭੋਜਨ ਪਾਟ**
**ਪਟੰਬਰ ਬਹੁ ਬਿਧਿ ਸਤਿ ਕਰਿ ਮੁਖਿ**
**ਸੰਚਹੁ ਤਿਸੁ ਪੁੰਨ ਕੀ ਫਿਰਿ ਤੋਟਿ ਨਾ ਆਵੈ ॥੪॥**
**ਸਤਿਗੁਰੁ ਦੇਉ ਪਰਤਖਿ ਹਰਿ**
**ਮੂਰਤਿ ਜੋ ਅੰਮ੍ਰਿਤ ਬਚਨ ਸੁਣਾਵੈ ॥**

*(ਮਲਾਰ ਮਹਲਾ ੪, ਅੰਗ ੧੨੬੪)*

ਧੰਨ ਹਨ ਉਹ ਸੇਵਕ, ਜੋ ਅਨੇਕਾਂ ਸਰੀਰਕ ਦੁੱਖਾਂ ਦੇ ਹੋਣ ਸਮੇਂ ਵੀ ਸੇਵਾ ਵੱਲੋਂ ਮੁੱਖ ਨਹੀਂ ਮੋੜ ਰਹੇ।

**ਰਤੇ ਸੇਈ ਜਿ ਮੁਖੁ ਨ ਮੋੜੰਨਿ੍ ਜਿਨ੍ੀ ਸਿਞਾਤਾ ਸਾਂਈ॥**
**ਝੜਿ ਝੜਿ ਪਵਦੇ ਕਚੇ ਬਿਰਹੀ ਜਿਨਾ੍ ਕਾਰਿ ਨ ਆਈ॥੧॥**

*(ਸਲੋਕ ਵਾਰਾਂ ਦੇ ਵਧੀਕ ਮਹਲਾ ੪, ਅੰਗ ੧੪੨੪)*

ਫਿਰ ਸੰਗਤ ਨੇ ਬੇਨਤੀ ਕੀਤੀ, "ਰਿਖੀ ਜੀ, ਮਹਾਰਾਜ ਨੇ ਦੁੱਧ ਵੀ ਨਹੀਂ ਛਕਿਆ। ਉਪਰੰਤ ਬਾਬਾ ਅਨੰਦ ਸਿੰਘ ਜੀ ਦੇ ਬੇਨਤੀ ਕਰਨ 'ਤੇ ਦੁੱਧ ਵੀ ਛੱਕ ਲਿਆ, ਜਿਨ੍ਹਾਂ ਸੇਵਕਾਂ ਨੂੰ ਅੱਗੇ ਸੀਤ ਪ੍ਰਸਾਦਿ ਮਿਲਦਾ ਸੀ ਤੇ ਬਾਬਾ ਅਨੰਦ ਸਿੰਘ ਜੀ ਨੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ, ਸੀਤ ਪ੍ਰਸ਼ਾਦ ਦਾਸ ਨੂੰ ਵੀ ਬਖ਼ਸ਼ੋ।" ਤੇ ਭੁੱਚੋ ਵਾਲੇ ਮਹਾਰਾਜ ਨੇ ਬਚਨ ਕੀਤਾ, "ਹਰੇ ਹਰੇ, ਮਹਾਂਪੁਰਖੋ, ਇਹ ਤਾਂ ਸਾਡੇ ਸੇਵਕਾਂ ਵਾਸਤੇ ਹੈ ਅਤੇ ਤੁਹਾਡੇ ਹਿਰਦੇ ਉੱਤੇ ਤਾਂ ਗੁਰੂ ਨਾਨਕ ਬਿਰਾਜ ਰਿਹਾ ਹੈ, ਕਿਵੇਂ ਦੇਈਏ।" ਇਸ ਤੋਂ ਉਪਰੰਤ ਬਾਬਾ ਜੀ ਹੁਕਮ ਅਨੁਸਾਰ ਮਾਝੇ ਦੇ ਇਲਾਕੇ ਦੀ ਤਰਫ਼ ਨੂੰ ਹੀ ਚਲੇ ਗਏ। ਇਸ ਦੇ ਨਾਲ ਸੰਬੰਧਿਤ ਇਕ ਪ੍ਰਸੰਗ ਜੋ ਨਾਨਕਸਰ ਵਿਚ ਬਾਬਾ ਅਨੰਦ ਸਿੰਘ ਜੀ ਦੇ ਸਮੇਂ ਵਾਪਰਿਆ, ਉਹ ਵੀ ਇਸ ਦੇ ਨਾਲ ਹੀ ਦਰਜ ਹੈ, ਪੜ੍ਹੋ। ਨਾਨਕਸਰ ਪੁਰਾਣੇ ਠਾਠ ਵਿਚ ਇਕ ਤਲਾਈ ਹੁੰਦੀ ਸੀ ਤੇ ਹੁਣ ਵੀ ਹੈ। ਇੱਥੇ ਸੁਬ੍ਹਾ ਸ਼ਾਮ ਦੀਵਾਨ ਸੱਜਦਾ ਹੁੰਦਾ ਸੀ। ਗਰਮੀ ਦੀ ਰੁੱਤੇ ਇਸ ਤਲਾਈ ਵਿਚ ਅੱਧੇ-ਅੱਧੇ ਦੋ ਪਲੰਘ ਤਲਾਈ ਵਿਚ ਕਰ ਕੇ ਉਪਰ ਮੱਛਰਦਾਨੀਆਂ ਲਾ ਕੇ ਇਕ ਵੱਡੇ ਸਤਿਗੁਰੂ ਦਾ ਸਰੂਪ ਜਿਸ ਦੀ ਸੇਵਾ ਸੰਤ ਬਾਬਾ ਹਰਭਜਨ ਸਿੰਘ ਜੀ ਕਰ ਰਹੇ ਹਨ, ਦੂਜਾ ਸਤਿਗੁਰੂ ਦਾ ਛੋਟਾ ਸਰੂਪ ਦੋਨੋਂ ਹੀ ਪਲੰਘਾਂ ਉੱਤੇ ਬਿਰਾਜਮਾਨ ਸਨ। ਅੰਮ੍ਰਿਤ ਵੇਲੇ ਜਿਸ ਸਮੇਂ ਸੇਵਾਦਾਰ ਸਤਿਗੁਰੂ ਜੀ ਦੀ ਸੇਵਾ ਵਿਚ ਪ੍ਰਕਾਸ਼ ਕਰਨ ਲਈ ਪਹੁੰਚਿਆ, ਉਸ ਸਮੇਂ ਰੁਮਾਲੇ ਗਿੱਲੇ ਹੋਏ ਸਨ ਪਰੰਤੂ ਮੱਛਰਦਾਨੀ ਸੁੱਕੀ ਸੀ। ਹੈਰਾਨੀ ਤੇ ਡਰ ਦੋਨੋਂ ਇਕੱਠੇ ਹੋ ਗਏ। ਫਿਰ ਤਲਾਈ ਵਿਚਲਾ ਫ਼ੁਹਾਰ ਵੇਖਿਆ, ਉਹ ਵੀ ਰੋਜ਼ ਦੀ ਤਰ੍ਹਾਂ ਬੰਦ ਸੀ, ਰੁਮਾਲਿਆਂ ਵਿਚੋਂ ਸਿਲ੍ਹਾਬ ਨਾਲ ਗੁਰੂ ਸਾਹਿਬ ਦੇ ਪੱਤਰਿਆਂ ਦਾ ਰੰਗ ਸਿਲ੍ਹ ਨਾਲ ਰੁਮਾਲਿਆਂ ਨੂੰ ਲੱਗਾ ਹੋਇਆ ਸੀ। ਉਸੇ ਵਕਤ ਹੀ ਸੁੱਕੇ ਰੁਮਾਲੇ ਲੈ ਕੇ ਗੁਰੂ ਸਾਹਿਬ ਪ੍ਰਕਾਸ਼ ਕੀਤੇ। ਫਿਰ ਬਾਬਾ ਅਨੰਦ ਸਿੰਘ ਜੀ ਪਾਸ ਬੇਨਤੀ ਕਰ ਕੇ ਪੁੱਛਿਆ, "ਕਿ ਜੀ, ਇਹ ਕੀ ਕਾਰਨ ਸੀ ?" ਫਿਰ ਹਜ਼ੂਰ ਨੇ ਦੱਸਿਆ ਕਿ ਅਸੀਂ ਤੜਕੇ ਸਤਿਗੁਰੂ

ਦਾ ਇਸ਼ਨਾਨ ਕਰਾ ਰਹੇ ਸੀ, ਧਿਆਨ ਵਿਚ ਗੁਰੂ ਗ੍ਰੰਥ ਸਾਹਿਬ ਜੀ ਆ ਗਏ, ਇਹ ਉਹ ਪਾਣੀ ਇਥੇ ਪਿਆ ਹੈ। ਤੁਸੀਂ ਫ਼ਿਕਰ ਨਾ ਕਰੋ, ਤਕੜੇ ਹੋ ਕੇ ਸੇਵਾ ਕਰੋ। ਗੁਰਵਾਕ ਹੈ:

**ਅੰਤਰਿ ਪੂਜਾ ਮਨ ਤੇ ਹੋਇ॥**
**ਏਕੋ ਵੇਖੈ ਅਉਰੁ ਨ ਕੋਇ॥**

*(ਬਸੰਤੁ ਮਹਲਾ ੩, ਅੰਗ ੧੧੭੩)*

ਇਹ ਰੁਮਾਲੇ ਬੜੀ ਦੇਰ ਸੰਭਾਲ ਕੇ ਰੱਖੇ ਸਨ ਨਾਨਕਸਰ, ਐਸੇ ਅਮੋਲਕ ਪ੍ਰਸੰਗ ਹੀ ਸਿਦਕ ਕਾਇਮ ਰੱਖਣ ਵਿਚ ਸਹਾਇਕ ਹੋਏ ਤੇ ਹੋ ਰਹੇ ਸਨ। ਧੰਨ ਗੁਰੂ ਨਾਨਕ, ਧੰਨ ਗੁਰੂ ਗ੍ਰੰਥ ਸਾਹਿਬ ਜੀ, ਧੰਨ ਗੁਰੂ ਨਾਨਕ, ਧੰਨ ਸ੍ਰੀ ਬਾਬਾ ਮਹਾਂ ਹਰਿਨਾਮ ਸਿੰਘ ਜੀ ਅਤੇ ਧੰਨ ਬਾਬਾ ਅਨੰਦ ਸਿੰਘ ਜੀ ਜਿਨ੍ਹਾਂ ਨੇ ਦਸਮ ਗੁਰੂ ਜੀ ਦੇ ਬਚਨ ਪ੍ਰਤੱਖ ਕਰ ਕੇ ਦਿਖਾਏ।

**ਤੀਸਰੇ ਰੂਪ ਸਿੱਖ ਹੈ ਮੋਰ। ਗੁਰਬਾਣੀ ਰਟ ਹੈ ਨਿਸ ਭੋਰ।**
**ਆਤਮ ਰਸ ਜੇ ਜਾਨਹੀ, ਸੋ ਹੈ ਖਾਲਸਾ ਦੇਵ।**
**ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਿਨ ਭੇਵ॥**

*(ਸ੍ਰੀ ਸਰਬ ਲੋਹ ਗ੍ਰੰਥ)*

(ਇਹ ਬਚਨ ਕਰਤਾਰ ਸਿੰਘ ਔਲਖ ਨੰਬਰਦਾਰ ਕਲੇਰਾਂ ਤੋਂ ਮਿਲਿਆ।

# ਮਨ ਓਇ ਦਿਨਸ ਧੰਨਿ ਪਰਵਾਨਾ

ਇਸੇ ਸਮੇਂ ਹੀ ਕਲੇਰਾਂ ਨਗਰ ਤੋਂ ਦੋ ਪ੍ਰੇਮੀ ਪੈਦਲ ਚੱਲ ਕੇ ਦਰਸ਼ਨ ਕਰਨ ਆਏ। ਇਕ ਤਾਂ ਕੇਹਰ ਸਿੰਘ ਔਲਖ, ਦੂਜਾ ਸ. ਦਲੀਪ ਸਿੰਘ ਔਲਖ। ਹਜ਼ੂਰ ਨੇ ਆਪਣੀ ਮਰਿਆਦਾ ਅਨੁਸਾਰ ਸਭ ਕੁਝ ਪੁੱਛਿਆ ਅਤੇ ਲਿਖਾਇਆ। ਰਹਰਾਸਿ ਸਾਹਿਬ ਦੇ ਸਮੇਂ ਕੇਹਰ ਸਿੰਘ ਔਲਖ ਨੂੰ ਚਰਨ ਘੁੱਟਣ ਦੀ ਸੇਵਾ ਮਿਲ ਗਈ। ਇਕ ਹੋਰ ਪ੍ਰੇਮੀ ਉਸ ਸਮੇਂ ਹਾਜ਼ਰ ਸੀ, ਉਸ ਨੇ ਬਿਨਾਂ ਹੁਕਮ ਤੋਂ ਚਰਨਾਂ ਨੂੰ ਹੱਥ ਲਾ ਦਿੱਤਾ। ਉਸ ਨੂੰ ਰੋਕ ਦਿੱਤਾ। ਉਪਰੰਤ ਉਸ ਨੇ ਭੁੱਲ ਮੰਨ ਲਈ ਅਤੇ ਫਿਰ ਮਾਫ਼ ਕਰ ਦਿੱਤਾ। ਰਾਤ ਨੂੰ ਇਕ ਸਾਧਾਰਨ ਬਚਨ

ਧਾਰਨਾ ਦੇ ਰੂਪ ਵਿਚ ਕਈ ਵਾਰ ਪੜ੍ਹਿਆ, "ਜਿੰਦੇ ਤੇਰਾ ਨਾਲਿਆਂ ਦਾ ਵਕਤ ਵਿਹਾਣਾ। ਇਕੋ ਤੰਦ ਕੁਵੱਲੜਾ ਪੈ ਗਿਆ ਸੋ ਦਾਤੇ ਨਹੀਂ ਭਾਣਾ। ਜਿੰਦੇ ਤੇਰਾ ਨਾਲਿਆਂ ਦਾ ਵਕਤ ਵਿਹਾਣਾ।" ਅਗਲੇ ਦਿਨ ਦੁੱਧ ਛਕਣ ਉਪਰੰਤ ਜਿਨ੍ਹਾਂ ਸੇਵਕਾਂ ਨੂੰ ਸੀਤ ਪ੍ਰਸਾਦ ਦਿੰਦੇ ਸਨ, ਉਹਨਾਂ ਦੇ ਨਾਲ ਕੇਹਰ ਸਿੰਘ ਔਲਖ ਨੂੰ ਭੀ ਮਿਲ ਗਿਆ। ਇਕ ਸੇਵਕ ਉਸ ਵੇਲੇ ਰੋ-ਰੋ ਕੇ ਬੇਨਤੀਆਂ ਕਰ ਰਿਹਾ ਸੀ, "ਜੀ, ਮੈਂ ਛੇ ਮਹੀਨੇ ਤੋਂ ਵਾਰੀ ਉਡੀਕ ਰਿਹਾ ਹਾਂ।" ਤਾਂ ਅੱਗੋਂ ਬਚਨ ਕੀਤਾ, "ਇਹ ਤਾਂ ਮਹਾਂਪੁਰਖਾਂ ਦੇ ਸੇਵਕ ਹਨ, ਤੂੰ ਤਾਂ ਹੁਣ ਛੇ ਮਹੀਨੇ ਲਾਏ ਹਨ ਇਹ ਤੈਥੋਂ ਪਹਿਲਾਂ ਲਾ ਚੁੱਕੇ ਹਨ।" ਅਗਲੇ ਦਿਨ ਤੁਰਨ ਸਮੇਂ ਭਵਿੱਖਤ ਬਚਨ ਕੀਤਾ, "ਰਾਹੋਂ ਕੁਰਾਹ ਭੋਇ ਤੋਂ ਕਭੋਇ।" ਇਹ ਬਚਨ ਕੇਹਰ ਸਿੰਘ ਦੇ ਅਨੁਸਾਰ ਜ਼ਮੀਨ ਦੀ ਮੁਰੱਬੇਬੰਦੀ ਨਾਲ ਸਨ। ਬਚਨ ਕੀਤਾ, "ਮਹਾਂ ਪੁਰਖਾਂ ਦੀ ਸੰਗਤ ਨਹੀਂ ਛੱਡਣੀ।"

**ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ ॥**
**ਸਾਕਤ ਸੰਗੁ ਨ ਕੀਜੀਐ ਜਾਂ ਤੇ ਹੋਇ ਬਿਨਾਹੁ ॥**

*(ਸਲੋਕ ਭਗਤ ਕਬੀਰ ਜੀਓ ਕੇ)*

ਅਤੇ ਦਲੀਪ ਸਿੰਘ ਔਲਖ ਨੂੰ ਚਾਰ ਬਚਨ ਸਿੱਖਿਆ ਦੇ ਰੂਪ ਵਿਚ ਸੁਣਾਏ, "ਅਕੇਲੇ ਨਾ ਤੁਰੀਏ ਵਾਟ, ਝਾੜ ਕੇ ਸੋਈਏ ਖਾਟ, ਜੀਵਨ ਮੁਹਤ ਨਾ ਕੋਇ, ਧੀਰਜ ਕੀਤੇ ਸਭ ਕੁਝ ਹੋਇ। ਸਿਮਰਨ ਬਿਨਾਂ ਜੀਵ ਇਕੱਲਾ ਹੈ।"

**ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥**
**ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥**
**ਮਨ ਕੀ ਪਤ੍ਰੀ ਵਾਚਣੀ ਸੁਖੀ ਹੂ ਸੁਖੁ ਸਾਰੁ ॥**
**ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ।**
**ਸਾਵਧਾਨ ਏਕਾਗਰ ਚੀਤ ॥**

**ਙੰਙਾ ਨਿਗ੍ਰਹਿ ਸਨੇਹੁ ਕਰਿ ਨਿਰਵਾਰੋ ਸੰਦੇਹ ॥**
**ਨਾਹੀ ਦੇਖਿ ਨ ਭਾਜੀਐ ਪਰਮ ਸਿਆਨਪ ਏਹ ॥੧੧॥**

*(ਗਉੜੀ ਬਾਵਨ ਅਖਰੀ, ਅੰਗ ੩੪੦)*

(ਇਹ ਪ੍ਰਸੰਗ ਕੇਹਰ ਸਿੰਘ ਗਿਆਨੀ ਔਲਖ ਪਾਸੋਂ ਮਿਲਿਆ।)

# ਜਾ ਕੈ ਦਰਸਿ ਪਾਪ ਕੋਟਿ ਉਤਾਰੇ

ਇਕ ਗੁਰਮੁਖ, ਜਿਸ ਦਾ ਨਗਰ ਕਉਂਕੇ ਕਲਾਂ ਸੀ, ਨਾਨਕਸਰ ਸ੍ਰੀ ਬਾਬਾ ਅਨੰਦ ਸਿੰਘ ਜੀ ਪਾਸ ਆਪਣਾ ਸਰੀਰਕ ਰੋਗ ਦੂਰ ਕਰਨ ਵਾਸਤੇ ਬੇਨਤੀ ਕੀਤੀ। ਉਤਰ ਵਿਚ ਸ੍ਰੀ ਬਾਬਾ ਅਨੰਦ ਸਿੰਘ ਜੀ ਨੇ ਹੁਕਮ ਕੀਤਾ, "ਤੋਤਾ ਸਿੰਘ, ਸਾਡੇ ਕੋਲੋਂ ਪੁੱਛਣਾ ਹੈ ਤਾਂ ਤੇਰੇ ਸਾਰੇ ਰੋਗਾਂ ਦਾ ਇਲਾਜ ਭੁੱਚੋ ਜਾ ਕੇ ਹੀ ਹੋ ਸਕਦਾ ਹੈ, ਜਿਨ੍ਹਾਂ ਦੇ ਦਰਸ਼ਨ ਵਿਚ ਬੜੀਆਂ ਸਿਫ਼ਤਾਂ ਹਨ 'ਦਰਸਨ ਨਿਮਖ ਤਾਪ ਤ੍ਰਈ ਮੋਚਨ ਪਰਸਤ ਮੁਕਤਿ ਕਰਤ ਗ੍ਰਿਹ ਕੂਪ॥" ਫਿਰ ਪੁੱਛਿਆ, "ਤੈਨੂੰ ਤਕਲੀਫ਼ ਕੀ ਹੈ ?" ਉਤਰ ਵਿਚ ਸ. ਤੋਤਾ ਸਿੰਘ ਨੇ ਬੇਨਤੀ ਕੀਤੀ, "ਜੀ, ਸਾਰੇ ਹੀ ਦੁੱਖ ਹਨ। ਘਰ ਵਿਚ ਗਰੀਬੀ ਵੀ ਹੈ ਅਤੇ ਸਰੀਰ ਵੀ ਰੋਗੀ ਹੈ।" 'ਭੋਜਨ ਕੀ ਚਿੰਤਾ ਬਨੀ ਧਨ ਕੀ ਕੈਸੀ ਆਸੁ' ਆਮ ਕਹਾਵਤ ਹੈ।" ਉਪਰੰਤ ਬਾਬਾ ਅਨੰਦ ਸਿੰਘ ਜੀ ਨੇ ਹੁਕਮ ਕੀਤਾ ਕਿ ਤੂੰ ਭੁੱਚੋ ਸਾਹਿਬ ਪਹੁੰਚ।

**ਤਾ ਤੇ ਬਿਲਮੁ ਪਲੁ ਢਿਲ ਨ ਕੀਜੈ**
**ਜਾਇ ਸਾਧੂ ਚਰਨਿ ਲਗੀਜੈ॥**

*(ਕਲਿਆਨੁ ਮਹਲਾ ੪, ਅੰਗ ੧੩੨੬)*

ਇਸ ਹੁਕਮ ਅਨੁਸਾਰ ਸ. ਤੋਤਾ ਸਿੰਘ ਕੁਝ ਦਿਨਾਂ ਵਿਚ ਤੁਰਦਾ-ਤੁਰਦਾ ਭੁੱਚੋ ਪਹੁੰਚ ਗਿਆ ਅਤੇ ਪਹਿਰੇਦਾਰ ਰਾਹੀਂ ਦਰਸ਼ਨ ਦੀ ਆਗਿਆ ਮੰਗੀ। ਉਤਰ ਵਿਚ ਸ੍ਰੀ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਬਚਨ ਕੀਤਾ, "ਮਹਾਂਪੁਰਖਾਂ ਨੇ ਭੇਜਿਆ ਹੈ, ਆ ਜਾਣ ਦਿਉ।" ਉਪਰੰਤ ਅੰਦਰ ਲੰਘ ਆਇਆ। ਨਮਸਕਾਰ ਕੀਤੀ। ਫਿਰ ਹੁਕਮ ਕੀਤਾ, "ਇਸ ਨੂੰ ਬੋਰੀ ਦੇ ਕੇ ਇਕ ਵਣ ਦੇ ਹੇਠ ਬਿਠਾ ਦਿਉ। ਚਾਲੀ ਦਿਨ ਇਥੇ ਰਹਿਣਾ ਹੋਏਗਾ।" ਹੁਕਮ ਅਨੁਸਾਰ ਬੋਰੀ ਮਿਲ ਗਈ, ਵਣ ਹੇਠ ਬਿਠਾ ਦਿੱਤਾ

ਗਿਆ। ਉਸ ਸਮੇਂ ਮਰਿਆਦਾ ਸੀ ਅੱਠੀਂ ਦਿਨੀਂ ਸਭ ਸੇਵਕਾਂ ਨੂੰ ਹਜ਼ੂਰੀ ਵਿਚ ਸੱਦ ਕੇ ਇਕੱਲੇ-ਇਕੱਲੇ ਨੂੰ ਪੁੱਛਦੇ ਸਨ ਕਿ ਤੂੰ ਕਿਸ ਵਾਸਤੇ ਸੇਵਾ ਕਰਦਾ ਹੈਂ ? ਤੇਰੀ ਕੀ ਕਾਮਨਾ ਹੈ ? ਹੁਕਮ ਅਨੁਸਾਰ ਸਭ ਨੂੰ ਵੇਰਵੇ ਨਾਲ ਦੱਸਣੀ ਪੈਂਦੀ ਸੀ। ਉਪਰੰਤ ਬਚਨ ਕਰਦੇ ਸਨ 'ਸ਼ੁੱਧ ਹੈ' ਤੇ ਫਿਰ ਇਕ ਵਾਰ ਸੇਵਕ ਵੱਲ ਵੇਖਣਾ। ਵੇਖਣ ਵਿਚ ਹੀ 'ਬ੍ਰਹਮ ਗਿਆਨੀ ਕੀ ਦ੍ਰਿਸਟ ਅੰਮ੍ਰਿਤ ਬਰਸੀ' ਵਾਲਾ ਹੁਕਮ ਵਰਤਦਾ ਸੀ।

**ਦ੍ਰਿਸਟ ਧਰਤ ਤਮ ਹਰਨ ਦਹਨ ਅਘ ਪਾਪ ਪ੍ਰਨਾਸਨ ॥**

*(ਸਵਈਏ ਮਹਲੇ ੨)*

ਉਸ ਸਮੇਂ ਬਾਬਾ ਜੀ ਦਾ ਤੇਜ਼ ਅਝੱਲ ਹੁੰਦਾ ਸੀ। ਸਾਹਮਣੇ ਹੋਣ ਤੋਂ ਡਰ ਲੱਗਦਾ ਸੀ। ਸ. ਤੋਤਾ ਸਿੰਘ ਨੇ ਦੱਸਿਆ ਕਿ ਉਸ ਸਮੇਂ ਮੈਨੂੰ ਬੜਾ ਡਰ ਲੱਗਣਾ, ਮੈਂ ਬੜੀ ਕੋਸ਼ਿਸ਼ ਕਰਨੀ ਕਿ ਸਾਹਮਣੇ ਨਾ ਹੋਵਾਂ ਪਰ ਹੁਕਮ ਮੰਨ ਕੇ ਜਾਣਾ ਪੈਂਦਾ ਸੀ, ਉਸ ਸਮੇਂ ਜੋ ਕੁਝ ਮੇਰੇ ਨਾਲ ਵਾਪਰਦਾ ਸੀ, ਉਹ ਮੈਨੂੰ ਹੀ ਪਤਾ ਹੈ। ਇਹ ਲਫ਼ਜ਼ ਸ. ਤੋਤਾ ਸਿੰਘ ਜੀ ਦੇ ਦੱਸੇ ਹੋਏ ਹਨ। ਮੁਸ਼ਕਿਲ ਨਾਲ ਚਾਰ ਕੁ ਦਿਨ ਕੱਟੇ ਅਤੇ ਅਖ਼ੀਰ 'ਤੇ ਮਜਬੂਰ ਹੋ ਕੇ ਚੋਰੀ ਭੱਜਣਾ ਪਿਆ। ਰਹਿ ਨਾ ਸਕਿਆ। ਫਿਰ ਬਾਬਾ ਜੀ ਕਲੇਰਾਂ ਵਾਲਿਆਂ ਪਾਸ ਆਪਣਾ ਦੁੱਖ ਦੱਸ ਕੇ ਬੇਨਤੀ ਕੀਤੀ। ਉਹਨਾਂ ਫਿਰ ਦੱਸਿਆ, "ਤੈਨੂੰ ਭੁੱਚੋ ਜਾਣ ਲਈ ਕਿਹਾ ਸੀ, ਤੂੰ ਗਿਆ ਕਿਉਂ ਨਹੀਂ।" ਅੱਗੋਂ ਸ. ਤੋਤਾ ਸਿੰਘ ਨੇ ਬੇਨਤੀ ਕੀਤੀ, "ਮੈਂ ਗਿਆ ਸੀ, ਉਥੇ ਤਾਂ ਡਰ ਬੜਾ ਲੱਗਦਾ। ਮੈਂ ਰਿਹਾ ਨਹੀਂ, ਆ ਗਿਆ।" ਦੂਜੀ ਵਾਰ ਬਾਬਾ ਅਨੰਦ ਸਿੰਘ ਜੀ ਦੀ ਪ੍ਰੇਰਨਾ ਸਦਕਾ ਫਿਰ ਆਇਆ ਤੇ ਫਿਰ ਵੀ ਨਹੀਂ ਰਹਿ ਸਕਿਆ। ਇਤਨੇ ਸਮੇਂ ਵਿਚ ਭੁੱਚੋ ਵਾਲੇ ਦਰਗਾਹ ਨੂੰ ਚਲੇ ਗਏ। ਇਹ ਪ੍ਰਸੰਗ ਸ. ਤੋਤਾ ਸਿੰਘ (ਸਿੰਘ ਸਾਹਿਬ ਜਥੇਦਾਰ ਅਕਾਲ ਤਖ਼ਤ ਸਾਹਿਬ ਗੁਰਪੁਰ ਵਾਸੀ ਸਿੰਘ ਸਾਹਿਬ ਗੁਰਦੇਵ ਸਿੰਘ ਜੀ ਦੇ ਸ. ਤੋਤਾ ਸਿੰਘ ਦਾਦਾ ਜੀ ਸਨ) ਨਿਵਾਸੀ ਕਉਂਕੇ ਕਲਾਂ ਨੇ ਕਈ ਵਾਰ ਸੰਗਤ ਵਿਚ ਸੁਣਾਇਆ ਸੀ। ਇਸੇ ਦੁੱਖ ਦੀ ਨਵਿਰਤੀ ਵਾਸਤੇ ਫਿਰ ਸ. ਤੋਤਾ ਸਿੰਘ ਨੇ ਬਾਬਾ ਅਨੰਦ ਸਿੰਘ ਜੀ ਪਾਸ ਬੇਨਤੀ ਕਰ ਕੇ ਕੋਈ ਸੇਵਾ ਮੰਗੀ। ਉਪਰੰਤ ਹੁਕਮ ਅਨੁਸਾਰ

ਸ. ਤੋਤਾ ਸਿੰਘ ਕੁਝ ਕੱਪੜਾ ਲੈ ਆਇਆ। ਉਸ ਸਮੇਂ ਬਾਬਾ ਅਨੰਦ ਸਿੰਘ ਜੀ ਦੇ ਸਾਹਮਣੇ ਇਕ ਸਰਵਾੜ ਦਾ ਪੂਲਾ ਪਿਆ ਸੀ, ਆਪ ਨੇ ਹੁਕਮ ਕੀਤਾ, "ਤੋਤਾ ਸਿੰਆਂ, ਸੀਖਾਂ ਵਾਲੀ ਡੱਬੀ ਲੈ ਕੇ ਪੂਲੇ 'ਤੇ ਰੱਖ ਕੇ ਕੱਪੜਾ ਸਾੜ ਦੇ।" ਤਿੰਨ ਵਾਰ ਬਚਨ ਕੀਤਾ ਪਰੰਤੂ ਮੰਨਿਆ ਨਹੀਂ। ਫਿਰ ਬਚਨ ਕੀਤਾ, "ਅੱਛਾ ਹੁਣ ਰਹਿਣ ਦੇ। ਜੇ ਤਾਂ ਹੁਣੇ ਬਚਨ ਮੰਨ ਕੇ ਸਾੜ ਦਿੰਦਾ ਤਾਂ ਤਤਕਾਲ ਹੀ ਦੁੱਖ ਹਟ ਜਾਣਾ ਸੀ। ਹੁਣ ਸੇਵਾ ਕਰੀ ਚੱਲ, ਸਭ ਕੁਝ ਠੀਕ ਹੋ ਜਾਏਗਾ।" ਇਸ ਬਜ਼ੁਰਗ ਦੇ ਲੇਖਕ ਨੇ ਦਰਸ਼ਨ ਵੀ ਕੀਤੇ ਹਨ, ਜੋ ਕਿ ਬੜੀ ਨਿਮਰਤਾ ਅਤੇ ਸੇਵਾ ਨਾਲ ਨਾਲ ਸੇਵਾ ਕਰਦਾ ਸੀ।

# ਅਨਿਕ ਬਿਘਨ ਤੇ ਸਾਧੂ ਰਾਖੈ

ਮਹਾਂਪੁਰਖ ਦੀ ਮਿਹਰ ਜੀਵ ਦੀ ਸਮਝ ਤੋਂ ਬਾਹਰ ਹੈ। ਕਿਸੇ ਚਤੁਰਾਈ ਨਾਲ ਸਿਆਣਪ ਨਾਲ ਪ੍ਰਾਪਤ ਨਹੀਂ ਹੁੰਦੀ।

**ਛੋਡਿ ਸਿਆਨਪ ਬਹੁ ਚਤੁਰਾਈ**
**ਦੁਇ ਕਰ ਜੋੜਿ ਸਾਧ ਮਗਿ ਚਲੁ ॥**

ਅਤੇ

**ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨ ॥**

ਇਹ ਅਕਲ ਵੀ ਬਚਨ ਮੰਨਣ ਵਾਲੇ ਨੂੰ ਪ੍ਰਾਪਤ ਹੁੰਦੀ ਹੈ। ਇਕ ਅੱਧਖੜ ਉਮਰ ਵਾਲੀ ਮਾਈ ਇਕੋ ਹੀ ਇਸ ਦੀ ਲੜਕੀ, ਦੋਵੇਂ ਮਾਂ-ਧੀ ਮਿਲ ਕੇ ਸੇਵਾ ਕਰਦੀਆਂ ਸਨ। ਜਿਸ ਕਿਸੇ ਵਕਤ ਬਾਬਾ ਜੀ ਦੀ ਹਜ਼ੂਰੀ ਵਿਚ ਮਾਂ-ਧੀ ਹਾਜ਼ਰ ਹੁੰਦੀਆਂ, ਉਸ ਸਮੇਂ ਬਾਬਾ ਜੀ ਨੇ ਬਚਨ ਕਰਨਾ, "ਬੀਬੀ, ਤੇਰੀ ਇਹ ਕੰਨਿਆ ਬੜੇ ਭਾਗਾ ਵਾਲੀ ਹੈ।" ਪਰ ਉਸ ਮਾਈ ਨੇ ਬੇਨਤੀ ਕਰਨੀ, "ਮਹਾਰਾਜ, ਇਸ ਦਾ ਪਿਉ ਤਾਂ ਇਸ ਦੇ ਸਿਰ 'ਤੇ ਰਿਹਾ ਨਹੀਂ, ਪਤਾ ਨਹੀਂ ਵਿਚਾਰੀ ਦਾ ਕੀ ਬਣੇਗਾ।" ਹਜ਼ੂਰ ਨੇ ਬਚਨ ਕਰਨਾ "ਸ਼ੁੱਧ ਹੈ। ਸਭ ਠੀਕ ਹੋ ਜਾਏਗਾ।" ਨਿਯਮ ਅਨੁਸਾਰ ਮਾਂ-ਧੀ ਸੇਵਾ ਕਰਦੀਆਂ ਰਹੀਆਂ। ਕੁਝ ਸਮੇਂ ਬਾਅਦ ਉਸ ਲੜਕੀ ਦਾ ਕਿਤੇ ਰਿਸ਼ਤਾ

ਹੋ ਗਿਆ। ਬਾਅਦ ਵਿਚ ਉਸ ਦੀ ਮਾਂ ਨੇ ਹਜ਼ੂਰ ਦੇ ਪਾਸ ਰਿਸ਼ਤੇ ਦੀ ਗੱਲ ਕਰ ਦਿੱਤੀ। ਉਪਰੰਤ ਹਜ਼ੂਰ ਨੇ ਬਚਨ ਕੀਤਾ, "ਬੀਬੀ, ਪਹਿਲਾਂ ਤਾਂ ਤੂੰ ਪੁੱਛਿਆ ਨਹੀਂ, ਹੁਣ ਤੂੰ ਸਾਡੇ ਕੋਲ ਗੱਲ ਕਰਦੀ ਹੈ। ਅੱਛਾ ਜੋ ਮਾਲਿਕ ਦੀ ਰਜ਼ਾ।" ਬਚਨ ਸੁਣ ਕੇ ਮਾਈ ਡਰ ਗਈ। ਉਸੇ ਸਮੇਂ ਹਜ਼ੂਰ ਨੇ ਬਚਨ ਕੀਤਾ, "ਬੀਬੀ, ਡਰਨ ਵਾਲੀ ਕੋਈ ਗੱਲ ਨਹੀਂ, ਜੋ ਕੁਝ ਹੋਇਆ ਭਲਾ ਹੋਇਆ। ਅੱਗੇ ਨੂੰ ਜੋ ਗੁਰੂ ਨਾਨਕ ਕਰੇਗਾ, ਭਲਾ ਹੀ ਕਰੇਗਾ। ਤੂੰ ਚਿੰਤਾ ਅਚਿੰਤ ਰਹੁ। ਸਭ ਭਰਮ ਮਨ ਵਿਚੋਂ ਕੱਢ ਦੇ।" ਸਮੇਂ ਅਨੁਸਾਰ ਲੜਕੀ ਦੀ ਸ਼ਾਦੀ ਹੋ ਗਈ ਤੇ ਕੁਝ ਸਮੇਂ ਬਾਅਦ ਲੜਕੀ ਦੀ ਸੱਸ ਅਤੇ ਪਤੀ ਨੇ ਲੜਕੀ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ। ਗੱਲ-ਗੱਲ 'ਤੇ ਮਾਰ-ਕੁਟਾਈ ਤੇ ਝੂਠੀਆਂ ਤੋਹਮਤਾਂ ਵੀ ਲੱਗਣ ਲੱਗ ਪਈਆਂ ਪਰੰਤੂ ਉਸ ਲੜਕੀ ਨੇ ਇਕੋ ਹੀ ਉਤਰ ਦੇਣਾ ਕਿ ਮੈਨੂੰ ਕਿਸੇ ਗੱਲ ਦਾ ਪਤਾ ਨਹੀਂ। ਮੇਰੇ ਤਾਂ ਇਕ ਰੂੰਮੀ ਵਾਲੇ ਮਹਾਰਾਜ ਹੀ ਹਨ, ਸਭ ਕੁਝ ਓਹੀ ਜਾਣਦੇ ਹਨ। ਇਕ ਦਿਨ ਇਸ ਦੇ ਪਤੀ ਨੇ  ਲੜਕੀ ਨੂੰ ਬਹੁਤ ਮਾਰਿਆ ਤੇ ਇਕ ਕੋਠੇ ਵਿਚ ਬੰਦ ਕਰ ਦਿੱਤਾ ਤੇ ਕਹਿਣ ਲੱਗਾ, "ਅੱਜ ਰਾਤ ਨੂੰ ਤੈਨੂੰ ਤੱਤੇ ਸਰੀਏ ਲਾ ਕੇ ਸਭ ਕੁਝ ਪੁੱਛ ਕੇ ਫਿਰ ਤੈਨੂੰ ਵੱਢਣਾ ਹੈ। ਫਿਰ ਵੇਖਾਂਗੇ ਤੇਰਾ ਰੂੰਮੀ ਵਾਲਾ ਬਾਬਾ।" ਇਸ ਤਰ੍ਹਾਂ ਕਹਿ ਕੇ ਕੋਠੇ ਦਾ ਦਰਵਾਜ਼ਾ ਬਾਹਰੋਂ ਬੰਦ ਕਰ ਕੇ ਚਲਾ ਗਿਆ ਤੇ ਆਪਣੀ ਮਾਂ ਨੂੰ ਵੀ ਕਹਿ ਗਿਆ ਕਿ ਤੂੰ ਅੱਜ ਦੀ ਰਾਤ ਬਾਹਰ ਕੱਟ ਲੈ, ਕੱਲ੍ਹ ਨੂੰ ਸਵੇਰੇ ਆ ਜਾਵੀਂ। ਇਧਰ ਸ਼ਾਮ ਦਾ ਸਮਾਂ ਸੀ, ਲੰਗਰ ਵਰਤ ਰਿਹਾ ਸੀ। ਅਚਾਨਕ ਹੀ ਬਾਬਾ ਜੀ ਨੇ ਬਚਨ ਕੀਤਾ, "ਕੇਸਰਾ, ਦੁਸ਼ਟ ਨੇ ਹੱਦ ਕਰ ਦਿੱਤੀ। ਲੜਕੀ ਤਾਂ ਸੱਚੀ-ਸੁੱਚੀ ਹੈ, ਕਿਤੇ ਅਨਰਥ ਹੀ ਨਾ ਹੋ ਜਾਏ। ਬਾਹਰੋਂ ਕੁੰਡਾ ਬੰਦ ਹੈ।" ਕੇਸਰ ਸਿੰਘ ਨੇ ਬੇਨਤੀ ਕੀਤੀ, "ਜੋ ਹੁਕਮ ਕਰੋਗੇ, ਹੋ ਜਾਏਗਾ।" ਹਜ਼ੂਰ ਨੇ ਹੁਕਮ ਕੀਤਾ,"ਜਾਹ ਫੇਰ, ਕੁੰਡਾ ਖੋਲ ਦੇ।" ਸਤਿ ਬਚਨ ਕਰ ਕੇ ਕੇਸਰ ਸਿੰਘ ਢਾ ਲਾ ਕੇ ਮੰਜੇ ਉੱਤੇ ਟੇਡਾ ਹੋ ਗਿਆ। ਕੁਝ ਸਮੇਂ ਬਾਅਦ ਕੇਸਰ ਸਿੰਘ ਨੇ ਉੱਠ ਕੇ ਬੇਨਤੀ ਕੀਤੀ, "ਮਹਾਰਾਜ, ਕੁੰਡਾ ਖੋਲ੍ਹ ਦਿੱਤਾ ਹੈ ਤੇ ਲੜਕੀ ਆ ਰਹੀ ਹੈ।" ਬਾਬਾ ਜੀ ਨੇ ਬਚਨ ਕੀਤਾ, "ਸ਼ੁੱਧ ਹੈ।" ਤੇ ਫਿਰ ਭਾਈ ਨੀਲਾ ਸਿੰਘ ਨੂੰ ਹੁਕਮ ਕੀਤਾ, "ਨੀਲਾ ਸਿੰਆਂ, ਅੱਜ ਰਾਤ ਨੂੰ ਤੇਰਾ ਪਹਿਰਾ ਹੈ। ਜਿਸ ਸਮੇਂ ਕੰਨਿਆ

ਆਵੇ, ਸਾਨੂੰ ਖ਼ਬਰ ਕਰੀਂ।" ਨੀਲਾ ਸਿੰਘ ਸਤਿ ਬਚਨ ਕਰ ਕੇ ਪਹਿਰੇ ਤੇ ਖਲੋ ਗਿਆ। ਬਹੁਤ ਰਾਤ ਬੀਤਣ ਉਪਰੰਤ ਲੜਕੀ ਵੀ ਪਹੁੰਚ ਗਈ। ਹੁਕਮ ਅਨੁਸਾਰ ਬਾਬਾ ਜੀ ਨੂੰ ਖ਼ਬਰ ਕਰ ਦਿੱਤੀ। ਹਜ਼ੂਰ ਨੇ ਹੁਕਮ ਕੀਤਾ, "ਸ਼ੁੱਧ ਹੈ। ਇਸ ਨੂੰ ਜਲ ਪਾਣੀ ਛਕਾ ਕੇ ਕੋਠੀ ਦੇ ਬਰਾਂਡੇ ਵਿਚ ਜਗ੍ਹਾ ਦੇ ਦਿਉ।" ਪਿੱਛੋਂ ਘਰ ਸ਼ਰਾਬੀ ਹਾਲਤ ਵਿਚ ਪਤੀ ਆਇਆ। ਉਸ ਨੂੰ ਸ਼ਰਾਬ ਦੇ ਨਸ਼ੇ ਵਿਚ ਬੇਸੁਰਤ 'ਧੀਰਜ ਬੁਧ ਬਿਕੇਕ ਬਲ ਗਤ ਮਿਤ ਅਉਸਰ ਬਾਰ। ਮਹਾਂਪੁਰਖ ਕੇ ਕੋਪ ਕਰ ਭੂਲ ਗਈ ਸੁਧ ਸਾਤ' ਦੇ ਕਥਨ ਅਨੁਸਾਰ ਜਿਵੇਂ ਘਰ ਆਇਆ ਉਸੇ ਤਰ੍ਹਾਂ ਹੀ ਪਿਆ ਰਿਹਾ। ਰਾਤ ਬੀਤ ਗਈ ਤੋਂ ਹੋਸ਼ ਆਈ ਤਾਂ ਵੇਖਿਆ ਫਿਰ ਆਪਣੇ ਕਰਨ ਵਾਲੇ ਬੁਰੇ ਕੰਮ ਨੂੰ ਯਾਦ ਕੀਤਾ। ਉਸ ਵੇਲੇ ਕੁਝ ਹੋ ਨਹੀਂ ਸੀ ਸਕਦਾ। ਅਖ਼ੀਰ ਸਹੁਰੇ ਨਗਰ ਪਹੁੰਚ ਕੇ ਆਪਣੀ ਸੱਸ ਤੋਂ ਅਸਲੀ ਗੱਲ ਛੁਪਾ ਕੇ ਬੋਲਿਆ, "ਤੇਰੀ ਧੀ ਤੈਨੂੰ ਮਿਲਣ ਆਈ ਸੀ ਤੇ ਮੁੜੀ ਨਹੀਂ, ਮੈਂ ਸੋਚਿਆ ਲੈ ਹੀ ਆਵਾਂ।" ਪਰੰਤੂ ਉਸ ਮਾਈ ਨੇ ਕਿਹਾ, " ਉਹ ਇਥੇ ਤਾਂ ਨਹੀਂ ਆਈ। ਪਤਾ ਨਹੀਂ ਰੂੰਮੀ ਵਾਲੇ ਬਾਬਾ ਜੀ ਕੋਲ ਚਲੀ ਗਈ ਹੋਵੇਗੀ ਤੇ ਤੂੰ ਵੀ ਨਾਲ ਚੱਲ।" ਪਰੰਤੂ ਉਹ ਆਪ ਤਾਂ ਡਰਦਾ ਨਾ ਆਇਆ। ਉਹ ਮਾਈ ਇਕੱਲੀ ਹੀ ਭੁੱਚੋ ਪਹੁੰਚ ਗਈ। ਜਿਸ ਸਮੇਂ ਮਾਈ ਪਹੁੰਚੀ ਤੇ ਲੜਕੀ ਨੇ ਸਾਰੀ ਵਾਰਤਾ ਬਾਬਾ ਜੀ ਦੀ ਹਜ਼ੂਰੀ ਵਿਚ ਮਾਂ ਨੂੰ ਸੁਣਾਈ। ਸੁਣਨ ਉਪਰੰਤ ਹਜ਼ੂਰ ਨੇ ਬਚਨ ਕੀਤਾ, "ਬੀਬੀ, ਤੂੰ ਪਿੱਛੇ ਮੁੜ ਜਾ, ਉਸ ਦੁਸ਼ਟ ਨੂੰ ਲੈ ਕੇ ਆ।" ਮਾਈ ਨੇ ਬੇਨਤੀ ਕੀਤੀ, "ਗਰੀਬ ਨਿਵਾਜ਼, ਉਸ ਨੇ ਮੇਰੇ ਕਹੇ ਨਹੀਂ ਮੰਨਣਾ।" ਹਜ਼ੂਰ ਨੇ ਬਚਨ ਕੀਤਾ, "ਤੂੰ ਜਾਹ, ਉਸ ਨੇ ਤਾਂ ਆਪੇ ਹੀ ਤੇਰੇ ਅੱਗੇ ਲੱਗ ਕੇ ਤੁਰ ਪੈਣਾ ਹੈ, ਸਿੱਧਾ ਤੀਰ ਵਰਗਾ ਕਰ ਕੇ ਤੋਰਾਂਗੇ।" ਹੁਕਮ ਅਨੁਸਾਰ ਜਿਸ ਵੇਲੇ ਉਸ ਨੂੰ ਨਾਲ ਚੱਲਣ ਵਾਸਤੇ ਕਿਹਾ, ਉਹ ਅੱਗੇ ਚੁੱਪ ਚਾਪ ਹੋ ਤੁਰਿਆ। ਉਪਰੰਤ ਦੋਵੇਂ ਹਜ਼ੂਰੀ ਵਿਚ ਪਹੁੰਚੇ। ਹਜ਼ੂਰ ਨੇ ਗੜ੍ਹਕਵੀਂ ਆਵਾਜ਼ ਵਿਚ ਬਚਨ ਕੀਤਾ, "ਕਿਉਂ ਬਈ, ਤੂੰ ਤਾਂ ਇਸ ਕੰਨਿਆ ਨੂੰ ਮਾਰਨਾ ਸੀ ? ਤੂੰ ਸਮਝਿਆ ਕਿ ਇਸ ਦਾ ਕੋਈ ਨਹੀਂ।" ਇਸ ਦੇ ਨਾਲ ਹੀ ਉਸ ਨੇ ਭੁੱਲ ਮੰਗ ਲਈ। ਬਚਨ ਕੀਤਾ, "ਸ਼ੁੱਧ ਹੈ।" ਫਿਰ ਹੁਕਮ ਨਾਲ ਦੋਹਾਂ ਦੀ ਸ਼ਰ੍ਹਾ ਕਰਾਈ ਅਤੇ ਅੰਮ੍ਰਿਤ ਦਿੱਤਾ। ਇਸੇ ਦੌਰਾਨ ਪਟਿਆਲੇ ਵਾਲਾ ਲਾਲਾ

ਦਿਲਸੁਖ ਰਾਇ ਕੂਜਾ ਮਿਸਰੀ ਦਾ ਪ੍ਰਸ਼ਾਦ ਲੈ ਕੇ ਪਹੁੰਚ ਗਿਆ। ਉਸ ਪ੍ਰਸ਼ਾਦ ਵਿਚੋਂ ਇਕ ਕੂਜਾ ਉਸ ਕੰਨਿਆ ਦੀ ਝੋਲੀ ਪਾ ਕੇ ਬਚਨ ਕੀਤਾ, "ਇਕ ਸਾਲ ਦੇ ਅੰਦਰ-ਅੰਦਰ ਤੇਰੀ ਗੋਦੀ ਲਾਲ ਖੇਡੇਗਾ।" ਖ਼ੁਸ਼ੀਆਂ ਦੇ ਕੇ ਤੋਰੇ। ਸਾਲ ਦੇ ਅੰਦਰ ਬੱਚਾ ਹੋਣ ਉਪਰੰਤ ਜਿਵੇਂ ਮਾਤਾ-ਪਿਤਾ ਦੋਹਤਰੇ ਦੇ ਜਨਮ ਤੋਂ ਸਗਨ ਕਰਦੇ ਹਨ, ਸਭ ਕਰਾਏ। ਉਸ ਲੜਕੀ ਦੀ ਮਾਂ ਨੇ ਬੇਨਤੀ ਕੀਤੀ, "ਮਹਾਰਾਜ, ਮੈਂ ਗਰੀਬਣੀ ਤੁਹਾਡਾ ਦੇਣ ਕਿਥੇ ਦੇਊਂਗੀ।" ਤਾਂ ਬਚਨ ਕੀਤਾ, "ਬੀਬੀ, ਅਜੇ ਤਾਂ ਅਸੀਂ ਆਪਣਾ ਭਾਰ ਹੀ ਲਾਹ ਰਹੇ ਹਾਂ। ਇਸ ਕੰਨਿਆ ਨੇ ਪਿੱਛੇ ਕਿਸੇ ਸਮੇਂ ਸਾਡੀ ਬੜੀ ਸੇਵਾ ਕੀਤੀ ਹੈ।" ਇਸ ਤੋਂ ਉਪਰੰਤ ਇਸ ਪਰਿਵਾਰ ਨੇ ਬੇਅੰਤ ਸੇਵਾ ਕੀਤੀ।

*(ਇਹ ਪ੍ਰਸੰਗ ਵੱਡੇ ਝੰਡਾ ਸਿੰਘ ਸੇਮਾ ਨਿਵਾਸੀ ਤੋਂ ਮਿਲਿਆ।)*

## ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ ॥

ਆਸਤਕ ਅਤੇ ਨਾਸਤਕ ਆਦਿ ਕਾਲ ਤੋਂ ਹੀ ਸੰਸਾਰ ਵਿਚ ਰਹੇ ਹਨ ਅਤੇ ਰਹਿਣਗੇ ਵੀ। ਗੁਰਵਾਕ ਹੈ :

**ਜਿਸਹਿ ਦਿਖਾਲਾ ਵਾਟੜੀ ਤਿਸਹਿ ਭੁਲਾਵੈ ਕਉਣੁ ॥**
**ਜਿਸਹਿ ਭੁਲਾਈ ਪੰਧ ਸਿਰਿ ਤਿਸਹਿ ਦਿਖਾਵੈ ਕਉਣੁ ॥**

*(ਰਾਮਕਲੀ ਕੀ ਵਾਰ)*

ਬਾਬਾ ਜੀ ਦੇ ਸਮੇਂ ਇਕ ਮਾਲ ਪਟਵਾਰੀ ਜਿਸ ਦਾ ਨਾਮ ਭਾਨ ਸਿੰਘ ਜੀ, ਭਾਈ ਕੇ ਚੱਕ ਡਿਊਟੀ ਕਰਦਾ ਸੀ। ਘਰ ਵਿਚ ਔਲਾਦ ਦੀ ਘਾਟ ਸੀ। ਇਸ ਦਾ ਪਿਛਲਾ ਨਗਰ ਲੰਡੇ ਕੇ, ਮੋਗੇ ਦੇ ਨਜ਼ਦੀਕ ਹੀ ਸੀ। ਇਸ ਦੇ ਘਰੋਂ ਮਾਈ ਨੇ ਬਾਬਾ ਜੀ ਦੀਆਂ ਸਿਫ਼ਤਾਂ ਸੁਣੀਆਂ ਕਿ ਇਸ ਘਰੋਂ ਕੋਈ ਨਿਰਾਸ ਨਹੀਂ ਮੁੜਿਆ। ਮਨ ਵਿਚ ਖ਼ਿਆਲ ਆਇਆ ਕਿ ਕਿਵੇਂ ਬਾਬਾ ਜੀ ਦੀ ਸੇਵਾ ਅਤੇ ਦਰਸ਼ਨ ਕਰੀਏ। ਘਰੋਂ ਮਾਈ ਨੇ ਕਈ ਵਾਰ ਘਰ ਵਿਚ ਗੱਲ ਕੀਤੀ, "ਸਰਦਾਰ ਜੀ, ਆਪਾਂ ਭੁੱਚੋ ਰੁੰਮੀ ਬਾਬਾ ਜੀ ਪਾਸ ਆਪਣੇ

ਘਰ ਬਾਬਤ ਅਰਜ਼ ਕਰੀਏ।" ਪਰੰਤੂ ਸਰਦਾਰ ਪਟਵਾਰੀ ਜੀ ਨਹੀਂ ਸਨ ਮੰਨਦੇ। ਕਈ ਵਾਰ ਮਾਈ ਨੇ ਆਖਿਆ, ਪਰੰਤੂ ਪਟਵਾਰੀ ਜੀ ਹਰ ਵਾਲ ਗੱਲ ਟਾਲ ਦਿੰਦੇ। ਅਖ਼ੀਰ ਪਟਵਾਰੀ ਜੀ ਦੇ ਘਰੋਂ ਮਾਈ ਨੇ ਆਪਣੇ ਨੌਕਰ ਨਾਲ ਗੱਲ ਕੀਤੀ ਕਿ ਮੈਂ ਤੈਨੂੰ ਦੁੱਧ ਚੋਅ ਕੇ ਦਿਆਂਗੀ ਤੂੰ ਚੁੱਪ ਚਾਪ ਰੂੰਮੀ ਵਾਲੇ ਡੇਰੇ ਪੁਚਾ ਦੇਵੀਂ, ਪਰ ਸਰਦਾਰ ਜੀ ਨੂੰ ਨਾ ਪਤਾ ਲੱਗੇ। ਨੌਕਰ ਮੰਨ ਗਿਆ। ਉਪਰੰਤ ਮਾਈ ਨੇ ਦੁੱਧ ਚੋ ਕੇ ਬਾਲਟੀ ਭਰ ਕੇ ਨੌਕਰ ਨੂੰ ਤੋਰ ਦਿੱਤਾ। ਨੌਕਰ ਦੁੱਧ ਲੈ ਕੇ ਭੁੱਚੋ ਡੇਰੇ ਅੱਪੜ ਗਿਆ। ਸੇਵਾਦਾਰ ਨੇ ਬਾਬਾ ਜੀ ਪਾਸ ਬੇਨਤੀ ਕੀਤੀ ਕਿ ਮਹਾਰਾਜ ਚੱਕਾਂ ਤੋਂ ਪਟਵਾਰੀ ਦਾ ਨੌਕਰ ਦੁੱਧ ਲੈ ਕੇ ਆਇਆ ਹੈ। ਕੀ ਹੁਕਮ ਹੈ ? ਹਜ਼ੂਰ ਨੇ ਬਚਨ ਕੀਤਾ, "ਦੁੱਧ ਲੈ ਕੇ ਮਿਣਤੀ ਕਰ ਕੇ ਮੁੱਲ ਦੇ ਦਿਉ।" ਨੌਕਰ ਨੇ ਮੁੱਲ ਲੈਣ ਤੋਂ ਨਾਂਹ ਕਰ ਦਿੱਤੀ। ਹਜ਼ੂਰ ਨੇ ਬਚਨ ਕੀਤਾ, "ਸਾਡੀ ਮਰਿਆਦਾ ਇਹੋ ਹੈ, ਅਸੀਂ ਮੁੱਲ ਬਿਨਾਂ ਕੁਝ ਨਹੀਂ ਲੈਂਦੇ ਜਾਂ ਤੂੰ ਦੁੱਧ ਮੋੜ ਕੇ ਲੈ ਜਾ।" ਨੌਕਰ ਆਖ਼ਰ ਨੂੰ ਮੁੱਲ ਲੈ ਕੇ ਮੁੜ ਗਿਆ। ਘਰ ਮਾਈ ਨੂੰ ਸਾਰੀ ਗੱਲ ਜਾ ਦੱਸੀ। ਖ਼ੈਰ ਅਗਲੇ ਦਿਨ ਮਾਈ ਨੇ ਨੌਕਰ ਨੂੰ ਫਿਰ ਦੁੱਧ ਦੇ ਕੇ ਭੇਜਿਆ। ਨਾਲ ਤਾਕੀਦ ਕੀਤੀ ਕਿ ਪੈਸੇ ਨਹੀਂ ਲੈ ਕੇ ਆਉਣੇ, ਜਦੋਂ ਦੁੱਧ ਦੀ ਮਿਣਤੀ ਕਰਨ ਲੱਗੇ, ਤੂੰ ਬਾਲਟੀ ਛੱਡ ਕੇ ਭੱਜ ਆਵੀਂ। ਅਗਲੇ ਦਿਨ ਨੌਕਰ ਦੁੱਧ ਲੈ ਕੇ ਆਇਆ। ਹਜ਼ੂਰ ਨੇ ਨੌਕਰ ਨੂੰ ਵੇਖ ਕੇ ਕਿਹਾ, "ਤੂੰ ਬਾਲਟੀ ਛੱਡ ਕੇ ਨਾ ਭੱਜੀਂ। ਅਸੀਂ ਦੁੱਧ ਦਾ ਦੁੱਧ ਹੀ ਮੋੜ ਦਿਆਂਗੇ।" ਉਪਰੰਤ ਨੌਕਰ ਬਾਲਟੀ ਛੱਡ ਕੇ ਨਹੀਂ ਗਿਆ। ਬਾਲਟੀ ਲੈ ਗਿਆ, ਜੋ ਇਥੇ ਦੁੱਧ ਮੋੜਨ ਦਾ ਬਚਨ ਬਾਬਾ ਜੀ ਨੇ ਕੀਤਾ ਸੀ, ਉਹ ਵੀ ਮਾਈ ਨੂੰ ਜਾ ਦੱਸਿਆ। ਮਾਈ ਨੇ ਗੱਲ ਸੁਣ ਕੇ ਅਣਸੁਣੀ ਕਰ ਦਿੱਤੀ। ਸ਼ਾਮਾਂ ਹੋਈਆਂ ਤਾਂ ਮਾਈ ਨੇ ਦੁੱਧ ਵਾਲੀ ਕਾੜ੍ਹਨੀ ਵੇਖੀ ਤੇ ਹੈਰਾਨ ਹੋ ਗਈ। ਉਹ ਭਰੀ ਹੋਈ ਸੀ ਦੁੱਧ ਨਾਲ। ਸੋਚਿਆ ਮੈਂ ਤਾਂ ਸਵੇਰ ਦਾ ਦੁੱਧ ਭੁੱਚੋ ਭੇਜਿਆ ਸੀ, ਇਥੇ ਦੁੱਧ ਕਿਥੋਂ ਆਇਆ। ਫਿਰ ਆਂਢ-ਗੁਆਂਢ ਤੋਂ ਪਤਾ ਕੀਤਾ, ਨਾ ਕਿਸੇ ਦੁੱਧ ਦਿੱਤਾ ਸੀ ਨਾ ਹੀ ਕੋਈ ਦੱਸ ਸਕਿਆ। ਝੱਟ ਹੀ ਮਾਈ ਨੂੰ ਯਾਦ ਆ ਗਿਆ ਕਿ ਬਾਬਾ ਜੀ ਨੇ ਦੁੱਧ ਮੋੜਨ ਲਈ ਬਚਨ ਕੀਤਾ ਸੀ, ਉਹੀ ਬਚਨ ਸਤਿ ਹੋਇਆ ਹੈ।

ਰਾਤ ਨੂੰ ਮਾਈ ਨੇ ਡਰਦਿਆਂ-ਡਰਦਿਆਂ ਪਟਵਾਰੀ ਕੋਲ ਸਾਰੀ ਵਿਥਿਆ ਸੁਣਾਈ ਤੇ ਕਿਹਾ ਕਿ ਆਪਾਂ ਦਰਸ਼ਨ ਕਰਨ ਚੱਲੀਏ। ਦਰਿਆ ਕਿਨਾਰੇ ਬੈਠ ਕੇ ਤਿਹਾਏ ਨਾ ਮਰੀਏ। ਸੁਣ ਕੇ ਪਟਵਾਰੀ ਬੋਲਿਆ, "ਤੂੰ ਦੁੱਧ ਰੋਜ਼ ਘੱਲ ਦਿਆ ਕਰ, ਚੱਲਾਂਗੇ ਕਿਤੇ ਫਿਰ।" ਪਰੰਤੂ ਸਿਦਕ ਤੋਂ ਖ਼ਾਲੀ ਹੀ ਸੀ।

**ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ॥**
**ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ॥**

*(ਸਲੋਕ ਫਰੀਦ ਜੀ, ਅੰਗ ੧੩੭੮)*

ਸਭ ਕੁਝ ਦਿਖਾ ਕੇ ਸਿਦਕ ਤੋਂ ਖ਼ਾਲੀ ਰੱਖਣਾ, ਇਹ ਵੀ ਤੇਰਾ ਇਕ ਨਿਰਾਲਾ ਹੀ ਕੌਤਕ ਹੈ। ਅਗਲੇ ਦਿਨ ਨੌਕਰ ਫਿਰ ਦੁੱਧ ਲੈ ਕੇ ਹਾਜ਼ਰ ਹੋਇਆ, ਹੁਕਮ ਅਨੁਸਾਰ ਦੁੱਧ ਦੀ ਮਿਣਤੀ ਕੀਤੀ ਗਈ। ਜੋ ਦੋ ਆਨੇ ਬਣੇ, ਹਜ਼ੂਰ ਨੇ ਹੁਕਮ ਕੀਤਾ, "ਬਾਲਿਆ, ਇਕ ਲੀਰ 'ਚ ਦੋ ਆਨੇ ਬੰਨ੍ਹ ਕੇ ਸਾਨੂੰ ਫੜਾਉ। ਅਸੀਂ ਪਟਵਾਰੀ ਨੂੰ ਪਹੁੰਚਾਵਾਂਗੇ।" ਉਸੇ ਸਮੇਂ ਦੋ ਆਨੇ ਲਾਲ ਰੰਗ ਦੀ ਲੀਰ 'ਚ ਬੰਨ੍ਹ ਕੇ ਆਪਣੇ ਹੱਥ 'ਚ ਫੜ ਲਏ। ਉਪਰੰਤ ਨੌਕਰ ਨੂੰ ਚਲੇ ਜਾਣ ਦਾ ਹੁਕਮ ਹੋਇਆ। ਨੌਕਰ ਨੇ ਘਰ ਆ ਕੇ ਪਟਵਾਰੀ ਦੇ ਕੋਲ ਸਾਰੀ ਹਕੀਕਤ ਦੱਸੀ ਕਿ ਬੀਬੀ ਜੀ, ਮੇਰੇ ਸਾਹਮਣੇ ਸਭ ਕੁਝ ਹੋਇਆ ਹੈ। ਦੁੱਧ ਵੀ ਰੱਖ ਲਿਆ ਹੈ, ਉਸ ਸਮੇਂ ਪਟਵਾਰੀ ਘਰ ਹੀ ਸੀ। ਉਸ ਨੇ ਵੀ ਗੱਲ ਸੁਣੀ, ਸਰਦੀ ਦੀ ਰੁੱਤ ਸੀ, ਪਟਵਾਰੀ ਖੇਤਾਂ ਵਿਚ ਖੇਤਾਂ ਦੀ ਗਰਦੌਰੀ ਕਰ ਰਿਹਾ ਸੀ, ਨਾਲ ਚੌਂਕੀਦਾਰ ਸੀ। ਉਸ ਸਮੇਂ ਸ. ਭਾਨ ਸਿੰਘ ਗਿੱਲ ਇਕ ਉੱਚੇ ਟਿੱਬੇ ਉੱਤੇ ਖੜਾ ਹੋ ਕੇ ਦੂਰ ਤਕ ਨਿਗਾਹ ਕਰ ਕੇ ਗਰਦੌਰੀ ਕਰ ਰਿਹਾ ਸੀ। ਹੱਥ ਵਿਚ ਗਰਦੌਰੀ ਵਾਲਾ ਰਜਿਸਟਰ ਸੀ। ਅਚਾਨਕ ਹੀ ਰਜਿਸਟਰ ਉੱਤੇ ਲਾਲ ਰੰਗ ਦੀ ਲੀਰ ਵਿਚ ਬੰਨ੍ਹੀ ਹੋਈ ਕੋਈ ਚੀਜ਼ ਡਿੱਗੀ ਤੇ ਖੜਾਕ ਹੋਇਆ। ਉਸੇ ਸਮੇਂ ਸ. ਭਾਨ ਸਿੰਘ ਨੂੰ ਆਪਣੇ ਸਿਰ ਉੱਤੇ ਕੁਝ ਪਰਛਾਵੇਂ ਵਰਗੀ ਚੀਜ਼ ਦਿਸੀ। ਉਸ ਸਮੇਂ ਨੀਵੀਂ ਨਿਗਾਹ ਕਰ ਕੇ ਲਿਖ ਰਿਹਾ ਸੀ। ਉਪਰ ਵੱਲ ਨਿਗਾਹ ਕੀਤੀ ਤਾਂ ਕੁਝ ਨਜ਼ਰ ਨਾ ਆਇਆ। ਉਹ ਲੀਰ ਬੱਧੀ ਹੋਈ ਉਸੇ ਤਰ੍ਹਾਂ ਹੀ ਜੇਬ ਵਿਚ ਪਾ ਲਈ ਤੇ ਗਰਦੌਰੀ ਮੁਕਾ ਕੇ ਘਰ ਆ ਕੇ ਖੋਲ੍ਹੀ ਤੇ ਵੇਖਿਆ ਤਾਂ ਵਿਚੋਂ ਦੋ ਆਨੇ

ਨਿਕਲੇ ਤੇ ਮਨ ਨੂੰ ਕੁਝ ਤਸੱਲੀ ਹੋਈ। ਉਪਰੰਤ ਦੋਵੇਂ ਜੀਅ ਦਰਸ਼ਨ ਕਰਨ ਆਏ। ਦੁੱਧ ਦੀ ਹੀ ਭੇਟ ਕੀਤੀ। ਹਜ਼ੂਰ ਨੇ ਫਿਰ ਵੀ ਮੁੱਲ ਦੇ ਕੇ ਦੁੱਧ ਪ੍ਰਵਾਨ ਕੀਤਾ ਅਤੇ ਬਚਨ ਕੀਤਾ, “ਤੇਰੀ ਭੇਟਾ ਮੁੱਲ ਦੇ ਕੇ ਹੀ ਪ੍ਰਵਾਨ ਹੋਏਗੀ।” ਕਈ ਵਾਰ ਬੇਨਤੀ ਕਰਨ ’ਤੇ ਵੀ ਨਹੀਂ ਮੰਨੇ। ਇਸੇ ਮਨੋਕਾਮਨਾ ਪੂਰੀ ਹੋਣ ਦੀ ਇਹ ਨਿਸ਼ਾਨੀ ਸੀ, ਜਿਸ ਦੀ ਭੇਟਾ ਮੁੱਲ ਦੇ ਕੇ ਰੱਖਣ, ਸਮਝੋ ਮੰਗ ਪੂਰੀ ਨਹੀਂ ਹੋਈ। ਇਸੇ ਤਰ੍ਹਾਂ ਸਮੇਂ ਦੇ ਦੌਰਾਨ ਮਹਾਰਾਜ ਤਾਂ ਸੰਸਾਰੀ ਜੀਵਾਂ ਤੋਂ ਓਹਲਾ ਕਰ ਗਏ ਭਾਵ ਕਿ ਦਰਗਾਹ ਨੂੰ ਚਲੇ ਗਏ। ਫਿਰ ਪੁੱਤਰ ਕਿਥੋਂ ਤੇ ਕਿਵੇਂ ਮਿਲਿਆ ? ਇਸ ਪ੍ਰਸੰਗ ਨੰਬਰ 2 ਵਿਚ ਪੜ੍ਹੋ, ਜਿਸ ਸਮੇਂ ਸ੍ਰੀ ਬਾਬਾ ਅਨੰਦ ਸਿੰਘ ਜੀ ਨਾਨਕਰ ਵਿਚ ਸਮੇਂ ਦੀ ਸੰਭਾਲ ਕਰ-ਕਰਾ ਰਹੇ ਸਨ। ਉਸ ਸਮੇਂ ਕਲੇਰਾਂ ਪਿੰਡ ਤੋਂ ਸ. ਰਤਨ ਸਿੰਘ ਔਲਖ ਹਜ਼ੂਰੀ ਸੰਗੀਆਂ ਵਿਚੋਂ ਮੁੱਖ ਸੰਗੀ ਸੀ। ਸ. ਭਾਨ ਸਿੰਘ ਪਟਵਾਰੀ ਤੇ ਸ. ਰਤਨ ਸਿੰਘ ਔਲਖ ਇਕੱਠੇ ਪੜ੍ਹਦੇ ਰਹੇ ਸਨ। ਸ. ਭਾਨ ਸਿੰਘ ਨੇ ਆਪਣੀ ਕੁਝ ਸੇਵਾ ਕਲੇਰਾਂ ਲਈ ਫੜਾ ਕੇ ਸ. ਰਤਨ ਸਿੰਘ ਨੂੰ ਕਿਹਾ ਕਿ ਮੇਰੀ ਇਹ ਸੇਵਾ ਬਾਬਾ ਜੀ ਪਾਸ ਪੁਚਾ ਦੇਣੀ ਅਤੇ ਪਟਵਾਰੀ ਭਾਨ ਸਿੰਘ ਆਪ ਉਥੋਂ ਚਲਾ ਗਿਆ। ਰਤਨ ਸਿੰਘ ਔਲਖ ਅੱਗੇ ਵੀ ਇਹ ਕੰਮ ਕਰਦਾ ਸੀ ਤੇ ਪਟਵਾਰੀ ਦੀ ਸੇਵਾ ਸ੍ਰੀ ਬਾਬਾ ਅਨੰਦ ਸਿੰਘ ਜੀ ਦੀ ਹਜ਼ੂਰੀ ਵਿਚ ਰੱਖ ਕੇ ਸ. ਰਤਨ ਸਿੰਘ ਔਲਖ ਨੇ ਬੇਨਤੀ ਕਰ ਦਿੱਤੀ, “ਜੀ, ਇਹ ਸੇਵਾ ਮੇਰਾ ਹਮ-ਜਮਾਤੀ ਇਕ ਪਟਵਾਰੀ ਹੈ ਲੰਡੇ ਕਿਆਂ ਤੋਂ ਭਾਨ ਸਿੰਘ ਵੱਲੋਂ ਹੈ।” ਉਪਰੰਤ ਬਾਬਾ ਜੀ ਨੇ ਪੁੱਛਿਆ, “ਪਟਵਾਰੀ ਕਿਥੇ ਹੈ ?” ਅੱਗੋਂ ਰਤਨ ਸਿੰਘ ਔਲਖ ਨੇ ਕਿਹਾ, “ਜੀ, ਉਹ ਤਾਂ ਕਿਤੇ ਕੰਮ ਚਲਾ ਗਿਆ ਹੈ, ਇਥੇ ਨਹੀਂ ਹੈ।” ਅੱਗੋਂ ਬਾਬਾ ਅਨੰਦ ਸਿੰਘ ਜੀ ਨੇ ਬਚਨ ਕੀਤਾ, “ਤੂੰ ਬਿਨਾਂ ਦੱਸੇ ਤੋਂ ਸੇਵਾ ਕਿਉਂ ਫੜੀਂ ?” ਰਤਨ ਸਿੰਘ ਔਲਖ ਨੇ ਦੱਸਿਆ, “ਜੀ, ਮੇਰਾ ਹਮ-ਜਮਾਤੀ ਹੋਣ ਕਰਕੇ ਮੈਂ ਉਸ ਨੂੰ ਜਾਣਦਾ ਹਾਂ, ਤਾਂ ਹੀ ਸੇਵਾ ਫੜੀ ਹੈ।” ਅੱਗੋਂ ਸ੍ਰੀ ਬਾਬਾ ਜੀ ਨੇ ਕਿਹਾ, “ਉਹ ਤਾਂ ਪੁੱਤ ਮੰਗਦਾ ਹੈ, ਹੁਣ ਦੇ ਦੇਹ।” ਰਤਨ ਸਿੰਘ ਨੇ ਕਿਹਾ, “ਜੀ, ਭੁੱਲ ਹੋ ਗਈ।” ਬਾਬਾ ਜੀ ਨੇ ਦੱਸਿਆ, “ਉਹ ਤਾਂ ਲੈ ਗਿਆ, ਜਿਸ ਦੀ ਸੇਵਾ ਤੂੰ ਫੜ ਲਈ, ਹੁਣ ਤੂੰ

ਹੀ ਉਸ ਦੇ ਘਰ ਚੱਲੀਂ।" ਨਾਲ ਹੀ ਬਚਨ ਕੀਤਾ ਕਿ ਇਹ ਪਟਵਾਰੀ ਭੁੱਚੋ ਵੀ ਸੇਵਾ ਕਰਦਾ ਰਿਹਾ ਹੈ। ਉਪਰੰਤ ਰਤਨ ਸਿੰਘ ਔਲਖ ਨੇ ਬਾਰ-ਬਾਰ ਭੁੱਲ ਦੀ ਮਾਫ਼ੀ ਮੰਗੀ ਤਾਂ ਬਚਨ ਕੀਤਾ, "ਜੇ ਨਹੀਂ ਤਾਂ ਆਪਦਾ ਮੁੰਡਾ ਦੇ। ਇਕ ਗੱਲ ਹੋਊਗੀ।" ਫਿਰ ਰਤਨ ਸਿੰਘ ਔਲਖ ਨੂੰ ਮਜਬੂਰੀ-ਵੱਸ ਮੰਨਣਾ ਪਿਆ। ਇਸ ਬਚਨ ਅਨੁਸਾਰ ਰਤਨ ਸਿੰਘ ਦਾ ਵੱਡਾ ਲੜਕਾ ਮਰਿਆ ਤੇ ਸ. ਭਾਨ ਸਿੰਘ ਦੇ ਘਰ ਪੁੱਤਰ ਹੋਇਆ, ਜਿਸ ਦਾ ਨਾਮ ਹਰਬੰਸ ਸਿੰਘ ਹੈ। ਇਹ ਅਜੇ ਤਕ ਮੌਜੂਦ ਹੈ ਅਤੇ ਬਚਨ ਵੀ ਹਰਬੰਸ ਸਿੰਘ ਪਾਸੋਂ ਹੀ ਸੁਣਿਆ ਤੇ ਲਿਖਿਆ ਹੈ।

## ਸੰਖੇਪ ਅਤੇ ਜ਼ਰੂਰੀ
## ਧੀਰਉ ਦੇਖਿ ਤੁਮਾਰੇ ਰੰਗਾ॥

ਇਸ ਅਸਥਾਨ ਉੱਤੇ ਮਾਈ ਦਾਤਾਰ ਕੌਰ ਠਾਣੇਦਾਰਨੀ ਪਤੀ ਸਮੇਤ ਸੇਵਾ ਕਰਦੀ ਸੀ। ਸੁਭਾਅ ਦੀ ਕੁਝ ਕੁਰੱਖ਼ਤ ਹੋਣ ਕਰਕੇ ਕਿਸੇ ਨੂੰ ਚੰਗਾ ਨਹੀਂ ਸਮਝਦੀ ਸੀ। 'ਸ਼ੁਕੀਨ ਘਰ' ਇਕ ਸ਼ਗ੍ਹਾ ਕਰਨ ਵਾਲਾ ਖ਼ਾਸ ਥਾਂ ਸੀ, ਉਸ ਦੇ ਵਿਚ ਇਸ ਨੂੰ ਆਗੂ ਕੀਤਾ ਹੋਇਆ ਸੀ। ਹਜ਼ੂਰ ਦੀ ਲੀਲ੍ਹਾ ਹੀ ਅਸਚਰਜ ਸੀ ਜੋ ਇਸ ਥਾਂ ਦਾ ਆਗੂ ਹੁੰਦਾ, ਬਾਬਾ ਜੀ ਹਰ ਗੱਲ ਉਸ ਨੂੰ ਪੁੱਛ ਕੇ ਕਰਦੇ ਸਨ। ਇਥੋਂ ਤਕ ਕਿ ਦੁੱਧ ਛਕਣ ਵੇਲੇ ਵੀ ਉਸ ਦੀ ਸਲਾਹ ਲੈਂਦੇ ਸਨ। ਜੇ ਉਸ ਦੀ ਹਾਂ ਹੈ ਤਾਂ ਛੱਕ ਲਿਆ, ਨਹੀਂ ਤਾਂ ਨਹੀਂ। ਕਈ ਵਾਰ ਦੁੱਧ ਛਕਣ ਦੀ ਤਿਆਰੀ ਕਰ ਕੇ ਬੈਠ ਜਾਣਾ ਅਤੇ ਦਾਤਾਰ ਕੌਰ ਨੇ ਕਈ ਸੇਵਕਾਂ ਦਾ ਨਾਮ ਲੈ ਕੇ ਕਹਿਣਾ ਕਿ ਇਹਨਾਂ ਨੂੰ ਸੀਤ ਪ੍ਰਸਾਦਿ ਨਹੀਂ ਦੇਣਾ। ਹਜ਼ੂਰ ਨੇ ਕਹਿਣਾ, "ਦੇਵੀ, ਸੀਤ ਪ੍ਰਸਾਦ ਜ਼ਰੂਰ ਦਿਆਂਗੇ।" ਦਾਤਾਰ ਕੌਰ ਨੇ ਕਹਿਣਾ, "ਤਾਂ ਫਿਰ ਦੁੱਧ ਹੀ ਨਾ ਛਕੋ।" ਹਜ਼ੂਰ ਨੇ ਬਚਨ ਕੀਤਾ, "ਨਹੀਂ ਛਕਦੇ, ਸ਼ੁੱਧ ਹੈ।" ਸਾਮਾਨ ਚੁਕਾ ਦੇਣਾ। ਕਈ ਵਾਰ ਲਗਾਤਾਰ ਇਉਂ ਹੁੰਦੇ ਰਹਿਣਾ, ਕਈ-ਕਈ ਹਫ਼ਤੇ ਲੰਘ ਜਾਣੇ।

## (2)

ਇਕ ਵਾਰ ਇਸ ਮਾਈ ਨੇ ਬਾਬਾ ਜੀ ਕੋਲ ਬੇਨਤੀ ਕੀਤੀ, "ਮਹਾਰਾਜ, ਜੇ ਹੁਕਮ ਹੋਵੇ ਤਾਂ ਮੈਂ ਮੰਗਲ ਸਿੰਘ ਤੁੰਗਵਾਲੀ ਵਾਲੇ ਦਾ ਮੁੰਡਾ ਮੁੱਲ ਲੈ ਲਵਾਂ ?" ਬਾਬਾ ਜੀ ਨੇ ਬਚਨ ਕੀਤਾ, "ਦੇਵੀ, ਸ਼ੁੱਧ ਹੈ।" ਉਪਰੰਤ ਇਸ ਮਾਤਾ ਨੇ ਮੰਗਲ ਸਿੰਘ ਨਾਲ ਗੱਲ ਕਰ ਕੇ ਮੁੱਲ ਮੁਕਾ ਲਿਆ। ਉਸੇ ਦਿਨ ਸ਼ਾਮ ਨੂੰ ਰਹਰਾਸਿ ਦੇ ਪਾਠ ਉਪਰੰਤ ਰੁਪਈਏ ਦੇਣ ਲੱਗੇ। ਹਜ਼ੂਰ ਦੇ ਸਾਹਮਣੇ ਹੀ ਚਾਂਦੀ ਦੇ ਰੁਪਈਆਂ ਦੀ ਗਿਣਤੀ ਹੋ ਰਹੀ ਸੀ ਅਖ਼ੀਰ ਤੇ ਠੰਡਾ ਹੌਕਾ ਲੈ ਕੇ ਦਾਤਾਰ ਕੌਰ ਨੇ ਕਿਹਾ, "ਕਿਸਮਤ ਦੀ ਗੱਲ ਹੈ, ਮੈਂ ਬੇਔਲਾਦ ਹੋਣਾ ਸੀ, ਤੇਰੇ ਬੇਅਕਲ ਜੱਟ ਦੀ ਔਲਾਦ ਨੇ ਮੇਰੇ ਘਰ ਆਉਣਾ ਸੀ।" ਮੰਗਲ ਸਿੰਘ ਨੇ ਮੋੜਵਾਂ ਉੱਤਰ ਦਿੱਤਾ, "ਤੇਰੇ ਵਰਗੀਆਂ ਭੇਡਾਂ ਦੇ ਘਰ ਔਲਾਦ ਹੋ ਹੀ ਨਹੀਂ ਸੀ ਸਕਦੀ।" ਇਉਂ ਕਹਿ ਕੇ ਚੁੱਕ ਕੇ ਬੱਧੇ ਹੋਏ ਰੁਪਈਏ ਉਸ ਦੇ ਅੱਗੇ ਸੁੱਟ ਦਿੱਤੇ। ਉਪਰੰਤ ਹੋਰ ਲੜਾਈ ਆਰੰਭ ਹੋ ਗਈ। ਵਧਦੀ-ਵਧਦੀ ਬਹੁਤ ਵਧ ਗਈ, ਬਾਬਾ ਜੀ ਕੁਝ ਨਹੀਂ ਬੋਲੇ। ਵਿਚੋਂ ਕਦੇ-ਕਦੇ ਕੁਝ ਬਚਨ ਕੀਤਾ ਤਾਂ ਜਾਣ ਦਿਉ ਹੁਣ ਬੱਸ ਕਰੋ। ਉਪਰੰਤ ਚੁੱਪ ਹੋ ਜਾਂਦੇ ਰਹੇ। ਤਕਰੀਬਨ ਅੱਧੀ ਰਾਤ ਤੋਂ ਵੀ ਵੱਧ ਸਮੇਂ ਤਕ ਇਹ ਸਿਲਸਿਲਾ ਜਾਰੀ ਰਿਹਾ।

**ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥**

*(ਰਾਗ ਬਿਹਾਗੜਾ ਮਹਲਾ ੯, ਅੰਗ ੫੩੭)*

ਵਾਲਾ ਬਚਨ ਪ੍ਰਤੱਖ ਸੀ। ਦਿਨ ਚੜ੍ਹਨ ਤੋਂ ਬਾਅਦ ਉਲ੍ਹਾਮੇ ਦੇ ਰੂਪ ਵਿਚ ਬਾਬਾ ਜੀ ਨੂੰ ਦਾਤਾਰ ਕੌਰ ਨੇ ਕਿਹਾ, "ਮਹਾਰਾਜ, ਤੁਸੀਂ ਮੇਰੇ ਨਾਲ ਰਾਤ ਕੋਲ ਬੈਠ ਕੇ ਚੰਗੀ ਕਰਾਈ।" ਉੱਤਰ ਵਿਚ ਬਾਬਾ ਜੀ ਨੇ ਇਕ ਰਮਜ਼ ਦੇ ਰੂਪ ਵਿਚ ਬਚਨ ਕੀਤਾ, "ਦੇਵੀ, ਜਦੋਂ ਅਸੀਂ ਟਿੱਲੇ ਉੱਤੇ ਹੁੰਦੇ ਸੀ, ਉਦੋਂ ਸਾਡੇ ਨਾਲ ਵੀ ਇਵੇਂ ਹੁੰਦੀ ਸੀ, ਅਸੀਂ ਉਸ ਦੇ ਜੋੜੇ ਝਾੜ ਕੇ ਉਸ ਦੇ ਅੱਗੇ ਰੱਖ ਦੇਣੇ।" ਜਦੋਂ ਵੀ ਦਾਤਾਰ ਕੌਰ ਨੇ ਗੱਲ ਯਾਦ ਕਰਾਉਣੀ,

ਹਜ਼ੂਰ ਨੇ ਉਪਰਲਾ ਉੱਤਰ ਦੇ ਕੇ ਚੁੱਪ ਹੋ ਜਾਣਾ। ਇਹ ਵੀ ਇਕ ਰਮਜ਼ ਸੀ, ਜਿਸ ਨੂੰ ਦਾਤਾਰ ਕੌਰ ਬਾਰ-ਬਾਰ ਬਚਨ ਕਰਨ ’ਤੇ ਵੀ ਸਮਝ ਨਹੀਂ ਸੀ ਰਹੀ।

(3)

ਇਕ ਸਭਰਾਵਾਂ ਨਗਰ ਦਾ ਸਿੰਘ ਸੂਰਮਾ-ਸਿੱਖ ਸੀ। ਇਸ ਦੇ ਪੰਜ ਗ੍ਰੰਥੀ ਜ਼ਬਾਨੀ ਯਾਦ ਸੀ। ਕਦੇ-ਕਦੇ ਇਸ ਤੋਂ ਇਸ ਦਾ ਪਾਠ ਸੁਣਦੇ ਹੁੰਦੇ ਸਨ। ਕਈ ਵਾਰ ਲਗਾਤਾਰ ਇਕ ਤੋਂ ਬਾਅਦ ਇਕ ਸੁਣਦੇ ਰਹਿਣਾ।

ਇਕ ਵਾਰ ਇਸ ਨੂੰ ਬਚਨ ਕੀਤਾ ਕਿ ਤੇਰੇ ਕੁਝ ਹੋਰ ਵੀ ਯਾਦ ਹੈ? ਉੱਤਰ ਵਿਚ ਨਾਜ਼ਰ ਸਿੰਘ ਨੇ ਬੇਨਤੀ ਕੀਤੀ, “ਮਹਾਰਾਜ, ਇਕ ਵਲੀ ਕੰਧਾਰੀ ਦਾ ਪੰਜਾ ਸਾਹਿਬ ਦਾ ਪ੍ਰਸੰਗ ਯਾਦ ਹੈ। ਕਦੇ ਉਹ ਵੀ ਸੁਣਨਾ।” ਜਦੋਂ ਇਸ ਨੂੰ ਸੱਦਣਾ ਤਾਂ ਬਚਨ ਕਰਨਾ, “ਸੱਦੋਂ ਧ੍ਰਿਤਰਾਸ਼ਟਰ ਨੂੰ।” ਨਾਮ ਨਹੀਂ ਸੀ ਲੈਂਦੇ।

(4)

ਇਕ ਵਾਰ ਮੁਣਸ਼ੀ ਹਰਦਿੱਤ ਸਿੰਘ ਨੂੰ ਬਚਨ ਕੀਤਾ, “ਕੋਈ ਅੰਤ ਦੀ ਮੰਗ ਮੰਗ ਲੈ।” ਉਸ ਨੇ ਬੇਨਤੀ ਕੀਤੀ, “ਮੇਰੀ ਤੁਹਾਡੇ ਚਰਨਾਂ ਵਿਚ ਨਿਭ ਜਾਵੇ।” ਬਚਨ ਕੀਤਾ, “ਸ਼ੁੱਧ ਹੈ।”

(5)

ਕਦੇ-ਕਦੇ ਮਾਲਾ ਫੇਰਨ ਵਾਸਤੇ ਮੰਗਣੀ ਤਾਂ ਬਚਨ ਕਰਨਾ, “ਬਾਲਿਆ, ਪੁਰਾਣੇ ਸਿੱਟੇ ਹਥਿਆਰ ਚੁੱਕੀਏ।” ਉਪਰੰਤ ਕੁਝ ਸਮਾਂ ਫੇਰਦੇ ਰਹਿਣਾ। ਕਦੇ ਉਸੇ ਸਮੇਂ, ਕਦੇ ਠਹਿਰ ਕੇ ਬਚਨ ਕਰਨਾ, “ਲੈ ਬਾਲਿਆ, ਇਸ ਤਾ ਜਾਮਨ ਧਰੂ ਵੱਲ ਕਰ ਕੇ ਟੰਗ ਦਿਉ, ਸੁੱਧ ਹੈ।”

**(6)**

ਇਕ ਵਾਰ ਬਚਨ ਕੀਤਾ "ਜਦੋਂ ਅਸੀਂ ਆਪਣੇ ਗੁਰੂ ਨੂੰ ਗੁਰਮੰਤਰ ਦੇਣ ਵਾਸਤੇ ਕਿਹਾ ਤਾਂ ਉਸ ਨੇ ਕਿਹਾ ਕਿ ਨਾ ਤੂੰ ਸੇਵਾ ਕੀਤੀ, ਨਾ ਸਾਡੇ ਕੋਲ ਕੁਝ ਚਿਰ ਰਿਹਾ ਤੇ ਹੁਣੇ ਹੀ ਗੁਰਮੰਤਰ ਮੰਗਦਾ ਹੈਂ।" ਅਸੀਂ ਅੱਗੋਂ ਉੱਤਰ ਦਿੱਤਾ, "ਅਸੀਂ ਆਪਣਾ ਮਗਜ ਆਪੇ ਪਾੜ ਲਵਾਂਗੇ ਤੂੰ ਗੁਰਮੰਤ੍ਰ ਦੇ ਦੇ।" ਫਿਰ ਉਸ ਨੇ ਗੁਰਮੰਤ੍ਰ ਦਿੱਤਾ, ਅਸੀਂ ਅੱਗੇ ਨੂੰ ਚਲੇ ਗਏ।

**(7)**

ਇਕ ਸਮੇਂ ਸੰਗਤ ਵਿਚ ਬਚਨ ਕੀਤਾ, "ਅਸੀਂ ਸੋਲਾਂ ਲੱਖ ਸੋਲਾਂ ਹਜ਼ਾਰ ਪਾਠ ਨਰਸਿੰਘ ਕਵਚ ਦਾ ਕੀਤਾ ਹੈ।"

**(8)**

ਇਕ ਵਾਰ ਬਚਨ ਕੀਤਾ, "ਮਹਾਂਪੁਰਖ ਕਲੇਰਾਂ ਵਾਲਿਆ ਤੋਂ ਕਈ ਵਾਰ ਅਸੀਂ ਗੁਰਮੰਤਰ ਲਿਆ ਅਤੇ ਕਈ ਵਾਰ ਦਿੱਤਾ ਹੈ ਹੁਣ ਤਕ ਇਹਨਾਂ ਦੀ ਕਮਾਈ ਵਧਦੀ-ਵਧਦੀ ਵਧ ਗਈ। ਹੁਣ ਦੋ ਆਨੇ ਭਰ ਕਮਾਈ ਅਸੀਂ ਕੋਲੋਂ ਪਾ ਕੇ ਸੋਲਾਂ ਆਨੇ ਪੂਰੀ ਕਰ ਦਿੱਤੀ ਹੈ, ਸ਼ੁੱਧ ਹੈ।"

**ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ॥**
**ਨਾਨਕ ਗੁਰਮੁਖਿ ਐਸਾ ਜਾਣੈ ਪੂਰੇ ਮਾਂਹਿ ਸਮਾਹੀ॥੩੨॥**
*(ਸਲੋਕ ਵਾਰਾਂ ਤੇ ਵਧੀਕ ਮਹਲਾ ੧, ਅੰਗ ੧੪੧੨)*

**(9)**

ਇਕ ਸਮੇਂ ਸੰਗਤ ਵਿਚ ਬਚਨ ਕੀਤਾ, "ਆਤਮਿਕ ਪ੍ਰਾਪਤੀ ਤਾਂ ਜਿਸ ਦੇ ਅੰਦਰ ਕਹੋਗੇ ਭਰ ਦਿਆਂਗੇ, ਜੇ ਡੁੱਲ ਗਈ ਤਾਂ ਪਾਈਦਾ ਕੋਈ ਸੁੱਖ ਨਹੀਂ।"

(10)

ਕਦੇ ਬਚਨ ਕੀਤਾ ਸੀ, "ਅਸੀਂ ਗੁਰੂ ਨਾਨਕ ਦੀ ਕ੍ਰਿਪਾ ਨਾਲ ਤਿੰਨ ਪ੍ਰਕਾਰ ਦੇ ਸਾਧੂ ਬਣਾਏ ਹਨ—'ਦਾਨੇ ਕਲੇਰਾਂ ਵਾਲੇ, ਦੀਵਾਨੇ ਸੰਤ ਬਹਾਲ ਦਾਸ ਜੀ, ਮਸਤਾਨੇ ਸੰਤ ਚਿੰਤ ਰਾਮ ਜੀ—ਆਪੋ ਆਪਣੀ ਥਾਂ ਹਰ ਕੋਈ ਚੰਗਾ ਹੈ।"

(11)

ਉਪਰੰਤ ਕਦੇ ਬਚਨ ਕੀਤਾ ਸੀ ਕਿ ਜਿਹੜੀ ਅਵਸਥਾ ਕਲੇਰਾਂ ਵਾਲੇ ਰਿਖੀ ਜੀ ਦੀ ਹੈ, ਐਸਾ ਮਹਾਂਪੁਰਖ ਇਸ ਸਮੇਂ ਬੰਗਾਲ ਵਿਚ ਹੈ, ਜੋ ਦਸਵੇਂ ਪਾਤਸ਼ਾਹ ਦੇ ਸਮੇਂ ਤੋਂ ਲੈ ਕੇ ਅੱਜ ਤਕ ਹੈ, ਜਿਸ ਸਮੇਂ ਰਿਖੀਆਂ ਨੇ ਤਕੜੇ ਹੋ ਕੇ ਸਮਾਂ ਸੰਭਾਲਿਆ, ਉਹ ਫਿਰ ਦਰਗਾਹ ਨੂੰ ਜਾਏਗਾ।

(12)

ਇਕ ਵਾਰ ਬਚਨ ਕੀਤਾ, "ਅਸੀਂ ਇਉਂ ਨਿਰਗੁਣ ਵਿਚੋਂ ਪੈਦਾ ਹੋਏ ਹਾਂ ਜਿਵੇਂ ਕਿਸੇ ਨੂੰ ਪੇਟ ਘਰੋੜੀ ਦਾ ਬੱਚਾ ਹੋਵੇ। ਸੋ ਅਸੀਂ ਰੱਬ ਨੂੰ ਪੇਟ ਘਰੋੜੀ ਵਾਂਗੂੰ ਜੰਮੇ ਹਾਂ।"

(13)

ਇਕ ਵਾਰ ਤਿੰਨ ਸਾਧੂ ਜਿਹੜੇ ਯੋਗਾ-ਅਭਿਆਸੀ ਸਨ, ਦਰਸ਼ਨ ਕਰਨ ਆਏ। ਉਹਨਾਂ ਨਾਲ ਕਈ ਪ੍ਰਕਾਰ ਦੇ ਉੱਤਰ ਪ੍ਰਸ਼ਨ ਕਰਨ ਤੇ ਉਹਨਾਂ ਨੂੰ ਟਿੱਲੇ ਉੱਤੇ ਰਹਿਣ ਦਾ ਹੁਕਮ ਹੋਇਆ। ਜਿਸ ਸਮੇਂ ਅੱਧੀ ਰਾਤ ਹੋਈ, ਹਜ਼ੂਰ ਨੇ ਤਿੰਨ ਵਾਰ 'ਹੂੰ, ਹੂੰ, ਹੂੰ' ਉਸ ਵੇਲੇ ਇਉਂ ਭਾਸਦਾ ਸੀ, ਜਿਵੇਂ ਧਰਤੀ ਤੇ ਆਕਾਸ਼ ਕੰਬ ਰਹੇ ਹੋਣ, ਜਿਹੜੀ ਸੰਗਤ ਸੁੱਤੀ ਸੀ, ਉੱਠ ਬੈਠੀ, ਕਰ ਕੇ ਬਚਨ ਕੀਤਾ, ਉਪਰੰਤ ਚੁੱਪ ਹੋ ਗਏ। ਜਿਸ ਸਮੇਂ ਦਿਨ ਚੜ੍ਹਿਆ ਤਾਂ ਉਹ ਤਿੰਨੇ ਹੀ ਮਹਾਤਮਾ ਬਾਬਾ ਜੀ ਅੱਗੇ ਹੱਥ ਬੰਨ੍ਹ ਕੇ ਖਲੋ ਗਏ,

ਮਾਫ਼ੀ ਮੰਗਣ ਲੱਗੇ। ਬਾਬਾ ਜੀ ਨੇ ਬਚਨ ਕੀਤਾ, "ਸੰਤ ਜੀ, ਇਥੇ ਤਾਂ ਸ਼ਕਤੀ ਦਾ ਪੜ ਪਾਟਿਆ ਹੈ, ਵੇਖ ਲਵੋ, ਕਿਤੇ ਤੁਸੀਂ ਭਾਲੋ ਤੋਂ ਵੀ ਨਹੀਂ ਲੱਭਣਾ, ਇਹ ਸਭ ਗੁਰੂ ਨਾਨਕ ਦੀ ਕ੍ਰਿਪਾ ਹੈ।" ਉਪਰੰਤ ਉਹ ਮਹਾਤਮਾ ਚਲੇ ਗਏ।

**ਅੰਤ ਨ ਅੰਤਾ ਸਦਾ ਬੇਅੰਤਾ ਕਹੁ ਨਾਨਕ ਊਚੋ ਊਚਾ॥**

*(ਬਿਲਾਵਲੁ ਮਹਲਾ ੫, ਅੰਗ ੮੨੧)*

## (14)

ਬਾਬਾ ਜੀ ਦੇ ਸਮੇਂ ਮਰਿਆਦਾ ਸੀ ਕਿ ਰਾਤ ਨੂੰ ਸੌਣ ਵੇਲੇ ਸਭ ਦੀ ਇਕੱਲੇ-ਇਕੱਲੇ ਦੀ ਨਾਮ ਲੈ ਕੇ ਹਾਜ਼ਰੀ ਲੱਗਦੀ ਹੁੰਦੀ ਸੀ। ਫਿਰ ਜਿਸ ਨੂੰ ਜਿੱਥੇ ਆਰਾਮ ਕਰਨ ਦਾ ਹੁਕਮ ਹੋਣਾ, ਉਸ ਨੇ ਓਥੇ ਜਾ ਕੇ ਆਰਾਮ ਕਰਨਾ ਫਿਰ ਬਾਬਾ ਜੀ ਦੇ ਕਮਰੇ ਦਾ ਦਰਵਾਜ਼ਾ ਬੰਦ ਕਰਨਾ। ਇਕ ਵਾਰ ਅੱਧੀ ਰਾਤ ਦੇ ਸਮੇਂ ਤਕ ਸਭ ਬੇਆਰਾਮ ਰਹੇ। ਬਾਬਾ ਜੀ ਨੇ ਆਵਾਜ਼ ਦਿੱਤੀ, "ਬਾਲਿਆ, ਸਭ ਸੰਗਤ ਬੇਆਰਾਮ ਹੈ, ਸਾਨੂੰ ਵੀ ਬੇਆਰਾਮੀ ਹੋ ਰਹੀ ਹੈ। ਕੀ ਗੱਲ ਹੈ, ਪਤਾ ਕਰੋ ਸਭ ਦੀ ਗਿਣਤੀ ਕਰੋ।" ਹੁਕਮ ਅਨੁਸਾਰ ਗਿਣਤੀ ਕੀਤੀ, ਇਕ ਬੰਦਾ ਗਿਣਤੀ ਵਿਚ ਵਾਧੂ ਸੀ। ਬਾਬਾ ਜੀ ਕੋਲ ਬੇਨਤੀ ਕੀਤੀ, "ਜੀ, ਇਕ ਬੰਦਾ ਓਪਰਾ ਹੈ।" ਹਜ਼ੂਰ ਨੇ ਬਚਨ ਕੀਤਾ, "ਉਸ ਨੂੰ ਹੁਣੇ ਬਾਹਰ ਕੱਢੋ, ਉਸ ਨੇ ਆਪਣੇ ਘਰ ਵਾਲੀ ਖੂਹ ਵਿਚ ਸਿੱਟ ਕੇ ਮਾਰੀ ਹੈ, ਜਿਸ ਦੇ ਬੱਚਾ ਹੋਣ ਵਾਲਾ ਸੀ, ਮਹਾਂ ਪਾਪੀ ਹੈ।" ਉਪਰੰਤ ਉਸ ਨੂੰ ਬਾਹਰ ਕੱਢ ਕੇ ਸ਼ੇਰ ਸਿੰਘ ਭਾਗੀ ਵਾਂਦਰ ਵਾਲੇ ਨੂੰ ਪਹਿਰੇ 'ਤੇ ਖੜਾ ਕੀਤਾ। ਫਿਰ ਸੰਗਤ ਆਰਾਮ ਵਿਚ ਹੋਈ।

## (15)

ਇਕ ਸੇਵਾਦਾਰ ਪਹੂਲੀ ਦੇ ਨਗਰ ਵਿਚੋਂ ਦੁੱਧ ਲੈ ਕੇ ਆਉਂਦਾ ਹੁੰਦਾ ਸੀ। ਉਸ ਨੇ ਘਰੋਂ ਤੁਰਨ ਸਮੇਂ ਮੂੰਹ ਉੱਤੇ ਦੁਪੱਟਾ ਬੰਨ੍ਹ ਲੈਣਾ, ਦੁੱਧ ਦਾ ਬਰਤਨ ਸਿਰ ਉੱਤੇ ਰੱਖ ਕੇ ਤੁਰ ਪੈਣਾ। ਡੇਰੇ ਪਹੁੰਚ ਕੇ ਦੁੱਧ ਵਾਲਾ ਬਰਤਨ

ਤਾਂ ਸੇਵਕਾਂ ਨੇ ਫੜ ਲੈਣਾ, ਉਪਰੰਤ ਉਸ ਨੇ ਕੋਠੀ ਦੇ ਬਰਾਂਡੇ ਵਿਚ ਬਾਬਾ ਜੀ ਦੇ ਸਾਹਮਣੇ ਬੈਠ ਜਾਣਾ ਅਤੇ ਹੱਥ ਜੋੜ ਕੇ ਇਕ ਟੱਕ ਬਾਬਾ ਜੀ ਦੇ ਚਿਹਰੇ ਉੱਤੇ ਨਿਗਾਹ ਟਿਕਾਈ ਰੱਖਣੀ। ਹੋਰ ਕੋਈ ਸੇਵਕ ਨਵਾਂ ਪੁਰਾਣਾ ਨਹੀਂ ਸੀ ਵੇਖ ਸਕਦਾ, ਹਜ਼ੂਰ ਦੇ ਚਿਹਰੇ ਦਾ ਤੇਜ਼ ਇਤਨਾ ਸੀ। ਇਕ ਦਿਨ ਉਸ ਦੇ ਬੈਠੇ ਤੋਂ ਬਾਬਾ ਜੀ ਨੇ ਬਚਨ ਕੀਤਾ, "ਕੇਸਰਾ, ਕਿਵੇਂ ਕਰੀਏ ? ਸੇਵਾ ਤਾਂ ਬਹੁਤ ਹੋ ਗਈ ਹੈ ਪਰ ਅਜੇ ਸਮਾਂ ਨਹੀਂ ਆਇਆ, ਸਾਡਾ ਸਮਾਂ ਥੋੜ੍ਹਾ ਹੈ।" ਕੇਸਰ ਸਿੰਘ ਨੇ ਕਿਹਾ, "ਮਹਾਰਾਜ, ਆਪ ਸਭ ਕੁਝ ਜਾਣਦੇ ਹੋ।" ਹਜ਼ੂਰ ਨੇ ਬਚਨ ਕੀਤਾ, "ਸ਼ੁੱਧ ਹੈ। ਫਿਰ ਜਦੋਂ ਸਮਾਂ ਆਇਆ, ਇਸ ਦਾ ਪਹਿਲਾ ਨੰਬਰ ਰੱਖ ਦਿਆਂਗੇ। ਜਿੰਨੀ ਚੀਜ਼ ਪੱਕ ਕੇ ਮਿਲੇ, ਓਨੀ ਚੰਗੀ ਹੁੰਦੀ ਹੈ। ਠੀਕ ਹੈ ਨਾ ਕੇਸਰਾ!" ਕੇਸਰ ਸਿੰਘ ਨੇ ਕਿਹਾ, "ਜੀ, ਠੀਕ ਹੈ।" ਉਪਰੰਤ ਬਚਨ ਕੀਤਾ, "ਸ਼ੁੱਧ ਹੈ।"

**ਹੋਰੁ ਸਰੀਕੁ ਹੋਵੈ ਕੋਈ ਤੇਰਾ ਤਿਸੁ ਅਗੈ ਤੁਧੁ ਆਖਾਂ॥**
**ਤੁਧੁ ਅਗੈ ਤੁਧੈ ਸਾਲਾਹੀ ਮੈ ਅੰਧੇ ਨਾਉ ਸੁਜਾਖਾ॥**

*(ਸਲੋਕ ਮਹਲਾ ੧, ਅੰਗ ੧੨੪੨)*

ਬਰਤਨ ਮਿਲਣ 'ਤੇ ਉਹ ਸੇਵਕ ਚਲਾ ਗਿਆ। ਜੇ ਬਖ਼ਸ਼ੇਂ ਤਾਂ ਰਹਿਮ ਤੇਰਾ, ਨਾ ਬਖ਼ਸ਼ੇਂ ਤਾਂ ਸ਼ਿਕਾਇਤ ਕਿਆ। ਤੇਰੇ ਇਨਕਾਰ ਤੋਂ ਸਦਕੇ, ਤੇਰੇ ਇਕਰਾਰ ਤੋਂ ਸਦਕੇ।

**(16)**

ਇਕ ਸਿੱਖ ਬਾਬਾ ਜੀ ਦੇ ਸਮੇਂ ਰਹਰਾਸਿ ਸਾਹਿਬ ਦਾ ਪਾਠ ਕਰਦਾ ਹੁੰਦਾ ਸੀ। ਹਜ਼ੂਰ ਇਸ ਸਿੰਘ ਨੂੰ ਆਮ ਤੌਰ 'ਰਹਰਾਸੀਆ' ਕਹਿ ਕੇ ਯਾਦ ਕਰਦੇ ਹੁੰਦੇ ਹਨ, ਨਾਮ ਤਾਂ ਇਸ ਦਾ ਭਾਈ ਕਪੂਰ ਸਿੰਘ ਸੀ। ਬਾਬਾ ਜੀ ਇਸ ਨੂੰ ਕੁਝ ਮਾਇਆ ਦੇ ਦਿੰਦੇ ਸਨ। ਭਾਈ ਕਪੂਰ ਸਿੰਘ ਨੇ ਇਕ ਵਾਰ ਕੁਝ ਮਾਇਆ ਮੰਗੀ ਤਾਂ ਹਜ਼ੂਰ ਨੇ ਬਚਨ ਕੀਤਾ, "ਕੁਝ ਅੱਗੇ ਵਾਸਤੇ ਵੀ ਰੱਖ ਲੈ।" ਭਾਈ ਕਪੂਰ ਸਿੰਘ ਇਸ ਬਚਨ ਨੂੰ ਸਮਝ ਨਾ ਸਕਿਆ। ਵਾਰ-ਵਾਰ ਰੁਪਏ ਮੰਗਦਾ ਰਿਹਾ। ਉਪਰੰਤ ਬਚਨ ਕੀਤਾ, "ਅਸੀਂ ਮਰਨ ਨੂੰ ਥਾਂ ਭਾਲਦੇ ਹਾਂ, ਇਹ ਰੁਪਏ ਮੰਗਦਾ ਹੈ।" ਇਸ ਤੋਂ ਬਾਅਦ ਉਸ ਨੇ ਮਾਇਆ ਨਹੀਂ ਮੰਗੀ।

## (17)

ਬਾਬਾ ਜੀ ਜਿਹੜਾ ਜੋੜਾ ਪਹਿਨਦੇ ਸਨ, ਉਹ ਨੋਕ ਵਾਲਾ ਹੁੰਦਾ ਸੀ। ਬਾਬਾ ਅਨੰਦ ਸਿੰਘ ਜੀ ਨੇ ਬਚਨ ਕੀਤਾ ਸੀ ਕਿ ਭੁੱਚੋ ਵਾਲੇ ਨੋਕ ਵਾਲਾ ਦੁਖੱਲਾ ਜੋੜਾ ਪਹਿਨਦੇ ਸਨ, ਅਸੀਂ ਘੋਨਾ ਤੇ ਕੱਪੜੇ ਦਾ ਬਣਿਆ ਪਾਇਆ ਹੈ। ਵੱਡਿਆਂ ਦੀ ਬਰਾਬਰੀ ਨਹੀਂ ਕਰਨੀ ਅਤੇ ਪਹਿਲੀ ਵਾਰ ਹੀ ਪਹਿਨਣ ਸਮੇਂ ਉਸ ਦੀਆਂ ਅੱਡੀਆਂ ਬਿਠਾ ਕੇ ਠਿੱਬਾ ਕਰ ਲੈਂਦੇ ਸਨ। ਆਪਣੇ ਰੰਗ 'ਚ ਬੈਠੇ-ਬੈਠੇ ਕਦੇ ਉਸ ਵਿਚ ਚਰਨ ਪਾ ਲੈਣੇ ਕਦੇ ਕੱਢ ਲੈਣੇ। ਦਿਨ ਵਿਚ ਕਈ-ਕਈ ਵਾਰ ਇਉਂ ਕਰਦੇ ਸਨ। ਜੇ ਕਿਸੇ ਸੇਵਕ ਨੇ ਪੁੱਛਣਾ ਤਾਂ ਉੱਤਰ ਵਿਚ ਦੱਸਣਾ, "ਇਹ ਸਾਡੀ ਮਰਿਆਦਾ ਹੈ। ਅਸੀਂ ਉਹ ਮਰਿਆਦਾ ਕਰਦੇ ਹਾਂ।" ਫਿਰ ਚੁੱਪ ਹੋ ਜਾਣਾ।

(ਇਹ ਸਾਰੇ ਸੰਖੇਪ ਬਚਨ ਮਾਤਾ-ਪਿਤਾ ਪਾਸੋਂ ਲੇਖਕ ਨੂੰ ਮਿਲੇ।)

# ਮੈ ਪੇਖਿਓ ਰੀ ਊਚਾ ਮੋਹਨੁ ਸਭ ਤੇ ਊਚਾ॥

ਬਾਬਾ ਸ੍ਰੀ ਮਹਾਂ ਹਰਿਨਾਮ ਸਿੰਘ ਜੀ ਦੇ ਸਮੇਂ ਜੈਸਾ ਕੋਈ ਪੁਰਸ਼ ਦਰਸ਼ਨ ਕਰਨ ਆਇਆ, ਉਸ ਨਾਲ ਉਸ ਤਰ੍ਹਾਂ ਦਾ ਹੀ ਵਰਤਾਉ ਕੀਤਾ। ਪਰਮਾਰਥ ਵਾਲਿਆਂ ਨੂੰ ਪਰਮਾਰਥ ਦੀ ਸੋਝੀ ਬਖ਼ਸ਼ੀ। ਸਭ ਤਰ੍ਹਾਂ ਨਾਲ ਸਭ ਦੇ ਸ਼ੰਕੇ ਨਵਿਰਤ ਕੀਤੇ, ਨਿਰੀਆਂ ਗੱਲਾਂ ਨਾਲ ਹੀ ਤਸੱਲੀ ਨਹੀਂ ਕਰਵਾਈ, ਸਭ ਕੁਝ ਪ੍ਰਤੱਖ ਰੂਪ ਵਿਚ ਦਿਖਾ ਕੇ ਸਭ ਦੇ ਘਰ ਪੂਰੇ ਕਰ ਕੇ ਤੋਰਿਆ। ਬਾਬਾ ਜੀ ਦੇ ਸਮੇਂ ਇਕ ਗੁਰਸਿੱਖ ਗੁਰੂ ਨਾਨਕ ਦੀ ਬੰਸ ਵਿਚੋਂ, ਜਿਹਨਾਂ ਦਾ ਨਾਮ 'ਬੇਦੀ ਕਰਤਾਰ ਸਿੰਘ' ਸੀ, ਪਹਿਲੇ ਉਸ ਦਾ ਇਕ ਸੇਵਾਦਾਰ ਆ ਕੇ ਆਗਿਆ ਲੈ ਗਿਆ, ਨਾਲ ਹੀ ਬੇਨਤੀ ਕਰ ਗਿਆ ਕਿ ਮਹਾਰਾਜ ਉਹਨਾਂ ਦੇ ਨਾਲ ਸੰਗਤ ਵੀ ਹੈ। ਬਾਬਾ ਜੀ ਨੇ ਬਚਨ ਕੀਤਾ, "ਸ਼ੁੱਧ ਹੈ, ਆ ਜਾਵੇ।" ਸੇਵਕ ਦੇ ਜਾਣ ਬਾਅਦ ਭਾਈ ਚੰਦਾ ਸਿੰਘ ਆਦਿਕ ਸੰਗੀਆਂ ਨੂੰ ਹੁਕਮ

ਕੀਤਾ, ਉਹਨਾਂ ਦੀ ਰਿਹਾਇਸ਼ ਵਾਸਤੇ ਸੰਤ ਦਲ ਸਿੰਘ ਵਾਲੇ ਗੁਰਦੁਆਰੇ ਵਿਚ ਬੰਦੋਬਸਤ ਕਰਨ ਦਾ ਹੁਕਮ ਕਰ ਦਿੱਤਾ। ਉਪਰੰਤ ਕੁਝ ਦਿਨਾਂ ਬਾਅਦ ਹੀ ਬੇਦੀ ਕਰਤਾਰ ਸਿੰਘ ਜੀ ਵੀ ਪਹੁੰਚ ਗਏ। ਸਭ ਤੋਂ ਪਹਿਲਾਂ ਦਰਸ਼ਨ ਕਰਨ ਲਈ ਬਾਬਾ ਜੀ ਪਾਸ ਡੇਰੇ ਪਹੁੰਚੇ। ਅੱਗੇ ਇਕ ਸੇਵਕ ਪਹਿਰੇਦਾਰ ਖੜਾ ਸੀ। ਉਸ ਦੇ ਰਾਹੀਂ ਅੰਦਰ ਬੇਨਤੀ ਪਹੁੰਚਾਈ, ਅੱਗੋਂ ਹਜ਼ੂਰ ਨੇ ਬਚਨ ਕੀਤਾ, "ਉਸ ਦੇ ਹੱਥ ਵਿਚ ਕੀ ਹੈ ?" ਤਾਂ ਪਹਿਰੇਦਾਰ ਨੇ ਬੇਨਤੀ ਕੀਤੀ, "ਮਹਾਰਾਜ, ਉਸ ਦੇ ਹੱਥ ਵਿਚ ਸੋਨੇ ਦੀ ਮੁੱਠ ਵਾਲੀ ਵੱਡੀ ਕਿਰਪਾਨ ਹੈ।" ਤਾਂ ਹਜ਼ੂਰ ਨੇ ਬਚਨ ਕੀਤਾ, "ਜੇ ਦਰਸ਼ਨ ਕਰਨੇ ਹਨ ਤਾਂ ਕਿਰਪਾਨ ਬਾਹਰ ਰੱਖ ਕੇ ਆਵੇ।"

ਸੇਵਕ ਨੇ ਇਹੋ ਹੁਕਮ ਬੇਦੀ ਕਰਤਾਰ ਸਿੰਘ ਜੀ ਨੂੰ ਜਾ ਸੁਣਾਇਆ ਤਾਂ ਉਹਨਾਂ ਨੇ ਉਸੇ ਸਮੇਂ ਹੀ ਆਪਣੇ ਸੇਵਕ ਨੂੰ ਕਿਰਪਾਨ ਫੜਾ ਕੇ ਬਚਨ ਕੀਤਾ, "ਜਿਸ ਤਰ੍ਹਾਂ ਉਹਨਾਂ ਦਾ ਹੁਕਮ, ਉਹੀ ਮੰਨਣ ਵਿਚ ਭਲਾ ਹੈ।" ਤੇ ਬੇਦੀ ਕਰਤਾਰ ਸਿੰਘ ਜੀ ਦਰਸ਼ਨ ਕਰਨ ਵਾਸਤੇ ਅੰਦਰ ਆ ਗਏ। ਜਿਸ ਵਕਤ ਬੇਦੀ ਜੀ ਬਾਬਾ ਜੀ ਦੇ ਸਾਹਮਣੇ ਆਏ ਤਾਂ ਆਪ-ਮੁਹਾਰੇ ਨੇਤਰ ਭਰ ਕੇ ਬੋਲ ਉੱਠੇ, "ਕੋਈ ਤੁਹਾਨੂੰ ਕੀ ਜਾਣੇ।" ਬਾਬਾ ਜੀ ਨੇ ਤਤਕਾਲ ਹੀ ਬੇਦੀ ਸਾਹਿਬ ਨੂੰ ਬਚਨ ਕੀਤਾ, "ਬੇਦੀ ਸਾਹਿਬ, ਚੁੱਪ ਰਹੋ। ਅੱਗੇ ਨਹੀਂ ਜਾਣਾ।" ਉਪਰੰਤ ਬੇਦੀ ਕਰਤਾਰ ਸਿੰਘ ਜੀ ਚੁੱਪ ਹੋ ਗਏ। ਕੁਝ ਦੁਵੱਲੀ ਸੁੱਖ-ਆਨੰਦ ਪੁੱਛਣ ਉਪਰੰਤ ਬਾਬਾ ਜੀ ਨੇ ਹੁਕਮ ਕੀਤਾ, "ਤੁਹਾਡੇ ਆਰਾਮ ਕਰਨ ਤੇ ਠਹਿਰਨ ਵਾਸਤੇ ਸੰਤ ਦਲ ਸਿੰਘ ਜੀ ਦੇ ਡੇਰੇ ਜਗ੍ਹਾ ਬਣਾਈ ਹੈ, ਤੁਸੀਂ ਅਤੇ ਸੰਗਤ ਉਥੇ ਠਹਿਰੋ। ਅਗਲੀ ਗੱਲ ਫਿਰ ਕਰਾਂਗੇ, ਹੁਣ ਆਰਾਮ ਕਰੋ।" ਉਪਰੰਤ ਬੇਦੀ ਸਾਹਿਬ ਜੀ ਸੰਗਤ ਸਮੇਤ ਸੰਤ ਦਲ ਸਿੰਘ ਜੀ ਦੇ ਅਸਥਾਨ ਉੱਤੇ ਚਲੇ ਗਏ। ਇਥੋਂ ਹੀ ਰੋਜ਼ ਆਉਣਾ ਤੇ ਵਾਪਸ ਚਲੇ ਜਾਣਾ। ਬੇਦੀ ਜੀ ਲਗਾਤਾਰ ਇੱਕੀ ਦਿਨ ਰਹੇ।

ਹਰ ਤਰ੍ਹਾਂ ਵਿਚਾਰ ਹੋਏ। ਜਿਹਨਾਂ ਦਾ ਪੂਰਾ ਵੇਰਵਾ ਤਾਂ ਨਹੀਂ ਮਿਲਿਆ। ਉਸ ਸਮੇਂ ਲੇਖਕ ਦੇ ਮਾਤਾ ਤੇ ਪਿਤਾ ਵੀ ਸੇਵਾ ਵਿਚ ਹਾਜ਼ਰ ਸਨ। ਕਦੇ-ਕਦੇ ਗੱਲਬਾਤ ਦੌਰਾਨ ਮੌਕੇ 'ਤੇ ਵੀ ਹਾਜ਼ਰ ਹੁੰਦੇ ਸਨ। ਨਾ

ਹਾਜ਼ਰ ਹੋਣ ਦਾ ਇਹ ਵੀ ਕਾਰਨ ਹੈ ਕਿ ਜਿਸ ਸੇਵਕ ਨੂੰ ਹਾਜ਼ਰ ਹੋਣ ਦਾ ਹੁਕਮ ਹੁੰਦਾ, ਉਹੀ ਉਥੇ ਬੈਠ ਸਕਦਾ ਸੀ। ਇਸੇ ਸਮੇਂ ਵਿਚ ਬਾਬਾ ਜੀ ਨੇ ਫ਼ਰਮਾਇਆ, "ਬੇਦੀ, ਗੁਰੂ ਨਾਨਕ ਨੂੰ ਸਭ ਗੁਰੂਆਂ ਨੇ ਬਾਣੀ ਉਚਾਰਨ ਸਮੇਂ ਵੀ ਆਪ ਤੋਂ ਦਾਹਿਨੇ ਰੱਖਿਆ ਹੈ।" ਬੇਦੀ ਨੇ ਪੁੱਛਿਆ, "ਜੀ, ਕਿਸ ਤਰ੍ਹਾਂ ?" ਬਾਬਾ ਜੀ ਨੇ ਫ਼ੁਰਮਾਇਆ, "ਤੇਰਾਂ ਸ਼ਬਦ, ਕੋਈ ਦੋ ਅੱਖਰਾਂ 'ਚ ਕੋਈ ਤਿੰਨ ਜਾਂ ਚਾਰ ਅੱਖਰਾਂ ਵਿਚ ਹੈ, ਜਿਸ ਢੰਗ ਨਾਲ ਲਗਾਂ ਮਾਤਰਾਂ ਗੁਰੂ ਨਾਨਕ ਨੇ ਬਾਣੀ ਵਿਚ ਵਰਤੀਆਂ ਹਨ, ਹੋਰ ਸਤਿਗੁਰਾਂ ਨੇ ਲਗਾਂ ਮਾਤਰਾਂ ਵਿਚ ਫ਼ਰਕ ਰੱਖਿਆ ਹੈ। ਅਸੀਂ ਸਮਝਦੇ ਹਾਂ ਕਿ ਇਹ ਗੁਰੂ ਨਾਨਕ ਦਾ ਸਤਿਕਾਰ ਹੀ ਕੀਤਾ ਹੈ।" ਉਪਰੰਤ ਬੇਦੀ ਜੀ ਕੁਝ ਸਮਾਂ ਚੁੱਪ ਹੋ ਗਏ। ਚਿਹਰੇ ਤੇ ਬੜੀ ਗੰਭੀਰਤਾ ਆ ਗਈ ਫਿਰ ਕਿਹਾ, "ਸਤਿ ਹੈ ਜੀ, ਮਹਾਰਾਜ ਸਤਿ ਹੈ।" ਫਿਰ ਸਿਮਰਨ ਅਭਿਆਸ ਬਾਰੇ ਵਿਚਾਰ ਹੋਈ। ਉਸ ਬਾਰੇ ਬਾਬਾ ਜੀ ਨੇ ਬਚਨ ਕੀਤਾ, "ਬੇਦੀ ਜੀ, ਅਸੀਂ ਤਾਂ ਬਾਣੀ ਜਿਵੇਂ ਜਪੁਜੀ ਸਾਹਿਬ ਜਾਂ ਸੁਖਮਨੀ ਸਾਹਿਬ ਹੈ, ਇਸ ਦਾ ਅਭਿਆਸ ਆਰੰਭ ਵਿਚ ਕਰਾਉਂਦੇ ਹਾਂ। ਫਿਰ ਮੂਲ ਮੰਤਰ ਦਾ।

**ਸਤਿਗੁਰੂ ਸਤਿ ਸਰੂਪੁ ਹੈ ਧਿਆਨ ਮੂਲੁ ਗੁਰ ਮੂਰਤਿ ਜਾਣੈ॥**
**ਸਤਿਨਾਮੁ ਕਰਤਾ ਪੁਰਖੁ ਮੂਲ ਮੰਤ੍ਰ ਸਿਮਰਣੁ ਪਰਵਾਣੈ॥**

*(ਭਾਈ ਗੁਰਦਾਸ ਜੀ, ਵਾਰ ੧, ਪਉੜੀ ੪)*

ਸਿਮਰਨ ਕਰਦੇ-ਕਰਦੇ ਇਹ ਰਸਨਾ ਤੋਂ ਬਿਨਾਂ ਆਪਣੇ ਆਪ ਆਰੰਭ ਹੁੰਦਾ ਹੈ, ਅੰਦਰੋਂ ਇਕ ਰਸ ਪ੍ਰਾਪਤ ਹੁੰਦਾ ਹੈ। ਉਸ ਰਸ ਨੂੰ ਸਿਮਰਨ ਕਰਨ ਵਾਲਾ ਹੀ ਅਨੁਭਵ ਮਹਿਸੂਸ ਕਰ ਸਕਦਾ ਹੈ, ਨਿਰਾ ਫੋਕੀਆਂ ਗੱਲਾਂ ਵਾਲਾ ਨਹੀਂ। ਉਸ ਰਸ ਵਿਚ ਮਗਨ ਹੋ ਕੇ ਸਿਮਰਨ ਕਰਨ ਵਾਲਾ ਮਸਤ ਹੋ ਜਾਂਦਾ ਹੈ। ਬੇਦੀ, ਤੈਨੂੰ ਪਤਾ ਹੈ ਹਿਰਦੇ ਵਿਚ ਕਮਲ ਫੁੱਲ ਵਰਗੀ ਇਕ ਚੀਜ਼, ਜਿਸ ਨੂੰ ਫੁੱਲ ਕਮਲ ਕਰ ਕੇ ਹੀ ਦੱਸਿਆ ਜਾਂਦਾ ਹੈ, ਮੂਲ ਮੰਤਰ ਦੇ ਸਿਮਰਨ ਸਦਕਾ ਇਹ ਕਮਲ ਪੁੱਠੇ ਤੋਂ ਸਿੱਧਾ ਹੋ ਜਾਂਦਾ ਹੈ ਪਰ ਸਿੱਧਾ ਹੋ ਕੇ ਖੁੱਲ੍ਹਦਾ ਨਹੀਂ। ਉਸ ਨੂੰ ਪ੍ਰਕਾਸ਼ਵਾਨ ਕਰਨ ਵਾਸਤੇ ਵਾਹਿਗੁਰੂ 'ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ।' (ਭਾਈ ਗੁਰਦਾਸ ਜੀ)

ਵਾਹਿਗੁਰੂ ਮੰਤ੍ਰ ਜਪਾਈਦਾ ਹੈ। 'ਵਾਹਿ' ਸਵਾਸ ਅੰਦਰ ਆਉਣ ਸਮੇਂ, 'ਗੁਰੂ' ਸਾਸ ਜਾਣ ਸਮੇਂ। ਇਸ ਜਾਪ ਨਾਲ ਕਮਲ ਫੁੱਲ ਸਿੱਧਾ ਹੋ ਕੇ ਪ੍ਰਕਾਸ਼ਵਾਨ ਹੋ ਜਾਂਦਾ ਹੈ।

**ਗੁਰ ਪ੍ਰਸਾਦਿ ਊਰਧ ਕਮਲ ਬਿਗਾਸ॥ ਅੰਧਕਾਰ ਮਹਿ ਭਇਆ ਪ੍ਰਗਾਸ॥**

*(ਗੋਂਡ ਮਹਲਾ ੫, ਅੰਗ ੮੬੪)*

**ਉਲਟਿ ਕਮਲੁ ਅੰਮ੍ਰਿਤਿ ਭਰਿਆ**
**ਇਹੁ ਮਨੁ ਕਤਹੁ ਨ ਜਾਇ॥**

*(ਮਹਲਾ ੧, ਅੰਗ ੧੨੯੧)*

ਅੰਤ ਵਿਚ ਇਕੱਲਾ ਵਾਹਿ-ਵਾਹਿ ਦਾ ਜਾਪ ਹੀ ਰਹਿ ਜਾਂਦਾ ਹੈ, ਗੁਰੂ ਬੰਦ ਹੋ ਜਾਂਦਾ ਹੈ।

**ਵਾਹੁ ਵਾਹੁ ਆਪਿ ਅਖਾਇਦਾ ਗੁਰ ਸਬਦੀ ਸਚੁ ਸੋਇ॥**
**ਵਾਹੁ ਵਾਹੁ ਸਿਫਤਿ ਸਲਾਹ ਹੈ ਗੁਰਮੁਖਿ ਬੂਝੈ ਕੋਇ॥**
**ਵਾਹੁ ਵਾਹੁ ਬਾਣੀ ਸਚੁ ਹੈ ਸਚਿ ਮਿਲਾਵਾ ਹੋਇ॥**
**ਨਾਨਕ ਵਾਹੁ ਵਾਹੁ ਕਰਤਿਆ**
**ਪ੍ਰਭੁ ਪਾਇਆ ਕਰਮਿ ਪਰਾਪਤਿ ਹੋਇ॥**

*(ਅੰਗ ੫੧੪)*

ਥੋੜ੍ਹਾ ਜਿਹਾ ਮੁਸਕਰਾ ਕੇ ਬੇਦੀ ਸਾਨੂੰ ਤਾਂ ਏਨਾ ਕੁ ਪਤਾ ਹੈ। ਸੁਣ ਕੇ ਫਿਰ ਬੇਦੀ ਜੀ ਨੇ ਕਿਹਾ, "ਜੀ, ਹੋਰ ਸ਼ੰਕਾ ਹੈ।" ਬਾਬਾ ਜੀ ਨੇ ਬਚਨ ਕੀਤਾ, "ਦੱਸੋ।" ਫਿਰ ਬੇਦੀ ਜੀ ਨੇ ਪੁੱਛਿਆ, "ਬਾਣੀ ਵਿਚ ਵੀ ਦੱਸਿਆ ਹੈ ਕਿ ਪਰਮੇਸ਼ਰ ਤੇ ਮਾਇਆ ਇਕੱਠੇ ਹੀ ਰਹਿੰਦੇ ਹਨ। ਫ਼ੁਰਮਾਨ ਹੈ:

**ਦੁਤੀਆ ਦੁਹ ਕਰਿ ਜਾਨੈ ਅੰਗ॥ ਮਾਇਆ ਬ੍ਰਹਮ ਰਮੈ ਸਭ ਸੰਗ॥**

*(ਰਾਗ ਗਉੜੀ ਥਿਤੀ ਕਬੀਰ ਜੀ, ਅੰਗ ੩੪੩)*

ਦਸਮ ਪਾਤਸ਼ਾਹ ਦਾ ਬਚਨ ਹੈ:

**ਛਾਇਆ ਰੂਪੀ ਹੋਇ ਕੈ ਬਿਚਰਤ ਸ੍ਰੀ ਗੋਪਾਲ॥**

*(ਸ੍ਰੀ ਸਰਬ ਲੋਹ)*

ਜੇ ਮਹਾਰਾਜ, ਇਹ ਮਾਇਆ ਪਾਰਬ੍ਰਹਮ ਨਾਲ ਇਉਂ ਮਿਲੀ ਹੈ ਤਾਂ ਇਹ ਅੱਡ-ਅੱਡ ਕਿਵੇਂ ਹੁੰਦੀ ਹੈ?" ਤਾਂ ਹਜ਼ੂਰ ਨੇ ਬਚਨ ਕੀਤਾ "ਬੇਦੀ, ਜੇ ਇਹ ਕੁਝ ਕਹਿਣ ਸੁਣਨ ਤੋਂ ਬਾਹਰ ਹੀ ਹੈ, ਉਸ ਸਮੇਂ ਪਤਾ ਲਗਦਾ ਹੈ ਜਦੋਂ ਸਭ ਕੁਝ ਹੋ ਜਾਂਦਾ ਹੈ।"

**ਸੋ ਜਾਨੈ ਜਿਨਿ ਚਾਖਿਆ ਹਰਿ ਨਾਮੁ ਅਮੋਲਾ॥**
**ਕੀਮਤਿ ਕਹੀ ਨ ਜਾਈਐ ਕਿਆ ਕਹਿ ਮੁਖਿ ਬੋਲਾ॥੩॥**

*(ਬਿਲਾਵਲੁ ਮਹਲਾ ੫, ਅੰਗ ੮੦੮)*

ਤਾਂ ਬਚਨ ਕੀਤਾ, "ਬਾਲਿਆ, ਇਥੋਂ ਇਕ ਲੀੜਾ ਚੁੱਕ ਕੇ ਸਾਡੇ ਕੋਲ ਵਿਛਾ ਦੇ।" ਸੰਤ ਨਰੈਣ ਸਿੰਘ ਜੀ ਨੇ ਹੁਕਮ ਅਨੁਸਾਰ ਵਿਛਾ ਕੇ ਬੇਨਤੀ ਕਰ ਦਿੱਤੀ, "ਜੀ, ਵਿਛਾ ਦਿੱਤਾ ਹੈ।" ਫਿਰ ਹੁਕਮ ਕੀਤਾ, "ਬੇਦੀ, ਏਥੇ ਉਠ ਕੇ ਸਾਡੇ ਕੋਲ ਇਸ ਆਸਣ ਉੱਤੇ ਬੈਠੋ।" ਹੁਕਮ ਅਨੁਸਾਰ ਬੇਦੀ ਸਾਹਿਬ ਉੱਠ ਕੇ ਆਸਣ ਉੱਤੇ ਬੈਠ ਗਏ। ਕੀ ਵੇਖਿਆ ਤੇ ਅਨੁਭਵ, ਮਹਿਸੂਸ ਕੀਤਾ, ਇਹ ਤਾਂ ਬੇਦੀ ਜੀ ਤੇ ਜਾਂ ਬਾਬਾ ਜੀ ਜਾਨਣ, ਵੇਖਣ ਵਿਚ ਇਤਨਾ ਹੀ ਆਇਆ ਕਿ ਉਸ ਸਮੇਂ ਬੇਦੀ ਜੀ ਦੀਆਂ ਅੱਖਾਂ ਬੰਦ ਤੇ ਗਰਦਨ ਇਕ ਪਾਸੇ ਝੁਕੀ ਹੋਈ ਸੀ। ਇਸ ਸਮੇਂ ਦਾਸ (ਲੇਖਕ) ਦੇ ਮਾਤਾ-ਪਿਤਾ ਦੋਨੋਂ ਹੀ ਹਾਜ਼ਰ ਸਨ। ਕੁਝ ਹੀ ਸਮੇਂ ਉਪਰੰਤ ਬਾਬਾ ਜੀ ਨੇ ਬੇਦੀ ਜੀ ਨੂੰ ਮੋਢੇ ਤੋਂ ਫੜ ਕੇ ਹਿਲਾਇਆ ਤੇ ਕਿਹਾ, "ਬੇਦੀ ਜੀ, ਤਕੜੇ ਹੋਵੋ।" ਉਸ ਸਮੇਂ ਬੇਦੀ ਕਰਤਾਰ ਸਿੰਘ ਉਠ ਹੀ ਰਹੇ ਸਨ। ਮਨ ਅੰਦਰ ਦੀ ਸਮਝ ਕੇ ਬਾਬਾ ਜੀ ਨੇ ਕਿਹਾ, "ਬੱਸ, ਰਹਿਣ ਦਿਉ ਬੇਦੀ ਜੀ, ਅਸੀਂ ਤਾਂ ਗੁਰੂ ਨਾਨਕ ਦੇ ਦਾਸ ਹਾਂ।" ਉਪਰੰਤ ਬਚਨ ਕੀਤਾ, "ਹੁਣ ਤੁਸੀਂ ਦੱਸੋ ਬੇਦੀ ਜੀ, ਤੁਸੀਂ ਕੀ ਵੇਖਿਆ? ਕੀ ਇਥੇ ਮਾਇਆ ਤੇ ਬ੍ਰਹਮ ਇਕੱਠੇ ਕਹੋਗੇ ਕਿ ਅੱਡੋ-ਅੱਡ?" ਉਤਰ ਵਿਚ ਬੇਦੀ ਜੀ ਨੇ ਕਿਹਾ, "ਜੀ, ਮੈਂ ਤਾਂ ਜੋ ਕੁਝ ਸੁਣ ਕੇ ਆਇਆ ਸੀ, ਉਸ ਤੋਂ ਵੱਧ ਹੀ ਵੇਖਿਆ ਹੈ। ਤੁਸੀਂ ਬੇਅੰਤ ਤੋਂ ਵੀ ਬੇਅੰਤ ਹੋ।"

**ਸੁਣਿ ਵਡਾ ਆਖੈ ਸਭੁ ਕੋਇ॥ ਕੇਵਡੁ ਵਡਾ ਡੀਠਾ ਹੋਇ॥**

*(ਰਾਗ ਆਸਾ ਮਹਲਾ ੧, ਅੰਗ ੯)*

"ਬੇਦੀ ਜੀ, ਹੁਣ ਤੁਸੀਂ ਆਪਣੇ ਆਸਣ 'ਤੇ ਜਾ ਕੇ ਆਰਾਮ ਕਰੋ। ਬਾਕੀ ਗੱਲ ਅਗਲੇ ਭਲਕੇ ਕਰਾਂਗੇ।" ਉਪਰੰਤ ਬੇਦੀ ਕਰਤਾਰ ਸਿੰਘ ਜੀ ਸੰਤ ਦਲ ਸਿੰਘ ਜੀ ਦੇ ਡੇਰੇ ਸੰਗਤ ਸਮੇਤ ਆ ਗਏ। ਅਗਲੇ ਦਿਨ ਬੇਦੀ ਕਰਤਾਰ ਸਿੰਘ ਬੜੇ ਉਤਸ਼ਾਹ ਨਾਲ ਦਰਸ਼ਨ ਕਰਨ ਸੰਗਤ ਸਮੇਤ ਆਏ ਤੇ ਬੈਠਣ ਸਾਰ ਹੀ ਬੇਨਤੀ ਕੀਤੀ, "ਮਹਾਰਾਜ, ਇਕ ਹੋਰ ਸ਼ੰਕਾ ਨਵਿਰਤ ਕਰੋ।" ਬਾਬਾ ਜੀ ਨੇ ਬਚਨ ਕੀਤਾ, "ਦੱਸੋ।" ਫਿਰ ਬੇਦੀ ਜੀ ਨੇ ਪੁੱਛਿਆ, "ਜੀ ਸ਼ਬਦ ਵਿਚ ਧਿਆਨ ਪਹਿਲੇ-ਪਹਿਲ ਟਿਕਾਉਣਾ ਔਖਾ ਹੈ। ਕੋਈ ਸੌਖਾ ਢੰਗ ਦੱਸੋ।" ਬਾਬਾ ਜੀ ਨੇ ਬਚਨ ਕੀਤਾ, "ਬੇਦੀ ਜੀ, ਗੁਰੂ ਨਾਨਕ ਸਾਹਿਬ ਦੇ ਚਰਨ ਵਿਚ ਪਦਮ ਹੈ, ਉਸ ਦਾ ਧਿਆਨ ਕਰੋ। ਇਕੱਲੇ ਪਦਮ ਦਾ ਧਿਆਨ ਕਰਦਿਆਂ-ਕਰਦਿਆਂ ਸਾਰਾ ਸਰੂਪ ਪਦਮ ਦੇ ਵਿਚੋਂ ਹੀ ਦਿਸੇਗਾ। ਸਿਮਰਨ ਕਰਦੇ ਰਹਿਣਾ ਨਿਗਾਹ ਪਦਮ ਉੱਤੇ ਟਿਕਾਈ ਰੱਖਣੀ, ਅੱਖਾਂ ਬੰਦ ਹੋਣ 'ਤੇ ਉਹੀ ਪਦਮ ਅੰਦਰ ਦਿਸੇਗਾ। ਅਗਲੀ ਅਵਸਥਾ ਵਿਚ ਸਤਿਗੁਰੂ ਬਚਨ ਵੀ ਕਰਨਗੇ, ਸੁਣਨਗੇ ਵੀ, ਜਵਾਬ ਵੀ ਦੇਣਗੇ। ਉਥੇ ਹਨੇਰੇ ਚਾਨਣ ਦੀ ਪਰਖ ਨਹੀਂ ਹੋਏਗੀ। ਸਿਮਰਨ ਤਾਂ ਆਪਣੇ-ਆਪ ਹੀ ਹੁੰਦਾ ਰਹੇਗਾ।" ਵਿਚੋਂ ਹੀ ਸੰਗਤ ਵਿਚੋਂ ਇਕ ਪ੍ਰੇਮੀ ਬੋਲਿਆ, "ਜੀ, ਉਸ ਪਾਸੇ ਵੱਲ ਭਾਵ ਤਸਵੀਰ ਵੱਲ ਵੇਖ ਕੇ ਜਾਪ ਭੁੱਲੇਗਾ।" ਤਾਂ ਬਚਨ ਕੀਤਾ, "ਉਹ ਸਰੂਪ ਤਾਂ ਹਰ ਵੇਲੇ ਸਾਹਮਣੇ ਰਹੇਗਾ ਤੇ ਜਾਪ ਵੀ ਨਹੀਂ ਭੁੱਲੇਗਾ। ਕੋਈ ਕਰ ਕੇ ਵੇਖੇ ਤਾਂ ਪਤਾ ਲੱਗੇ, ਸਗੋਂ ਮਨ ਟਿਕੇਗਾ। ਸੁਰਤਿ ਇਕ ਇਕਾਗਰਤਾ ਆਏਗੀ, ਸੁਰਤੀ ਬਿਰਤੀ ਸੁਹਾਗਣ ਹੋਏਗੀ। ਗੁਰਵਾਕ ਹੈ:

**ਚਰਨ ਕਮਲ ਧਿਆਨ ਭੀਤਰਿ ਘਟਿ ਘਟਹਿ ਸੁਆਮੀ ਸੁਝੈ ॥**

*(ਕੇਦਾਰਾ ਮਹਲਾ ੫, ਅੰਗ ੧੧੨੨)*

"ਬੇਦੀ ਜੀ, ਸਬਦ ਸੁਰਤਿ ਦਾ ਰਸਤਾ ਔਖਾ ਹੈ, ਪਹਿਲੋਂ ਹਰ ਇਕ ਨਹੀਂ ਕਰ ਸਕਦਾ, ਚਰਨਾਂ ਦੇ ਧਿਆਨ ਵਾਲਾ ਰਸਤਾ ਸੌਖਾ ਹੈ।" ਉਪਰੰਤ ਬੇਦੀ ਕਰਤਾਰ ਸਿੰਘ ਨੂੰ ਬਾਬਾ ਜੀ ਨੇ ਬਚਨ ਕੀਤਾ, "ਬੇਦੀ, ਤੂੰ ਕਿਸੇ ਸਮੇਂ ਸੈਂਕੜੇ ਹਜ਼ਾਰਾਂ ਦੇ ਰੂਪ ਵਿਚ ਪੁੰਨ ਦਾਨ ਕੀਤਾ। ਉਹ ਪੁੰਨ ਦਾਨ ਕੀਤੇ ਤੂੰ ਜਨਮ ਧਾਰ ਕੇ ਖਾ ਰਿਹਾ ਹੈ ਤੇ ਹੁਣ ਤੂੰ ਲੱਖਾਂ ਦੇ ਰੂਪ ਵਿਚ ਪੁੰਨ ਕਰ ਰਿਹਾ ਹੈਂ ਤੇ ਫਿਰ ਜਨਮ ਫਿਰ ਜਨਮ ਧਾਰਨਾ ਪਵੇਗਾ। ਇਉਂ

ਤਾਂ ਜਨਮ-ਮਰਨ ਨਹੀਂ ਮਿਟਦਾ। ਚੱਕਰ ਹੀ ਚੱਕਰ ਵਧਦਾ ਹੈ। ਹੁਣ ਤੇਰੇ ਘਰ ਬੱਚਾ ਵੀ ਨਹੀਂ ਹੋਇਆ। ਇਤਨੇ ਪੁੰਨ ਕਿਸੇ ਦੇ ਹੈ ਨਹੀਂ, ਤੇਰੇ ਕੋਈ ਕਿਵੇਂ ਆਵੇ ਤੂੰ ਲੋਕਾਂ ਨੂੰ ਤਾਂ ਪੁੱਤ ਦਿੰਦਾ ਹੈ ਪਰ ਤੇਰੇ ਆਪਣੇ ਇਸੇ ਕਰਕੇ ਨਹੀਂ ਹੋ ਰਿਹਾ। ਰਾਤ ਸਾਡੇ ਕੋਲ ਇਕ ਰੂਹ ਆਈ ਹੈ। ਜੇ ਇੱਛਾ ਹੈ ਤਾਂ ਉਸ ਨੂੰ ਤੇਰੇ ਘਰ ਭੇਜ ਦਿੰਦੇ ਹਾਂ, ਹੁਣ ਦੱਸ।" ਉਪਰੰਤ ਬੇਦੀ ਜੀ ਨੇ ਕਹਿਆ, "ਜੀ, ਔਲਾਦ ਦੀ ਚਿੰਤਾ ਨਾ ਮੈਨੂੰ ਪਹਿਲਾਂ ਸੀ ਤੇ ਨਾ ਹੁਣ ਹੈ। ਹੁਣ ਕ੍ਰਿਪਾ ਕਰੋ।" ਤਾਂ ਬਚਨ ਕੀਤਾ, "ਜੇ ਨਹੀਂ ਚਿੰਤਾ ਤਾਂ ਸ਼ੁੱਧ ਹੈ। ਨਾਮ ਜਪੋ ਜਪਾਓ। ਇੱਛਾ ਤੋਂ ਰਹਿਤ ਹੋ ਕੇ ਇਥੋਂ ਤਕ ਕਿ ਮੁਕਤੀ ਦੀ ਵੀ ਇੱਛਾ ਨਾ ਕਰੋ। ਅਖ਼ੀਰ 'ਤੇ ਬਚਨ ਕੀਤਾ:

**ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ॥**
**ਸਤਿਗੁਰਿ ਤੁਮਰੇ ਕਾਜ ਸਵਾਰੇ॥**

*(ਰਾਗ ਗਉੜੀ ਮਹਲਾ ੫, ਅੰਗ ੨੦੧)*

ਹੁਕਮ ਅਨੁਸਾਰ ਅਰਜਨ ਸਿੰਘ ਢੀਂਡਸਾ ਪਾਠੀ ਚੰਦਾ ਸਿੰਘ ਉਹਨਾਂ ਨੂੰ ਵਿਦਾ ਕਰਨ ਗਏ। ਰਸਤੇ ਵਿਚ ਬੇਦੀ ਜੀ ਨੇ ਇਹਨਾਂ ਪ੍ਰੇਮੀਆਂ ਨੂੰ ਕਿਹਾ ਕਿ ਸਾਨੂੰ ਮਾਲੂਮ ਹੁੰਦਾ ਹੈ ਕਿ ਮਹਾਂਪੁਰਖਾਂ ਦਾ ਸਰੀਰਕ ਤੌਰ 'ਤੇ ਸਮਾਂ ਥੋੜ੍ਹਾ ਹੀ ਹੈ। ਜੇ ਕੋਈ ਭਾਣਾ ਵਰਤੇ ਤਾਂ ਸਾਨੂੰ ਖ਼ਬਰ ਕਰ ਦੇਣੀ। ਹੋ ਸਕਿਆ ਤਾਂ ਅੰਤਲੇ ਦਰਸ਼ਨ ਅਤੇ ਸੇਵਾ ਦਾ ਸੁਭਾਗ ਸਾਨੂੰ ਮਿਲ ਜਾਵੇ। ਐਸੇ ਮਹਾਂਪੁਰਖ ਸੰਤ ਬਾਣੇ ਵਿਚ ਜੁਗਾਂ-ਜੁਗਾਂ ਤੋਂ ਬਾਅਦ ਹੀ ਕਿਤੇ ਆਉਂਦੇ ਹਨ।" ਇਸ ਤੋਂ ਉਪਰੰਤ ਬੇਦੀ ਜੀ ਨੇ ਆਪਣਾ ਡੇਹਰਾਦੂਨ ਦਾ ਐਡਰੈਸ ਦੇ ਕੇ ਪਤਾ ਕਰਨ ਦੀ ਤਾਕੀਦ ਕਰ ਦਿੱਤੀ। ਉਪਰੰਤ ਬੇਦੀ ਜੀ ਚਲੇ ਗਏ।

(ਇਹ ਪ੍ਰਸੰਗ ਕਾਕਾ ਜੋਗਿੰਦਰ ਸਿੰਘ ਢਿੱਲੋਂ ਪਾਸੋਂ ਮਿਲਿਆ।)

# ਮਾਇਆ ਮਮਤਾ ਮੋਹਣੀ
# ਜਿਨਿ ਵਿਣੁ ਦੰਤਾ ਜਗੁ ਖਾਇਆ॥

ਮਾਇਆ ਇਕ ਐਸੀ ਮਨ ਮੋਹਣੀ ਵਸਤੂ ਹੈ ਬੜੇ-ਬੜੇ ਤਪੱਸਵੀ ਸਾਧੂ ਸਭ ਲੋਕ ਇਸ ਨੇ ਆਪਣੇ ਵੱਸ ਕਰ ਰੱਖੇ ਹਨ ਬਾਣੀ ਵਿਚ ਫ਼ੁਰਮਾਨ ਹੈ:

**ਪਾਇ ਠਗਉਲੀ ਸਭੁ ਜਗੁ ਜੋਹਿਆ॥**
**ਬ੍ਰਹਮਾ ਬਿਸਨੁ ਮਹਾਦੇਉ ਮੋਹਿਆ॥**
**ਗੁਰਮੁਖਿ ਨਾਮਿ ਲਗੇ ਸੇ ਸੋਹਿਆ॥੨॥**

*(ਆਸਾ ਮਹਲਾ ੫, ਅੰਗ ੩੯੪)*

ਲੱਖਾਂ ਯਤਨ ਕਰਨ 'ਤੇ ਵੀ ਬੰਦਾ ਛੁੱਟ ਨਹੀਂ ਸਕਦਾ ਇਕ ਸਮੇਂ ਇਕ ਸੰਤ ਬਾਬਾ ਜੀ ਦੇ ਦਰਸ਼ਨ ਕਰਨ ਆਇਆ ਹਜ਼ੂਰ ਨੇ ਆਪਣੀ ਮਰਿਆਦਾ ਅਨੁਸਾਰ ਪੁੱਛਿਆ, "ਦਰਸ਼ਨ ਹੈ ਕਿ ਪ੍ਰਸ਼ਨ।" ਉਸ ਨੇ ਬੇਨਤੀ ਕੀਤੀ ਜੀ ਪ੍ਰਸ਼ਨ ਵੀ ਹੈ ਤਾਂ ਬਚਨ ਕੀਤਾ, "ਪ੍ਰਸ਼ਨ ਵੀ ਕਰ ਲਵੋ।" ਤਾਂ ਸੰਤ ਨੇ ਬੇਨਤੀ ਕੀਤੀ ਮਹਾਰਾਜ ਮੈਂ ਵੱਡੇ-ਵੱਡੇ ਅਹੁਦਿਆਂ 'ਤੇ ਕੰਮ ਕੀਤਾ ਹੈ ਸਾਰੀ ਜ਼ਿੰਦਗੀ ਵਿਚ ਮੈਂ ਆਪਣੇ ਕੋਲ ਲੱਖ ਰੁਪਿਆ ਜਮਾਂ ਨਹੀਂ ਵੇਖਿਆ। ਉਪਰੰਤ ਬਚਨ ਕੀਤਾ, "ਤੈਂ ਮਾਇਆ ਕੀ ਕਰਨੀ ਹੈ ਗੁਜ਼ਾਰੇ ਜੋਗੀ ਹੀ ਮਿਲੇ ਤਾਂ ਚੰਗੀ ਹੈ ਤੂੰ ਬੰਦਗੀ ਕਰ ਕੇ ਜਨਮ ਸਫਲ ਕਰ ਲੈ।" ਖ਼ੈਰ, ਉਹ ਸਾਧੂ ਬਾਰ-ਬਾਰ ਇਹੋ ਮੰਗ ਕਰੇ ਕਿ ਦੋ ਕੁ ਦਿਨ ਆਪਣੇ ਕੋਲ ਰੱਖਣ ਉਪਰੰਤ ਉਸ ਨੂੰ ਸੰਤ ਬਹਾਲ ਦਾਸ ਜੀ ਕੋਲ ਪੌਂ ਵਾਲੀ ਜੱਸੀ ਭੇਜ ਦਿੱਤਾ ਨਾਲ ਬਚਨ ਕੀਤਾ, "ਤੈਨੂੰ ਚਾਰ ਪੈਸੇ ਖ਼ਰਚਣ ਜੋਗੇ ਮਿਲ ਜਾਣਗੇ।" ਇਸ ਤੋਂ ਬਾਅਦ ਦੋ ਮਹੀਨੇ ਸੰਤ ਬਹਾਲ ਦਾਸ ਜੀ ਕੋਲ ਉਸ ਨੇ ਲਾਏ, ਉਥੇ ਵੀ ਨਾ ਰਹਿ ਸਕਿਆ ਆਖ਼ਿਰ ਨੂੰ ਭੁੱਚੋ ਹੀ ਪਹੁੰਚ ਗਿਆ। ਆਪਣੇ ਮਨ ਦੀ ਵਿਥਿਆ ਸੁਣਾਈ, ਸੁਣਾ ਕੇ ਹਜ਼ੂਰ ਨੇ ਬਚਨ ਕੀਤਾ ਨਾਲ ਇਕ ਕੋਈ ਸ਼ਬਦ

ਦੱਸ ਕੇ ਉਸ ਦੀ ਸਾਰੀ ਮਰਿਆਦਾ ਸਮਝਾ ਕੇ ਬਚਨ ਕੀਤਾ, "ਇਸ ਮਾਇਆ ਨੂੰ ਲੈ ਕੇ ਕਦੇ ਕਿਸੇ ਨੇ ਸੁਖ ਨਹੀਂ ਵੇਖਿਆ ਸੱਚਾ ਧਨ ਪਰਮੇਸ਼ਰ ਦਾ ਨਾਮ ਹੀ ਹੈ।

**ਏ ਮਨ ਇਹੁ ਧਨੁ ਨਾਮੁ ਹੈ ਜਿਤੁ ਸਦਾ ਸਦਾ ਸੁਖੁ ਹੋਇ॥**
**ਤੋਟਾ ਮੂਲਿ ਨ ਆਵਈ ਲਾਹਾ ਸਦ ਹੀ ਹੋਇ॥**
**ਖਾਧੈ ਖਰਚਿਐ ਤੋਟਿ ਨ ਆਵਈ ਸਦਾ ਸਦਾ ਓਹੁ ਦੇਇ॥**
**ਸਹਸਾ ਮੂਲਿ ਨ ਹੋਵਈ ਹਾਣਤ ਕਦੇ ਨ ਹੋਇ॥**
**ਨਾਨਕ ਗੁਰਮੁਖਿ ਪਾਈਐ ਜਾ ਕਉ ਨਦਰਿ ਕਰੇਇ॥੨॥**

*(ਬਿਲਾਵਲੁ ਮਹਲਾ ੩, ਅੰਗ ੫੫੫)*

ਇਸ ਬਚਨ ਨੂੰ ਉਹ ਨਾ ਸਮਝ ਸਕਿਆ ਤੇ ਚਲਾ ਗਿਆ ਜੋ ਬਾਬਾ ਜੀ ਨੇ ਉਸ ਨੂੰ ਜੁਗਤ ਦੱਸੀ ਤੇ ਉਸ ਨੇ ਉਸ ਅਨੁਸਾਰ ਸ਼ਬਦ ਦਾ ਜਾਪ ਕਰ ਲਿਆ ਕੁਝ ਸਮੇਂ ਬਾਅਦ ਮਾਇਆ ਚੰਗੀ ਆਉਣ ਲੱਗ ਪਈ ਨਾਲ ਦੀ ਨਾਲ ਹੀ ਉਹ ਮਾਇਆ ਆਪਣੇ ਇਕ ਮਿੱਤਰ ਜਿਹੜਾ ਜਲੰਧਰ ਰਹਿੰਦਾ ਸੀ, ਉਸ ਦੇ ਪਾਸ ਜਮ੍ਹਾਂ ਕਰਦਾ ਰਿਹਾ। ਕੁਝ ਸਮੇਂ ਬਾਅਦ ਮਿੱਤਰ ਤੋਂ ਆਪਣੀ ਅਮਾਨਤ ਮੰਗਣ 'ਤੇ ਰਾਤ ਨੂੰ ਉਹਨਾਂ ਨੇ ਮਾਰ ਦਿੱਤਾ।

**ਜਨ ਭਗਤਨ ਕੋ ਕਹੋ ਨ ਮਾਨੋ ਕੀਓ ਅਪਨੋ ਪਈਹੈ।**

*(ਰਾਗ ਗੁਜਰੀ, ਅੰਗ ੫੨੫)*

ਵਾਲੀ ਗੱਲ ਵਾਪਰੀ।

## ਕੋਟਿ ਬਿਘਨ ਹਿਰੇ ਖਿਨ ਮਾਹਿ॥

ਬਾਬਾ ਜੀ ਮਹਾਂ ਹਰਿਨਾਮ ਸਿੰਘ ਜੀ ਦੇ ਸਮੇਂ ਕਿਸੇ ਸੇਵਕ ਨੂੰ ਕੋਈ ਸਰੀਰਕ ਦੁੱਖ ਤਕਲੀਫ਼ ਜੇ ਆਈ ਤਾਂ ਕਿਸੇ ਭੁੱਲ ਕਾਰਨ ਆਈ। ਹਜ਼ੂਰ ਨੇ ਉਸੇ ਸਮੇਂ ਹੀ ਤਕਲੀਫ਼ ਵੀ ਦੂਰ ਕਰ ਦਿੱਤੀ ਨਾਲੇ ਤਕਲੀਫ਼ ਆਉਣ ਦਾ ਕਾਰਨ ਦੱਸ ਕੇ ਅੱਗੋਂ ਤੋਂ ਸਾਵਧਾਨ ਕਰ ਦਿੱਤਾ। ਇਕ ਵਾਰ ਭਾਈ ਰਤਨ ਸਿੰਘ ਡਰੋਲੀ ਅਤੇ ਜੈ ਕੌਰ ਦੋਵੇਂ ਤੀਜਾ ਭਜਨ ਸਿੰਘ ਲੰਗਰ ਤਿਆਰ

ਕਰਨ ਜਾ ਰਹੇ ਸਨ। ਰਸਤੇ ਵਿਚ ਕਿਸੇ ਘਰ ਸਹਿਜ ਪਾਠ ਦਾ ਭੋਗ ਪਾ ਕੇ ਦੇਗ ਵਰਤ ਰਹੀ ਸੀ। ਦੇਗ ਵਰਤਾਉਣ ਵਾਲੇ ਨੇ ਆਵਾਜ਼ ਮਾਰ ਕੇ ਰਤਨ ਸਿੰਘ ਡਰੋਲੀ ਨੂੰ ਵੀ ਪ੍ਰਸ਼ਾਦ ਦੇ ਦਿੱਤਾ। ਇਸ ਨੇ ਉਸ ਸਮੇਂ ਹੀ ਪ੍ਰਸ਼ਾਦ ਲੈ ਕੇ ਖਾ ਲਿਆ, ਭਜਨ ਸਿੰਘ ਅਤੇ ਜੈ ਕੌਰ ਦੋਵੇਂ ਅੱਗੇ ਲੰਘ ਚੁੱਕੇ ਸਨ। ਭਾਈ ਰਤਨ ਸਿੰਘ ਡਰੋਲੀ ਪ੍ਰਸ਼ਾਦ ਮੂੰਹ ਵਿਚ ਪਾਉਣ ਸਾਰ ਹੀ ਬੇਹੋਸ਼ ਹੋ ਕੇ ਡਿੱਗ ਪਿਆ। ਪਿੱਛੋਂ ਭਜਨ ਸਿੰਘ ਨੂੰ ਆਵਾਜ਼ਾਂ ਮਾਰ ਕੇ ਲੋਕਾਂ ਨੇ ਸਾਰੀ ਗੱਲ ਦੱਸੀ, ਉਸ ਸਮੇਂ ਹੀ ਇਕ ਭਜਨ ਸਿੰਘ ਤੇ ਇਕ ਹੋਰ ਪ੍ਰੇਮੀ ਬੇਹੋਸ਼ ਰਤਨ ਸਿੰਘ ਨੂੰ ਚੁੱਕ ਕੇ ਬਾਬਾ ਜੀ ਪਾਸ ਲੈ ਆਏ ਤੇ ਸਾਰੀ ਬੇਨਤੀ ਹਜ਼ੂਰ ਦੇ ਪਾਸ ਕਰ ਦਿੱਤੀ। ਸੁਣ ਕੇ ਬਾਬਾ ਜੀ ਨੇ ਬਚਨ ਕੀਤਾ, "ਤੁਸੀਂ ਕਿਸੇ ਦੇ ਘਰੋਂ ਬਿਨਾਂ ਹੁਕਮ ਤੋਂ ਕਿਉਂ ਕੁਝ ਲਿਆ ਅਤੇ ਖਾਧਾ।" ਉਪਰੰਤ ਭਾਈ ਕਪੂਰ ਸਿੰਘ ਨੂੰ ਸੁਖਮਨੀ ਦਾ ਪਾਠ ਸੁਨਾਉਣ ਦਾ ਹੁਕਮ ਕਰ ਕੇ ਆਪਣੀ ਹਜ਼ੂਰੀ ਵਿਚ ਪਾ ਲਿਆ। ਨੀਲਾ ਸਿੰਘ ਨੂੰ ਲੰਗਰ ਤਿਆਰ ਕਰਨ ਵਾਸਤੇ ਭੇਜ ਦਿੱਤਾ। ਲੰਗਰ ਤਿਆਰ ਹੋ ਕੇ ਆਉਣ ਤਕ ਹਜ਼ੂਰ ਨੇ ਰਤਨ ਸਿੰਘ ਡਰੋਲੀ ਨੂੰ ਉਠਾ ਕੇ ਆਪਣੀ ਸੇਵਾ ਵਿਚ ਲਾਇਆ ਹੋਇਆ ਸੀ। ਲੰਗਰ ਤਿਆਰ ਹੋ ਕੇ ਆ ਗਿਆ। ਰੋਜ਼ ਦੀ ਤਰ੍ਹਾਂ ਸਾਰੀ ਮਰਿਆਦਾ ਹੋ ਗਈ ਸਭ ਸੰਗਤ ਨੇ ਲੰਗਰ ਛੱਕ ਲਿਆ। ਉਪਰੰਤ ਹਜ਼ੂਰ ਨੇ ਸਭ ਸੇਵਕ ਆਪਣੀ ਹਜ਼ੂਰੀ ਵਿਚ ਬੁਲਾ ਕੇ ਭਜਨ ਸਿੰਘ, ਭਾਈ ਰਤਨ ਸਿੰਘ ਡਰੋਲੀ ਤੇ ਤੀਜੀ ਜੈ ਕੌਰ ਇਹਨਾਂ ਨੂੰ ਬੁਲਾ ਕੇ ਰਤਨ ਸਿੰਘ ਡਰੋਲੀ ਨੂੰ ਪੁੱਛਿਆ, "ਤੈਂ ਪ੍ਰਸ਼ਾਦ ਕਿਉਂ ਲਿਆ ਤੇ ਖਾਧਾ ?" ਰਤਨ ਸਿੰਘ ਡਰੋਲੀ ਨੇ ਦੱਸਿਆ, "ਮਹਾਰਾਜ, ਮੈਂ ਤਾਂ ਇਹ ਸਮਝਿਆ ਇਹ ਤਾਂ ਗੁਰੂ ਕੀ ਦੇਗ ਹੈ ਭੋਗ ਲੱਗਿਆ ਹੈ।" ਉਪਰੰਤ ਬਾਬਾ ਜੀ ਨੇ ਬਚਨ ਕੀਤਾ, "ਇਹਨਾਂ ਲੋਕਾਂ ਨੇ ਨਾ ਇਸ਼ਨਾਨ ਕਰਨ ਵੇਲੇ ਬਾਣੀ ਪੜ੍ਹਨੀ, ਨਾ ਦੇਗ ਬਣਾਉਣ ਵੇਲੇ, ਮਨ-ਮਰਜ਼ੀ ਦੀਆਂ ਗੱਲਾਂ ਕਰੀ ਜਾਣੀਆਂ ਨਾ ਸਤਿਗੁਰੂ ਨੂੰ ਭੋਗ ਲਾਉਂਦੇ ਹਨ ਨਾ ਗੁਰੂ ਦੀ ਦੇਗ ਬਣਦੀ ਹੈ। ਅੱਗੇ ਤੋਂ ਐਸੀ ਦੇਗ ਨੂੰ ਨਾ ਗੁਰੂ ਕੀ ਦੇਗ ਸਮਝਣਾ ਨਾ ਲੈਣਾ।" ਕੜਾਹ ਪ੍ਰਸ਼ਾਦ ਦੀ ਮਰਿਆਦਾ ਰਹਿਤਨਾਮੇ ਵਿਚ ਦਰਜ ਹੈ। ਦਾਸ ਲੇਖਕ ਵੱਲੋਂ ਲਿਖਿਆ ਜਾ ਰਿਹਾ ਹੈ।

ਕੁਝ ਇਸ ਤਰ੍ਹਾਂ ਹੈ ਨਮੂਨੇ ਮਾਤਰ ਪੰਗਤੀਆਂ ਹਾਜ਼ਰ ਹਨ:

**ਕੜਾਹ ਪ੍ਰਸਾਦ ਕੀ ਬਿਧਿ ਸੁਨ ਲੀਜੈ॥ ਤੀਨ ਭਾਂਤ ਕੋ ਸਮਸਰ ਕੀਜੈ॥**
**ਲੇਪਨ ਆਗੈ ਬਹੁਕਰ ਦੀਜੈ॥ ਮਾਜਨ ਕਰ ਭਾਜਨ ਧੋਵੀਜੈ॥**
**ਕਰਿ ਇਸਨਾਨ ਪਵਿੱਤ੍ਰ ਹੋਇ ਬਹੈ॥ ਵਾਹਿਗੁਰੂ ਬਿਨ ਅਵਰ ਨ ਕਹੈ॥**
**ਨਵਤਨ ਕੁੰਭ ਪੂਰ ਜਲ ਲੇਹਿ॥ ਗੋਬਿੰਦ ਸਿੰਘ ਸਫਲ ਤਿਨ ਦੇਹਿ॥**

# ਆਸਾ ਮਨਸਾ ਸਭ ਤੇਰੀ ਮੇਰੇ ਸੁਆਮੀ ਜੈਸੀ ਤੂੰ ਆਸ ਕਰਾਵਹਿ ਤੈਸੀ ਕੋ ਆਸ ਕਰਾਈ

ਬਾਬਾ ਸ੍ਰੀ ਮਹਾਂ ਹਰਿਨਾਮ ਸਿੰਘ ਜੀ ਮਹਾਰਾਜ ਜੀ ਦੀ ਸੇਵਾ ਵਿਚ ਲੱਗਿਆਂ ਜੋ ਕੁਝ ਨਜ਼ਾਰੇ ਮਾਤਾ-ਪਿਤਾ ਨੇ ਅੱਖੀਂ ਦੇਖੇ ਜਾਂ ਰਹਿਣ ਵਾਲੇ ਸੇਵਕਾਂ ਤੋਂ ਸੁਣੇ, ਤਕਰੀਬਨ-ਤਕਰੀਬਨ ਉਹ ਸਾਰੇ ਕਲਮ-ਬੰਦ ਕੀਤੇ ਗਏ ਹਨ। ਸ਼ਾਇਦ ਕੁਝ ਉਹਨਾਂ ਨੂੰ ਭੁੱਲ ਗਏ ਹੋਣ ਜਾਂ ਉਹਨਾਂ ਤੋਂ ਸੁਣ ਕੇ ਲੇਖਕ ਨੂੰ ਭੁੱਲ ਗਏ ਹੋਣ। ਕੁਝ ਬਚਨ ਜੋ ਗੁਪਤ ਹਨ, ਉਹ ਵੀ ਰਹਿ ਗਏ ਹਨ, ਜਿਸ ਤਰ੍ਹਾਂ ਦਸਵੇਂ ਹਿੱਸੇ ਵਿਚ ਤਿੰਨ ਸ਼ਬਦ ਬਾਬਾ ਜੀ ਨੇ ਦੱਸੇ, ਉਹਨਾਂ ਤਿੰਨਾਂ ਦੀ ਮਰਿਆਦਾ ਜੋ ਬਾਬਾ ਜੀ ਨੇ ਸਮਝਾਈ ਉਹ ਵੀ ਗੁਪਤ ਹੈ ਅਤੇ ਰਹੇਗੀ। ਇਕ ਬਚਨ ਜਾਂ ਸ਼ਬਦ ਜੋ ਹਜ਼ੂਰ ਨੇ ਲਿਖਾਇਆ, ਦੁੱਖ ਤਕਲੀਫ਼ ਵੇਲੇ ਤਿੰਨ ਵਾਰ ਸੁਣਾਉਣਾ, ਉਹ ਵੀ ਬਾਬਾ ਅਨੰਦ ਸਿੰਘ ਜੀ ਦੇ ਹੁਕਮ ਅਨੁਸਾਰ ਗੁਪਤ ਹੀ ਹੈ। ਇਤਨੇ ਨਜ਼ਾਰੇ ਵੇਖ ਕੇ ਇਹ ਵੀ ਭੁੱਲ ਗਏ। ਇਕ ਦਿਨ ਬੈਠੇ-ਬੈਠੇ ਰਤਨ ਸਿੰਘ ਡਰੋਲੀ ਅਤੇ ਜੈ ਕੌਰ ਨੇ ਆਪਸ ਵਿਚ ਸਲਾਹ ਕੀਤੀ ਕਿ ਜੇ ਆਪਾਂ ਨੂੰ ਕਲੇਰਾਂ ਵਾਲੇ ਰਿਖੀ ਜੀ ਦੀ ਸੇਵਾ ਮਿਲ ਜਾਵੇ ਤਾਂ ਉਹ ਵੀ ਕਰ ਕੇ ਲਾਹਾ ਖੱਟੀਏ। ਠੀਕ ਉਸੇ ਸਮੇਂ ਹੀ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਆਵਾਜ਼ ਦਿੱਤੀ, "ਬਾਲਿਆ, ਡਰੋਲੀ ਵਾਲੇ ਦੋਹਾਂ ਜੀਆਂ ਨੂੰ ਹਾਜ਼ਰ ਕਰੋ।" ਹੁਕਮ ਅਨੁਸਾਰ ਸੰਤ ਨਰੈਣ ਸਿੰਘ ਜੀ

ਬੁਲਾ ਕੇ ਲੈ ਗਏ। ਹਾਜ਼ਰ ਹੋਣ ਉਪਰੰਤ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਬਚਨ ਕੀਤਾ, "ਤੁਸੀਂ ਦੋਹਾਂ ਵਿਚੋਂ ਇਕ ਜਣਾ ਸਾਨੂੰ ਪਾਠ ਸੁਣਾਓ ਤੇ ਦੂਜਾ ਪੱਖੇ ਦੀ ਸੇਵਾ ਕਰੋ।" ਸਵੇਰੇ ਦਾ ਲੰਗਰ ਤਿਆਰ ਕਰਨ ਦਾ ਵਕਤ ਹੋ ਗਿਆ। ਫਿਰ ਸੰਤ ਨਰੈਣ ਸਿੰਘ ਨੇ ਬੇਨਤੀ ਕੀਤੀ, "ਮਹਾਰਾਜ, ਲੰਗਰ ਦਾ ਸਮਾਂ ਹੋ ਗਿਆ ਹੈ।" ਹਜ਼ੂਰ ਨੇ ਬਚਨ ਕੀਤਾ, "ਸ਼ੁੱਧ ਹੈ, ਡਰੋਲੀ ਵਾਲੇ ਦੋਵੇਂ ਜੀ ਲੰਗਰ ਤਿਆਰ ਕਰਨਗੇ।" ਤੇ ਫਿਰ ਹੁਕਮ ਕੀਤਾ, "ਜਾਓ, ਲੰਗਰ ਤਿਆਰ ਕਰੋ, ਜਿਹੜਾ ਫੁਰਨਾ ਰਿਖੀਆਂ ਦੀ ਸੇਵਾ ਦਾ ਕੀਤਾ ਹੈ ਉਹ ਤਾਂ ਚੰਗਾ ਹੈ, ਹੋਰ ਨਾ ਕਰਿਓ।" ਉਪਰੰਤ ਰਤਨ ਸਿੰਘ ਡਰੋਲੀ ਤੇ ਜੈ ਕੌਰ ਨੇ ਬੇਨਤੀ ਕਰਨੀ ਚਾਹੀ ਤਾਂ ਹੁਕਮ ਕੀਤਾ, "ਜਿਹੜਾ ਫੁਰਨਾ ਕਰ ਲਿਆ, ਉਹ ਤਾਂ ਪੂਰਾ ਕਰਨਾ ਪਵੇਗਾ, ਸਾਨੂੰ ਵੀ ਤੇ ਤੁਹਾਨੂੰ ਵੀ। ਅਗਲੀ ਗੱਲ ਫਿਰ ਕਰਾਂਗੇ।" ਲੰਗਰ ਤਿਆਰ ਕਰਨ ਸਮੇਂ ਮੁੱਢ ਤੋਂ ਲੈ ਕੇ ਅਖ਼ੀਰ ਤਕ ਮਨ ਵਿਚ ਇਹ ਗੱਲ ਬਾਰ-ਬਾਰ ਆਉਂਦੀ ਰਹੀ ਕਿ ਅਸੀਂ ਫੁਰਨਾ ਕਰ ਕੇ ਗ਼ਲਤੀ ਕਰ ਬੈਠੇ ਹਾਂ। ਲੰਗਰ ਤਿਆਰ ਕਰ ਕੇ ਲੈ ਆਏ। ਰੋਜ਼ ਵਾਂਗ ਸਾਰੀ ਮਰਯਾਦਾ ਵੀ ਹੋ ਗਈ। ਲੰਗਰ ਵੀ ਵਰਤ ਗਿਆ। ਮਨ ਵਿਚ ਉਹੀ ਗੱਲ ਆਉਂਦੀ ਰਹੀ। ਸ਼ਾਮ ਨੂੰ ਰਹਰਾਸਿ ਸਾਹਿਬ ਦੇ ਪਾਠ ਤੋਂ ਬਾਅਦ ਫਿਰ ਬੇਨਤੀ ਕਰ ਕੇ ਆਪਣੀ ਭੁੱਲ ਮੰਨੀ ਤਾਂ ਅੱਗੋਂ ਬਾਬਾ ਜੀ ਨੇ ਬਚਨ ਕੀਤਾ, "ਤੁਸੀਂ ਫੁਰਨਾ ਕਰਨ ਲੱਗੇ ਸਾਥੋਂ ਪੁੱਛਿਆ ਸੀ। ਹੁਣ ਜਦੋਂ ਅਸੀਂ ਫੁਰਨਾ ਪੂਰਾ ਕਰਨ ਲੱਗੇ ਤਾਂ ਤੁਸੀਂ ਭੁੱਲ ਮੰਨਣ ਲੱਗ ਪਏ। ਤਿੰਨ ਜਨਮਾਂ ਦਾ ਸੰਬੰਧ ਤੁਹਾਡਾ ਸਾਡੇ ਨਾਲ ਤੇ ਮਹਾਂਪੁਰਖਾਂ ਨਾਲ ਹੈ। ਅਸੀਂ ਤੇ ਮਹਾਂਪੁਰਖ ਇਕੱਠੇ ਹੀ ਰਹੇ ਹਾਂ। ਤੁਸੀਂ ਵੀ ਤਿੰਨ ਜਨਮਾਂ ਤੋਂ ਨਾਲ ਹੀ ਆ ਰਹੇ ਹੋ।" ਰਤਨ ਸਿੰਘ ਡਰੋਲੀ ਨੇ ਬੇਨਤੀ ਕੀਤੀ, "ਜੀ ਮਹਾਰਾਜ, ਉਹਨਾਂ ਵੱਲ ਵੇਖ ਕੇ ਤਾਂ ਡਰ ਬੜਾ ਆਉਂਦਾ ਹੈ। ਜੀ, ਤੁਹਾਡੇ ਕੋਲ ਜੋ ਮਰਜ਼ੀ ਪੁੱਛੀਏ।" ਤਾਂ ਬਾਬਾ ਜੀ ਨੇ ਬਚਨ ਕੀਤਾ, "ਉਹਨਾਂ ਦੇ ਡਰ ਨੇ ਜਨਮਾਂ-ਜਨਮਾਂ ਦੇ ਡਰ ਲਾਹ ਦੇਣੇ ਹਨ ਤੇ ਤੁਸੀਂ ਕਿਉਂ ਡਰਦੇ ਹੋ। ਜੋ ਕੁਝ ਕਰਨਗੇ, ਭਲਾ ਕਰਨਗੇ। ਮਹਾਂਪੁਰਖ ਬੜੇ ਦਿਆਲੂ ਹਨ, ਦਾਨੇ ਹਨ, ਬਖ਼ਸ਼ਿੰਦ ਹਨ। ਤੁਸੀਂ ਤਕੜੇ ਹੋ ਕੇ ਸੇਵਾ ਕਰਨੀ।" ਇਸ ਤੋਂ ਬਾਅਦ ਬਾਬਾ ਜੀ ਨੇ ਐਸੀ ਖੇਡ ਰਚਾਈ ਕਿ ਜਦੋਂ ਦਿਨ ਚੜ੍ਹ ਜਾਏ, ਲੰਗਰ ਤਿਆਰ ਕਰਨ ਵਾਲੇ ਸਮੇਂ ਤਕ ਭਾਈ

ਰਤਨ ਸਿੰਘ ਡਰੋਲੀ ਅਤੇ ਜੈ ਕੌਰ ਦੋਹਾਂ ਤੋਂ ਵਾਰੀ-ਵਾਰੀ ਪਾਠ ਸੁਣਦੇ ਰਹਿਣਾ। ਲੰਗਰ ਤਿਆਰ ਕਰ ਕੇ ਆਉਣ ਸਮੇਂ ਵਰਤਾਉਣ ਤੋਂ ਛਕਾਉਣ ਸਮੇਂ ਤਕ ਦਾ ਸਮਾਂ ਦੇਣਾ, ਪਿੱਛੋਂ ਫਿਰ ਬੁਲਾ ਕੇ ਜਪੁ ਜੀ ਸਾਹਿਬ ਤੇ ਕਦੇ ਸੁਖਮਨੀ ਸਾਹਿਬ ਦਾ ਪਾਠ ਲਗਾਤਾਰ ਸੁਣਦੇ ਰਹਿਣਾ। ਪਿਛਲੇ ਪਹਿਰ ਤਕ ਫਿਰ ਕਦੇ-ਕਦੇ ਰਾਤ ਨੂੰ ਵੀ ਪਾਠ ਸੁਣਨਾ ਤੇ ਬਚਨ ਕਰਨਾ, "ਸ਼ੁੱਧ ਹੈ।"

**ਦਿਨੁ ਰਾਤੀ ਆਰਾਧਹੁ ਪਿਆਰੋ ਨਿਮਖੁ ਨ ਕੀਜੈ ਢੀਲਾ॥**
**ਸੰਤ ਸੇਵਾ ਕਰਿ ਭਾਵਨੀ ਲਾਈਐ ਤਿਆਗਿ ਮਾਨੁ ਹਠੀਲਾ॥੧॥**

*(ਗੂਜਰੀ ਮਹਲਾ ੫, ਅੰਗ ੪੯੮)*

ਵਾਲੀ ਹਾਲਤ ਬਣ ਗਈ। ਲਗਾਤਾਰ ਰੋਜ਼ ਪਾਠ ਕਰਨ ਨਾਲ ਸਰੀਰਕ ਖੇਚਲ ਵੱਧ ਗਈ। ਬਾਬਾ ਜੀ ਅੰਤਰਜਾਮੀ ਜਾਣ ਗਏ ਕਿ ਸਰੀਰਕ ਤਕਲੀਫ਼ ਬਹੁਤ ਹੋ ਗਈ ਹੈ। ਫਿਰ ਹਜ਼ੂਰੀ ਵਿਚ ਸੱਦ ਕੇ ਬਚਨ ਕੀਤਾ, "ਤੁਸੀਂ ਬਹੁਤ ਥੱਕ ਗਏ ਹੋਵੋਗੇ, ਸੇਵਾ ਕਰ ਕੇ, ਨਾਮ ਜਪ ਕੇ ਜੋ ਥਕੇਵਾਂ ਹੁੰਦਾ ਹੈ, ਉਸ ਦਾ ਫਲ ਸੁਖ ਰੂਪ ਹੈ। ਆਉ, ਤੁਹਾਨੂੰ ਉਹ ਸੁਖ ਵਿਖਾਈਏ।" ਕੋਲ ਬਿਠਾ ਕੇ ਰਤਨ ਸਿੰਘ ਡਰੋਲੀ ਤੇ ਜੈ ਕੌਰ ਦੇ ਸਿਰ 'ਤੇ ਹੱਥ ਰੱਖ ਕੇ ਬਚਨ ਕੀਤਾ, "ਬੋਲੋ ਵਾਹਿਗੁਰੂ-ਵਾਹਿਗੁਰੂ।"

ਫਿਰ ਕੀ ਵੇਖਿਆ ਤੇ ਅਨੁਭਵ ਕੀਤਾ। ਗੁਰਵਾਕ ਹੈ:

**ਘਰ ਮਹਿ ਘਰੁ ਦੇਖਾਇ ਦੇਇ**
**ਸੋ ਸਤਿਗੁਰੁ ਪੁਰਖੁ ਸੁਜਾਣੁ॥**
**ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ॥**
**ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥**
**ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ॥**
**ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵਲਾਇ॥**
**ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ॥**
**ਉਲਟਿ ਕਮਲੁ ਅੰਮ੍ਰਿਤਿ ਭਰਿਆ**
**ਇਹੁ ਮਨੁ ਕਤਹੁ ਨ ਜਾਇ॥**
**ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ॥**

**ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ॥**
**ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ॥**

*(ਮਲਾਰ ਮਹਲਾ ੧, ਅੰਗ ੧੨੯੧)*

ਪਤਾ ਨਹੀਂ ਕਦੋਂ ਸਿਰ ਤੋਂ ਹੱਥ ਚੁੱਕਿਆ। ਉਸੇ ਵੇਲੇ ਹੀ ਪਤਾ ਲੱਗਾ ਜਿਸ ਵੇਲੇ ਆਵਾਜ਼ ਦੇ ਕੇ ਸਾਵਧਾਨ ਕੀਤਾ ਅਤੇ ਬਚਨ ਕੀਤਾ, "ਕਿਉਂ ਵੇਖਿਆ ਆਨੰਦ ਕੈਸਾ ਹੈ। ਇਹ ਹੈ ਅਸਲ ਆਨੰਦ। ਜੇ ਤੁਸੀਂ ਫੁਰਨਾ ਨਾ ਕਰਦੇ ਤਾਂ ਤੁਹਾਨੂੰ ਇਹ ਛੇਤੀ ਮਿਲ ਜਾਣਾ ਸੀ।" ਉਸ ਸਮੇਂ ਸਰੀਰਕ ਤਕਲੀਫ਼ ਤੇ ਥਕਾਵਟ ਦੂਰ ਹੋ ਚੁੱਕੀ ਸੀ। ਸਰੀਰ ਹਲਕਾ ਫੁੱਲ ਵਰਗਾ ਸੀ, ਅਖ਼ੀਰ 'ਤੇ ਬਚਨ ਕੀਤਾ, "ਹੁਣ ਤੁਹਾਡੀ ਮਹਾਂਪੁਰਖਾਂ ਨਾਲ ਪੱਕੀ ਗੰਢ ਪੈ ਗਈ। ਇਥੇ ਜਿੰਨੀ ਸੇਵਾ ਹੋ ਸਕੇ, ਕਰੋ। ਸ਼ੁੱਧ ਹੈ।"

(ਇਹ ਪ੍ਰਸੰਗ ਮਾਤਾ-ਪਿਤਾ ਪਾਸੋਂ ਮਿਲਿਆ।)

## ਏਕੁ ਤੂ ਹੋਰਿ ਵੇਸ ਬਹੁ ਤੇਰੇ॥ ਨਾਨਕੁ ਜਾਣੈ ਚੋਜ ਨ ਤੇਰੇ॥

ਬਾਬਾ ਮਹਾਂ ਹਰਿਨਾਮ ਸਿੰਘ ਜੀ ਦੇ ਸਮੇਂ ਇਕ ਮੋਰ ਹੁੰਦਾ ਸੀ। ਹਜ਼ੂਰ ਉਸ ਨੂੰ 'ਆਲਾ' ਕਹਿ ਕੇ ਬੁਲਾਉਂਦੇ ਸਨ ਤੇ ਉਸ ਨੂੰ ਚੂਰੀ ਕੁੱਟ ਕੇ ਆਪਣੇ ਹੱਥੀਂ ਖੁਆਉਣੀ। ਮੋਰ ਤਾਂ ਹੋਰ ਵੀ ਬੇਅੰਤ ਸਨ, ਪਰ ਚੂਰੀ ਇਸ ਇਕੱਲੇ ਨੂੰ ਹੀ ਮਿਲਦੀ ਸੀ ਅਤੇ ਰੋਜ਼ਾਨਾ ਮਿਲਦੀ ਸੀ। ਕਦੇ-ਕਦੇ ਹਜ਼ੂਰ ਨੇ ਆਵਾਜ਼ ਦੇਣੀ, "ਆਲਿਆ" ਤਾਂ ਇਸ ਨੇ ਜਿਥੇ ਵੀ ਬੈਠੇ ਹੋਣਾ, ਉਥੋਂ ਹੀ ਆਵਾਜ਼ ਦੇਣੀ ਤੇ ਉੱਡ ਕੇ ਬਾਬਾ ਜੀ ਦੇ ਆਸਣ ਉੱਤੇ ਆ ਬੈਠਣਾ। ਆ ਕੇ ਬਾਬਾ ਜੀ ਦੇ ਅੱਗੇ ਪਿੱਛੇ ਖੇਡਣਾ ਤੇ ਉੱਡ-ਉੱਡ ਕੇ ਬੈਠਦਾ। ਘੰਟਿਆਂ ਬੱਧੀ ਬਾਬਾ ਜੀ ਦੇ ਆਸਣ ਉੱਤੇ ਲਿਟਦੇ ਰਹਿਣਾ। ਇਕ ਦਿਨ ਭਜਨ ਸਿੰਘ ਨੇ ਬੇਨਤੀ ਕੀਤੀ, "ਮਹਾਰਾਜ, ਇਹ ਆਲਾ ਕੌਣ ਹੈ ?" ਅੱਗੋਂ ਬਾਬਾ ਜੀ ਨੇ ਬਚਨ ਕੀਤਾ, "ਇਹ ਆਲਾ ਸਾਡਾ ਭਰਾ ਹੈ, ਜਦੋਂ ਅਸੀਂ ਛੋਟੀ ਉਮਰ

ਵਿਚ ਘਰ ਹੁੰਦੇ ਸਨ, ਅਸੀਂ ਰਾਤ ਨੂੰ ਸੌਂਦੇ ਨਹੀਂ ਸੀ, ਇਹ ਸਾਨੂੰ ਘੂਰ ਕੇ ਲੰਮਾ ਪਾ ਦਿੰਦਾ ਸੀ। ਜਦੋਂ ਅਸੀਂ ਵੱਡੇ ਹੋ ਕੇ ਬਾਹਰ ਤਪੱਸਿਆ ਕਰਨ ਜਾਣਾ, ਇਸ ਨੇ ਹਰ ਵੇਲੇ ਸਾਡਾ ਪਿੱਛਾ ਕਰਨਾ। ਅਸੀਂ ਨੀਂਦ ਤੋਂ ਬਚਣ ਲਈ ਖੂਹ ਵਿਚ ਲੱਤਾਂ ਲਮਕਾ ਕੇ ਬੈਠ ਜਾਣਾ, ਇਸ ਨੇ ਸਾਨੂੰ ਖਿੱਚ ਕੇ ਲਿਆਉਣਾ, ਮੱਲੋਮੱਲੀ ਰੋਟੀ ਸਾਡੇ ਮੂੰਹ ਵਿਚ ਪਾਉਣੀ। ਕਰਮ ਫਲ ਹੈ, ਇਹ ਮੋਰ ਬਣ ਗਿਆ ਤੇ ਹੁਣ ਸਾਡੇ ਕੋਲ ਆ ਗਿਆ ਹੈ। ਅੱਗੇ ਵਾਸਤੇ ਇਸ ਦਾ ਲੇਖਾ ਸਾਫ਼, ਹੁਣ ਦਰਗਾਹ  ਜਾਏਗਾ।" ਕੁਝ ਦਿਨਾਂ ਤੋਂ ਬਾਅਦ ਇਕ ਦਿਨ ਸਵੇਰ ਸਾਰ ਜਦੋਂ ਮਹਾਰਾਜ ਦੇ ਆਸਣ ਦਾ ਦਰਵਾਜ਼ਾ ਖੋਲ੍ਹਿਆ, ਸੰਗਤ ਮੱਥਾ ਟੇਕਣ ਵਾਸਤੇ ਆਈ। ਸਭ ਨੇ ਨਮਸਕਾਰ ਕਰਨ ਉਪਰੰਤ ਹਜ਼ੂਰ ਨੇ ਹੁਕਮ ਕੀਤਾ, "ਨੀਲਾ ਸਿੰਆਂ, ਆਲੇ ਨੂੰ ਭਾਲੋ, ਕਿਥੇ ਹੈ ?" ਜਿਥੇ ਅੱਗੇ ਰੋਜ਼ ਬੈਠਦਾ ਸੀ, ਉਥੇ ਜਾ ਕੇ ਵੇਖਿਆ ਤਾਂ ਮੋਰ ਜ਼ਮੀਨ 'ਤੇ ਡਿੱਗਾ ਪਿਆ ਸੀ। ਭਾਗੀ ਵਾਂਦਰ ਵਾਲੇ ਨਿੱਕਾ ਸਿੰਘ ਨੇ ਵੇਖ ਕੇ ਦੱਸਿਆ, "ਮਹਾਰਾਜ, ਆਲਾ ਤਾਂ ਭੁੰਜੇ ਡਿੱਗਾ ਪਿਆ ਹੈ।" ਬਾਬਾ ਜੀ ਨੇ ਬਚਨ ਕੀਤਾ, "ਜਾਓ, ਛੇਤੀ ਕਰੋ, ਚੁੱਕ ਲਿਆਉ।" ਹੁਕਮ ਅਨੁਸਾਰ ਚੁੱਕ ਕੇ ਹਜ਼ੂਰ ਦੇ ਅੱਗੇ ਲਿਆ ਰੱਖਿਆ, ਅਜੇ ਕੁਝ ਸਵਾਸ ਬਾਕੀ ਸਨ ਅਤੇ ਮੋਰ (ਆਲਾ) ਥੋੜ੍ਹਾ-ਥੋੜ੍ਹਾ ਬੋਲ ਰਿਹਾ ਸੀ। ਮਾਨੋ ਆਪਣੇ ਕੀਤੇ ਗੁਨਾਹਾਂ ਦੀ ਭੁੱਲ ਮੰਨ ਰਿਹਾ ਸੀ। ਬਾਬਾ ਜੀ ਆਪਣੇ ਆਸਣ ਤੋਂ ਹੇਠਾਂ ਉੱਤਰ ਆਏ ਤੇ ਕਪੂਰ ਸਿੰਘ ਰਹਰਾਸੀਏ ਨੂੰ ਬਚਨ ਕੀਤਾ, "ਇਸ ਨੂੰ ਜਪੁ ਜੀ ਸਾਹਿਬ ਦਾ ਪਾਠ ਸੁਣਾਉ।" ਪਾਠ ਸ਼ੁਰੂ ਹੋ ਗਿਆ, ਸਮਾਪਤੀ ਦੇ ਨਾਲ ਹੀ ਮੋਰ (ਆਲੇ) ਨੇ ਸਰੀਰ ਤਿਆਗ ਦਿਤਾ। ਨਾਲ ਹੀ ਬਾਬਾ ਜੀ ਨੇ ਬਚਨ ਕੀਤਾ, "ਗਿਆ ਦਰਗਾਹ ਨੂੰ, ਬਖ਼ਸ਼ਿਆ ਗਿਆ।" ਤਿੰਨ ਵਾਰ ਬਚਨ ਕੀਤਾ।

**ਜਿਨ ਕਉ ਕ੍ਰਿਪਾ ਕਰੀ ਜਗਜੀਵਨਿ ਹਰਿ ਉਰਿ ਧਾਰਿਓ ਮਨ ਮਾਝਾ॥**
**ਧਰਮ ਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ॥੫॥**

*(ਜੈਤਸਰੀ ਮਹਲਾ ੪, ਅੰਗ ੬੯੮)*

(ਇਹ ਪ੍ਰਸੰਗ ਮਾਤਾ-ਪਿਤਾ ਪਾਸੋਂ ਮਿਲਿਆ।)

# ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥੧॥

ਇਹਨਾਂ ਦਿਨਾਂ ਵਿਚ ਜੈਤੋ ਦਾ ਮੋਰਚਾ ਬੜੇ ਜ਼ੋਰ ਨਾਲ ਚੱਲ ਰਿਹਾ ਸੀ। ਸੰਤ ਸੰਤੋਖ ਸਿੰਘ ਜੀ ਗੁਰਸਿੱਖ ਜੀਵਨ ਵਾਲੇ ਮਹਾਤਮਾ ਹੋਏ ਹਨ। ਇਹ ਸੰਤ ਸੰਤੋਖ ਸਿੰਘ ਜੀ ਦਾ ਜਨਮ ਨਗਰ ਭੁੱਚੋ ਕਲਾਂ ਹੀ ਹੈ। ਬਡੂਵਾਲਾ ਇਹਨਾਂ ਦੇ ਨਾਨਕੇ ਸਨ। ਕੁਝ ਸਮਾਂ ਬਡੂਵਾਲ ਰਹਿਣ ਕਰ ਕੇ ਬਡੂਵਾਲ ਦੇ ਨਾਮ ਨਾਲ ਮਸ਼ਹੂਰ ਹੋਏ। ਇਹਨਾਂ ਸੰਤ ਸੰਤੋਖ ਸਿੰਘ ਜੀ ਦੇ ਸਿਰ ਹੀ ਸੰਤ ਖੇਮ ਸਿੰਘ ਜੀ ਨੂੰ ਰੂੰਮੀ ਵਾਲੇ ਡੇਰੇ ਵਿਚ ਲਿਆਉਣ ਦਾ ਸਿਹਰਾ ਹੈ। ਇਹਨਾਂ ਦਾ ਨਾਮ ਮੁੱਖ ਹੈ। ਇਹਨਾਂ ਦਾ ਆਪਣਾ ਅਸਥਾਨ ਭੁੱਚੋ ਕਲਾਂ ਵਿਚ ਕਿਲਾ ਸਾਹਿਬ ਦੇ ਨਾਮ ਕਰਕੇ ਗੁਰਦੁਆਰਾ ਮੌਜੂਦ ਹੈ। ਜੈਤੋ ਦੇ ਮੋਰਚੇ ਵੇਲੇ ਸੰਤ ਸੰਤੋਖ ਸਿੰਘ ਜੀ ਗਿਆਰਵੇਂ ਜੱਥੇਦਾਰ ਸਨ। ਇਸ ਨਗਰ ਭੁੱਚੋ ਦੇ ਨੰਬਰਦਾਰ ਲੀਕਲ ਸਿੰਘ ਨੇ ਸੰਤ ਸੰਤੋਖ ਸਿੰਘ ਜੀ ਦੇ ਸਾਰੇ ਜੱਥੇ ਨੂੰ ਇਕ ਜਗ੍ਹਾ ਟਿਕਾ ਕੇ ਪ੍ਰਸ਼ਾਦਾ ਛਕਾਇਆ, ਸੇਵਾ ਕੀਤੀ। ਉਸ ਦੀ ਨੰਬਰਦਾਰੀ ਜ਼ਬਤ ਹੋਈ। ਹੋਰ ਕਈ ਜਥੇ ਭੁੱਚੋ ਨਗਰ ਵਿਚ ਮੌਜੂਦ ਸਨ। ਜਥੇ ਨੂੰ ਟਿਕਾ ਕੇ ਸੰਤ ਸੰਤੋਖ ਸਿੰਘ ਜੀ ਬਾਬਾ ਮਹਾਂ ਹਰਿਨਾਮ ਸਿੰਘ ਜੀ ਦੇ ਦਰਸ਼ਨ ਕਰਨ ਆਏ। ਪਰਸਪਰ ਬੜੇ ਸਤਿਕਾਰ ਨਾਲ ਮਿਲੇ, ਕੀ ਬਚਨ-ਬਿਲਾਸ ਹੋਏ, ਕੋਈ ਪਤਾ ਨਹੀਂ ਲੱਗ ਸਕਿਆ। ਸੰਤ ਸੰਤੋਖ ਸਿੰਘ ਜੀ ਨੇ ਬਾਬਾ ਜੀ ਨੂੰ ਦੱਸਿਆ ਕਿ ਜੈਤੋ ਦਾ ਮੋਰਚਾ ਲੱਗਾ ਹੈ, ਜਥੇ ਜਾ ਰਹੇ ਹਨ। ਗਿਆਰਵਾਂ ਜਥਾ ਲੈ ਕੇ ਅਸੀਂ ਜਾ ਰਹੇ ਹਾਂ ਤਾਂ ਬਾਬਾ ਜੀ ਨੇ ਤੀਹ ਰੁਪਏ ਦਿੱਤੇ। ਸੰਤ ਸੰਤੋਖ ਸਿੰਘ ਜੀ ਨੇ ਹੁਕਮ ਮੰਨ ਕੇ ਲੈ ਗਏ, ਨਾਲ ਹੀ ਬਾਬਾ ਜੀ ਨੇ ਬਚਨ ਕੀਤਾ, "ਇਹ ਕੌਮ ਦੀ ਸੇਵਾ ਵਿਚ ਲਾ ਦੇਣਾ।" ਉਪਰੰਤ ਸੰਤ ਸੰਤੋਖ ਸਿੰਘ ਜੀ ਨੇ ਤੀਹ ਰੁਪਏ ਭੁੱਚੋ ਨਗਰ ਦੇ ਦੋ ਪ੍ਰੇਮੀਆਂ,

ਜਿਨ੍ਹਾਂ ਦੇ ਨਾਮ ਪਾਲਾ ਸਿੰਘ ਨੱਤ ਤੇ ਰਾਮ ਸਿੰਘ ਸਮਾਘ ਸਨ, ਨੂੰ ਦੇ ਕੇ ਕਿਹਾ, "ਇਹ ਮਾਇਆ ਸ੍ਰੀ ਅੰਮ੍ਰਿਤਸਰ ਪਹੁੰਚਾ ਦੇਣੀ।" ਆਪ ਸੰਤ ਸੰਤੋਖ ਸਿੰਘ ਜੀ ਜੈਤੋ ਵਾਲੇ ਮੋਰਚੇ ਵਿਚ ਚਲੇ ਗਏ। ਸੰਤ ਸੰਤੋਖ ਸਿੰਘ ਜੀ ਸੰਤ ਸੇਵੀ ਸਨ। ਸ੍ਰੀ ਬਾਬਾ ਮਹਾਂ ਹਰਿਨਾਮ ਸਿੰਘ ਜੀ ਦਾ ਸਤਿਕਾਰ ਕਰਨ ਵਾਲੇ ਸਨ।

(ਇਹ ਪ੍ਰਸੰਗ ਕਾਕਾ ਜੋਗਿੰਦਰ ਸਿੰਘ ਢਿੱਲੋਂ ਪਾਸੋਂ ਮਿਲਿਆ।)

# ਜੋ ਤੂ ਕਰਹਿ ਕਰਾਵਹਿ ਸੁਆਮੀ ਸਾ ਮਸਲਤਿ ਪਰਵਾਣੁ ॥

ਬਾਬਾ ਮਹਾਂ ਹਰਿਨਾਮ ਸਿੰਘ ਜੀ ਮਹਾਰਾਜ ਅੱਠੀਂ ਦਿਨੀਂ ਕਦੇ-ਕਦੇ ਇਸ ਤੋਂ ਵੱਧ ਦਿਨ ਕਰ ਕੇ ਦੁੱਧ ਛਕਿਆ ਕਰਦੇ ਸਨ। ਕਦੇ ਕਿਸੇ ਸਮੇਂ ਦੁੱਧ ਦੀ ਖ਼ੁਰਾਕ ਵੀ ਘੱਟ ਕਰ ਦੇਣੀ, ਘੱਟ ਕਰਦਿਆਂ-ਕਰਦਿਆਂ ਪਾਈਆ ਦੁੱਧ 'ਤੇ ਆ ਜਾਣਾ ਛਕਣਾ ਫਿਰ ਵੀ ਅੱਠ ਦਿਨ ਤੋਂ ਬਾਅਦ, ਉਪਰੰਤ ਫਿਰ ਵਧਾਉਂਦਿਆਂ-ਵਧਾਉਂਦਿਆਂ ਖ਼ੁਰਾਕ ਪੂਰੀ ਕਰ ਲੈਣੀ।

(2)

ਇਕ ਦਿਨ ਭਾਈ ਰਤਨ ਸਿੰਘ ਡਰੋਲੀ ਦੇ ਘਰੋਂ ਜੈ ਕੌਰ ਨੂੰ ਸੱਦ ਕੇ ਬਚਨ ਕੀਤਾ, "ਦੇਵੀ, ਅਸੀਂ ਤੈਨੂੰ ਦੋ ਬਚਨ ਕਰਦੇ ਹਾਂ ਤੂੰ ਇਹਨਾਂ ਨੂੰ ਨਿਭਾਉਣਾ ਹੋਏਗਾ ਸਾਰੀ ਜ਼ਿੰਦਗੀ।" ਜੈ ਕੌਰ ਨੇ ਬੇਨਤੀ ਕੀਤੀ ਮਹਾਰਾਜ ਹੁਕਮ ਕਰੋ। ਫਿਰ ਬਚਨ ਕੀਤਾ, "ਇਕ ਤਾਂ ਕੱਚਾ ਜਾਂ ਪੱਕਾ ਅੰਬ ਨਹੀਂ ਖਾਣਾ, ਦੂਜਾ ਤੂੰ ਵੜੀਆਂ ਦੀ ਦਾਲ ਨਹੀਂ ਖਾਣੀ, ਅਸੀਂ ਬਹੁਤ ਸਮਾਂ ਅੱਗ ਦੇ ਮੱਥੇ ਨਹੀਂ ਲੱਗੇ ਜੇ ਤੂੰ ਅੰਬ ਵਰਤਿਆ ਜਾਂ ਵੜੀਆਂ ਖਾਧੀਆਂ ਤੈਨੂੰ ਅਸੀਂ ਮੱਚਦੀ ਅੱਗ ਵਿਚ ਖੜੇ ਦਿਸਾਂਗੇ।" ਜਿਸ ਸਮੇਂ ਭਾਈ ਰਤਨ ਸਿੰਘ

ਡਰੋਲੀ ਅਤੇ ਜੈ ਕੌਰ ਭੁੱਚੋ ਤੋਂ ਕਲੇਰੀਂ ਨਾਨਕਸਰ ਸੇਵਾ ਵਿਚ ਆਏ ਇਕ ਦਿਨ ਜੈ ਕੌਰ ਨੇ ਭਾਈ ਰਤਨ ਸਿੰਘ ਡਰੋਲੀ ਤੋਂ ਬੇਨਤੀ ਕਰ ਕੇ ਬਾਬਾ ਅਨੰਦੁ ਸਿੰਘ ਜੀ ਸਤਿਗੁਰੂ ਦੇ ਭੋਗ ਵਾਲਾ ਸੀਤ ਪ੍ਰਸ਼ਾਦ ਜਿਸ ਵਿਚੋਂ ਕੁਝ ਬਾਬਾ ਅਨੰਦੁ ਸਿੰਘ ਵਰਤਦੇ ਸਨ ਉਸ ਵਿਚੋਂ ਕੁਛ ਪ੍ਰਸ਼ਾਦ ਮੰਗ ਕੇ ਖਾ ਲਿਆ। ਕਲੇਰੀਂ ਪਿੰਡ ਮੰਗਵਾ ਕੇ ਵਿਚ ਕੁਝ ਅੰਬ ਦਾ ਪ੍ਰਸ਼ਾਦ ਵੀ ਸੀ ਇਹ ਸੋਚ ਕੇ ਕਿ ਭੇਜਿਆ ਤਾਂ ਭੁੱਚੋ ਵਾਲਿਆਂ ਨੇ ਇਥੇ ਹੈ, ਕੀ ਹਰਜ਼ ਹੈ ਖਾ ਲਵੋ। ਉਸੇ ਦਿਨ ਬਾਬਾ ਅਨੰਦ ਸਿੰਘ ਜੀ ਨੇ ਤੜਕੇ-ਤੜਕੇ ਹੀ ਬੁਲਾ ਕੇ ਬਚਨ ਕੀਤਾ, ਡਰੋਲੀ ਰਾਤ ਸਾਨੂੰ ਭੁੱਚੋ ਵਾਲਿਆਂ ਨੇ ਤਾੜਿਆ ਹੈ ਕੀ ਗੱਲ ਹੈ ਘਰੋਂ ਪਤਾ ਕਰੋ ਜਿਸ ਸਮੇਂ ਘਰੋਂ ਜੈ ਕੌਰ ਕੋਲੋਂ ਪਤਾ ਕੀਤਾ ਤਾਂ ਇਸ ਨੇ ਭੁੱਚੋ ਵਾਲਿਆਂ ਦਾ ਉਪਰੋਕਤ ਬਚਨ ਦੱਸਿਆ ਨਾਲ ਹੀ ਜੈ ਕੌਰ ਨੇ ਦੱਸਿਆ ਕਿ ਰਾਤ ਮੈਨੂੰ ਭੁੱਚੋ ਵਾਲੇ ਮੱਚਦੀ ਅੱਗ ਵਿਚ ਖੜੇ ਦਿਸੇ ਹਨ। ਇਹ ਬਚਨ ਸੁਣ ਕੇ ਬਾਬਾ ਅਨੰਦ ਸਿੰਘ ਜੀ ਨੇ ਬਚਨ ਕੀਤਾ, "ਡਰੋਲੀ ਜੋ ਵੱਡਿਆਂ ਦਾ ਬਚਨ ਹੈ, ਉਸ ਦੀ ਉਲੰਘਣਾ ਨਹੀਂ ਕਰਨੀ।"

ਜਾਸ ਹੁਕਮ ਕਰ ਅਗਨ ਅਹੈ ਸਭ ਕਾਸਟ ਮਾਹੀ॥
ਰਹੇ ਬਸਤ ਸਭ ਥਾਨ ਹੁਕਮ ਬਿਨ ਜਾਰਤ ਨਾਹੀ॥
ਜਾਸ ਹੁਕਮ ਕਰ ਬ੍ਰਹਮਾ ਨੇ ਸਭ ਸ੍ਰਿਸ਼ਟ ਬਨਾਈ॥
ਜਾਸ ਹੁਕਮ ਕਰ ਬਿਸ਼ਨ ਜਗਤ ਕੋ ਪਾਲਤ ਆਹੀ॥
ਸ਼ਿਵ ਨਾਰਦ ਤੇਤੀ ਕਰੋੜ ਜਾਸ ਹੁਕਮ ਮਹਿ ਰਹਿ ਸਦਾ॥
ਸੋ ਰੂਪ ਮਹਾਂ ਹਰਿਨਾਮ ਸਿੰਘ ਅਨੰਦ ਸਿੰਘ ਸੇ ਨਹਿ ਜੁਦਾ॥

**ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ॥**
**ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ॥**

*(ਮ. ਡ. ਮ. ੫, ਅੰਗ ੧੧੦੨)*

(ਇਹ ਪ੍ਰਸੰਗ ਮਾਤਾ-ਪਿਤਾ ਪਾਸੋਂ ਮਿਲਿਆ।)

# ਜੈਕਾਰੁ ਕੀਓ ਧਰਮੀਆ ਕਾ
# ਪਾਪੀ ਕਉ ਡੰਡੁ ਦੀਓਇ ॥

ਜੱਸੀ ਪੌਂ ਵਾਲੀ, ਸੰਤ ਬਹਾਲ ਦਾਸ ਜੀ ਦਾ ਸੇਵਕ ਇਕ ਗੁਰਮੁਖ ਪਰਿਵਾਰ ਸੀ। ਜੱਸੀ ਪੌਂ ਵਾਲੀ ਤੋਂ ਆ ਕੇ ਡੇਰੇ ਸੇਵਾ ਕਰਦਾ ਹੁੰਦਾ ਸੀ। ਇਸ ਪਰਿਵਾਰ ਦੇ ਨਾਮ 'ਤੇ ਸੰਤ ਬਹਾਲ ਦਾਸ ਜੀ ਦੇ ਉੱਤੇ ਕਿਸੇ ਨਿੰਦਕ ਨੇ ਗ਼ਲਤ ਦੂਸ਼ਨ ਲਗਾ ਦਿੱਤਾ ਤੇ ਇਹੋ ਗੱਲ ਬਾਬਾ ਮਹਾਂ ਹਰਿਨਾਮ ਸਿੰਘ ਜੀ ਪਾਸ ਕਰ ਕੇ ਕਿਹਾ, "ਜੀ, ਤੁਹਾਡੇ ਬਹਾਲ ਦਾਸ ਨੇ ਆਹ ਕੰਮ ਕਰ ਦਿੱਤਾ।" ਹਜ਼ੂਰ ਨੇ ਉਸੇ ਸਮੇਂ ਹੀ ਹੁਕਮ ਕੀਤਾ, "ਸੱਦੋ ਬਹਾਲ ਦਾਸ ਨੂੰ।" ਆਪ ਤਾਂ ਸਭ ਕੁਝ ਜਾਣਦੇ ਸਨ ਪਰ ਇਸ ਬਹਾਨੇ ਪਾਪੀ ਪੁਰਸ਼ ਨੂੰ ਜ਼ਾਹਰ ਕਰਨਾ ਸੀ। ਹੁਕਮ ਅਨੁਸਾਰ ਸੰਤ ਬਹਾਲ ਦਾਸ ਜੀ ਵੀ ਡੇਰੇ ਪਹੁੰਚ ਗਏ। ਨਾਲ ਹੀ ਸੰਤ ਮੰਡਲੀ ਅਤੇ ਕੁਝ ਸੰਗੀ ਅਤੇ ਕੁਝ ਬਾਹਰਲੀ ਸੰਗਤ ਵੀ ਉਸ ਸਮੇਂ ਬੈਠੀ ਸੀ। ਜਿਸ ਸਮੇਂ ਸੰਤ ਬਹਾਲ ਦਾਸ ਜੀ ਨੇ ਹਜ਼ੂਰ ਦੇ ਚਰਨਾਂ ਵਿਚ ਨਮਸਕਾਰ ਕੀਤੀ। ਤਤਕਾਲ ਹੀ ਬਾਬਾ ਜੀ ਨੇ ਸਿੱਧੇ ਸਪੱਸ਼ਟ ਲਫ਼ਜ਼ਾਂ ਵਿਚ ਬਹਾਲ ਦਾਸ ਜੀ ਨੂੰ ਤਾੜਨਾ ਭਰੇ ਬਚਨਾਂ ਵਿਚ ਉਹ ਗੱਲ ਵੀ ਨਿੰਦਕ ਵਾਲੀ ਕਹਿ ਦਿੱਤੀ। ਬਚਨ ਸੁਣਨ ਸਾਰ ਹੀ ਸੰਤ ਬਹਾਲ ਦਾਸ ਜੀ ਇਕ ਵਾਰ ਸਿਰ ਤੋਂ ਪੈਰਾਂ ਤਕ ਕੰਬ ਗਏ ਅਤੇ ਹੱਥ ਜੋੜ ਕੇ ਸ੍ਰੀ ਬਾਬਾ ਮਹਾਂ ਹਰਿਨਾਮ ਸਿੰਘ ਜੀ ਅੱਗੇ ਨਮਸਕਾਰ ਕਰ ਕੇ ਖੜ੍ਹੇ ਹੋ ਕੇ ਬਚਨ ਕੀਤਾ, "ਗ਼ਰੀਬ ਨਿਵਾਜ, ਜਿਸ ਨੇ ਇਹ ਕੰਮ ਕੀਤਾ ਹੈ, ਉਸ ਨੂੰ ਪੱਥਰਾਂ ਦੀ ਮਾਰ ਪਵੇ।" ਉਸੇ ਵੇਲੇ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਬਚਨ ਕੀਤਾ, "ਆਹ ਲੈ, ਹੋ ਗਿਆ ਕੰਮ। ਬਹਾਲ ਦਾਸ ਤਾਂ ਸੱਚਾ-ਸੁੱਚਾ ਹੈ।" ਬਹਾਲ ਦਾਸ ਜੀ ਦਾ ਬਚਨ ਕਿ 'ਜਿਸ ਨੇ ਇਹ ਕੰਮ ਕੀਤਾ ਹੈ, ਉਸ ਨੂੰ ਪੱਥਰਾਂ ਦੀ ਮਾਰ ਪਵੇ' ਅਤੇ ਬਾਬਾ ਜੀ ਦਾ ਬਚਨ 'ਆਹ ਲੈ ਹੋ ਗਿਆ ਕੰਮ' ਇਹ ਬਚਨ

ਅਮੋਘ ਬਾਣ ਹੋ ਕੇ ਵਰਤੇ। ਇਸ ਪਾਪ ਕਰਮ ਦਾ ਹਿੱਸੇਦਾਰ, ਉਸ ਪਰਿਵਾਰ ਦਾ ਹੀ ਇਕ ਮੈਂਬਰ ਸੀ। ਉਸ ਨੂੰ ਨਿੱਕੀਆਂ-ਨਿੱਕੀਆਂ ਰੋੜੀਆਂ ਹਰ ਸਮੇਂ ਤੁਰਦੇ, ਫਿਰਦੇ, ਬੈਠੇ, ਪਏ ਤੋਂ ਵੱਜਦੀਆਂ ਰਹਿਣ। ਕਈ ਵਾਰ ਰਾਤ ਨੂੰ ਦਰਵਾਜ਼ਾ ਬੰਦ ਕਰ ਕੇ, ਦੋ-ਦੋ ਤਿੰਨ-ਤਿੰਨ ਕਮਰਿਆਂ ਵਿਚ ਜਾ ਪੈਣਾ, ਰੋੜੀਆਂ ਫਿਰ ਵੀ ਵੱਜਣੀਆਂ। ਫੂਸ ਮੰਡੀ ਨਗਰ ਤੇ ਨਥਾਣਾ ਦੋ ਨਗਰਾਂ ਵਿਚ ਉਸ ਦੀ ਰਿਸ਼ਤੇਦਾਰੀ ਸੀ। ਇਸ ਪਾਪ ਅਤੇ ਪਾਪ-ਕਰਮ ਦੇ ਫਲ ਨੇ ਉਸ ਦੀ ਜਾਨ ਲੈ ਲਈ। ਸਿਆਣਿਆਂ ਦਾ ਕਥਨ ਹੈ:

**ਸਾਧ ਦੁਖਾਏ ਤੀਨ ਹਾਨ, ਧਰਮ, ਅਰਥ, ਅਰ ਬੰਸ।**
**ਤੀਨੋ ਕੋ ਹੀ ਦੇਖ ਲੈ, ਰਾਵਨ, ਕੈਰੋਂ, ਕੰਸ।**

(ਇਹ ਬਚਨ ਮਾਤਾ-ਪਿਤਾ ਤੇ ਫਿਰ ਹੰਸ ਮੁਨੀ ਜੀ ਜੱਸੀ ਪੌ ਵਾਲੀ ਵਾਲੇ ਡੇਰੇ ਤੋਂ ਮਿਲਿਆ।)

# ਜੈਸੀ ਆਸਾ ਤੈਸੀ ਮਨਸਾ॥
# ਜੈਸੀ ਮਨਸਾ ਤੈਸੀ ਦਸਾ॥

ਸ੍ਰੀ ਬਾਬਾ ਮਹਾਂ ਹਰਿਨਾਮ ਸਿੰਘ ਜੀ ਦੇ ਦਰਸ਼ਨ ਜੈਸੀ ਮਨਸਾ ਕਰ ਕੇ ਕਿਸੇ ਨੇ ਕੀਤੇ ਕਈ ਵਾਰ ਤਾਂ ਤਤਕਾਲ ਹੀ ਫਲ ਮਿਲਦਾ ਸੀ। ਦੋ ਜ਼ਿਮੀਂਦਾਰ ਮਹੀਆਂ ਦਾ ਵਪਾਰ ਕਰਦੇ ਸਨ। ਮਹੀਆਂ ਖ਼ਰੀਦ ਕੇ ਮੁੜਦੇ ਹੋਏ ਮਹੀਆਂ ਬਾਹਰ ਬੰਨ ਕੇ ਦਰਸ਼ਨ ਕਰਨ ਆਏ। ਅੱਧਾ ਕੁ ਘੰਟਾ ਬੈਠ ਕੇ ਆਗਿਆ ਲੈ ਕੇ ਬਾਹਰ ਆਏ ਤਾਂ ਮਹੀਆਂ ਵੇਖੀਆਂ ਜਿਹੜੀਆਂ ਬੇਵਕਤ ਬੱਚੇ ਸਿੱਟੀ ਬੈਠੀਆਂ ਸਨ, ਸਾਰਾ ਸੂਆ ਹੀ ਬੇਕਾਰ ਹੋ ਗਿਆ ਨਾ ਹੀ ਮੱਝਾਂ ਵਿਕਣੀਆਂ ਸਨ, ਸਾਰੀ ਰਕਤ ਸਿਰ ਟੁੱਟ ਗਈ ਸੀ, ਨਿਰਾਸ਼ ਹੋ ਕੇ ਫਿਰ ਬਾਬਾ ਜੀ ਕੋਲ ਮਹੀਆਂ ਵਾਲੀ ਵਿਥਿਆ ਜਾ ਦੱਸੀ। ਸੁਣ ਕੇ ਬਾਬਾ ਜੀ ਨੇ ਬਚਨ ਕੀਤਾ, "ਤੁਸੀਂ ਦੋਵੇਂ ਦਰਸ਼ਨ ਕਰਨ ਆਉਣ ਦੀ ਸਲਾਹ ਕਰਦੇ ਹੋਏ ਆਖਦੇ ਸੀ ਸਾਧ ਵਾਲਾ ਵੀ ਕੱਟਾ-ਕੱਟੀ ਵੀ ਕੱਢ ਚੱਲੀਏ ਸਾਈਂ

ਲੋਕੋ ਸਾਧਾਂ ਦੇ ਤਾਂ ਕੱਟੀ-ਕੱਟਾ ਨਹੀਂ ਹੁੰਦੇ ਕੱਟੇ-ਕੱਟੀਆਂ ਤਾਂ ਮਹੀਆਂ ਦੇ ਹੁੰਦੇ ਹਨ, ਉਹਨਾਂ ਦੇ ਨਿਕਲ ਗਏ ਹਨ। ਤੁਹਾਡੀ ਮਨਸਾ ਦਾ ਹੀ ਫਲ ਹੈ।" ਉਪਰੰਤ ਉਹ ਦੋਵੇਂ ਪ੍ਰੇਮੀ ਉਦਾਸ ਜਿਹੇ ਮਨ ਨਾਲ ਵਾਪਸ ਮੁੜ ਗਏ।

(ਇਹ ਬਚਨ ਲਾਭ ਸਿੰਘ ਸੇਵਾਦਾਰ ਮਾਣੂ ਕੇ ਨਿਵਾਸੀ ਪਾਸੋਂ ਮਿਲਿਆ।)

# ਇਨਿ ਮਾਇਆ ਜਗਦੀਸ ਗੁਸਾਈ ਤੁਮਰੇ ਚਰਨ ਬਿਸਾਰੇ ॥

ਭਾਈ ਰਤਨ ਸਿੰਘ ਡਰੋਲੀ ਅਤੇ ਜੈ ਕੋਰ ਨੇ ਬੇਨਤੀ ਕੀਤੀ, "ਮਹਾਰਾਜ, ਅਸੀਂ ਘਰ ਜਾਣਾ ਹੈ। ਕੰਮ ਹੈ, ਸਾਨੂੰ ਆਗਿਆ ਦਿਉ।" ਹਜ਼ੂਰ ਨੇ ਆਖਿਆ, "ਨਹੀਂ, ਕੋਈ ਆਗਿਆ ਨਹੀਂ। ਘਰ ਅਸੀਂ ਆਪੇ ਤੋਰ ਦਿਆਂਗੇ।" ਉਪਰੰਤ ਕਈ ਵਾਰ ਆਗਿਆ ਮੰਗੀ, ਬਾਬਾ ਜੀ ਹਰ ਵਾਰ ਜਵਾਬ ਦੇ ਦਿੰਦੇ ਰਹੇ, ਪਰੰਤੂ ਬਹੁਤਾ ਕਹਿਣ ਤੇ ਬਚਨ ਕੀਤਾ, "ਤਿੰਨ ਸ਼ਰਤਾਂ 'ਤੇ ਆਗਿਆ ਮਿਲੇਗੀ ਜੇ ਨਾ ਜਾਓ ਤਾਂ ਚੰਗਾ ਹੈ।

1. ਪਿੰਡ ਜਾ ਕੇ ਡਰੋਲੀ ਪਿੰਡ ਦੀ ਜੂਹ ਤੋਂ ਬਾਹਰ ਨਹੀਂ ਨਿਕਲਣਾ।
2. ਇਕ ਰਾਤ ਤੋਂ ਵੱਧ ਘਰ ਨਹੀਂ ਰਹਿਣਾ ਤੇ ਨਿਤਨੇਮ ਨਹੀਂ ਛੱਡਣਾ।
3. ਤੁਹਾਡੇ ਆਂਢ-ਗੁਆਂਢ ਕੋਈ ਜੰਮੇ, ਕੋਈ ਮਰੇ, ਤੁਸੀਂ ਕਿਸੇ ਦੇ ਘਰ ਨਹੀਂ ਜਾਣਾ। ਨਾਲ ਹੀ ਬਚਨ ਕੀਤਾ, "ਅਸੀਂ ਖ਼ੁਸ਼ੀ ਨਾਲ ਨਹੀਂ ਤੋਰ ਰਹੇ, ਨਾ ਜਾਓ ਤਾਂ ਚੰਗਾ ਹੈ।"

ਇਸ ਤੋਂ ਬਾਅਦ ਭਾਈ ਰਤਨ ਸਿੰਘ ਡਰੋਲੀ ਤੇ ਜੈ ਕੌਰ ਘਰ ਆ ਗਏ। ਅੱਗੇ ਤਲਵੰਡੀ ਭਾਈ ਕੀ ਤੋਂ ਬਿਸ਼ਨ ਸਿੰਘ ਨਾਮ ਦਾ ਸਿੰਘ ਆਇਆ ਬੈਠਾ ਸੀ। ਉਹ ਆਪਣੇ ਕੰਮ 'ਸਾਫੂ ਵਾਲੇ' ਨਗਰ ਨਾਲ ਲੈ ਗਿਆ। ਜਿਸ

ਸਮੇਂ ਡਰੋਲੀ ਦੀ ਜੂਹ ਤੋਂ ਪੈਰ ਬਾਹਰ ਕੱਢਿਆ ਤਾਂ ਸੱਪ ਲੜ ਗਿਆ। ਉਸੇ ਵੇਲੇ ਹੀ ਮਜਬੂਰਨ ਵਾਪਸ ਪਿੰਡ ਮੁੜਨਾ ਪਿਆ। ਰਾਤ ਨੂੰ ਗੁਆਂਢ ਸ਼ਰੀਕੇ ਵਿਚੋਂ ਇਕ ਲੜਕੀ ਮਰ ਗਈ, ਉਥੇ ਜੈ ਕੌਰ ਚਲੀ ਗਈ। ਦੋਹਾਂ ਦਾ ਹੀ ਨਿਤਨੇਮ ਟੁੱਟ ਗਿਆ। ਠੀਕ ਉਸੇ ਵਕਤ ਹੀ ਭੁੱਚੋ ਵਾਲੇ ਬਾਬਾ ਜੀ ਨੇ ਵੱਡੇ ਝੰਡਾ ਸਿੰਘ ਨੂੰ ਭੇਜ ਕੇ ਇਕ ਗਾਰੜੂ ਨੂੰ ਸੱਦ ਲਿਆ। ਤਿੰਨ ਦਿਨ ਗਾਰੜੂ ਨੂੰ ਭੁੱਚੋ ਰੱਖਿਆ, ਜਾਣ ਨਹੀਂ ਦਿੱਤਾ। ਜੇ ਗਾਰੜੂ ਕੰਮ ਪੁੱਛੇ ਤਾਂ ਬਚਨ ਕਰਨਾ, "ਤੂੰ ਮੰਤਰ ਪੜ੍ਹੀ ਚੱਲ।" ਤੀਜੇ ਦਿਨ ਰਤਨ ਸਿੰਘ ਡਰੋਲੀ ਤੇ ਜੈ ਕੌਰ ਮੁੜ ਆਏ ਫਿਰ ਗਾਰੜੂ ਨੂੰ ਤੋਰਿਆ, ਨਾਲ ਬਚਨ ਕੀਤਾ, "ਹੁਣ ਸਾਡੇ ਬੰਦੇ ਆ ਗਏ ਹਨ, ਤੂੰ ਜਾ ਸਕਦਾ ਹੈਂ।" ਜਿਸ ਵਕਤ ਰਤਨ ਸਿੰਘ ਡਰੋਲੀ ਤੇ ਜੈ ਕੌਰ ਨੇ ਸੇਵਾ ਮੰਗੀ ਤਾਂ ਹੁਕਮ ਕੀਤਾ, "ਤੁਹਾਡੀ ਸੇਵਾ ਹੁਣ ਕਲੇਰੀਂ ਮਹਾਂਪੁਰਖਾਂ ਕੋਲ ਚਲੀ ਗਈ ਹੈ, ਉਥੇ ਹੋਏਗੀ।" ਫਿਰ ਬਹੁਤਾ ਸਮਾਂ ਸੇਵਾ ਨਹੀਂ ਦਿੱਤੀ ਤੇ ਨਾ ਹੀ ਮੁੜ ਕੇ ਘਰ ਨੂੰ ਤੋਰਿਆ। ਆਪਣੇ ਕੋਲ ਹੀ ਰੱਖਿਆ।

**ਭੂਲਹਿ ਬਾਰਿਕ ਅਨਿਕ ਲਖ ਬਰੀਆ**
**ਅਨ ਠਉਰ ਨਾਹੀ ਜਹ ਜਾਤਾ॥੧॥**

*(ਮਲਾਰ ਮਹਲਾ ੫, ਅੰਗ ੧੨੬੬)*

**ਜੇ ਅਤਿ ਕ੍ਰੋਪ ਕਰੇ ਕਰਿ ਧਾਇਆ॥**
**ਤਾ ਭੀ ਚੀਤਿ ਨ ਰਾਖਸਿ ਮਾਇਆ॥**

*(ਆਸਾ ਕਬੀਰ ਜੀ, ਅੰਗ ੪੭੮)*

**ਭੂਲ ਚੂਕ ਅਪਨਾ ਬਾਰਿਕੁ ਬਖਸਿਆ ਪਾਰਬ੍ਰਹਮ ਭਗਵਾਨਾ ॥**

*(ਆਸਾ ਮਹਲਾ ੫, ਅੰਗ ੩੮੩)*

# ਜੋ ਤੁਮ ਕਰਹੁ ਸੋਈ ਭਲ ਹਮਰੈ ਪੇਖਿ ਨਾਨਕ ਸੁਖ ਚਰਨਾਰੈ ॥

ਸੇਮੇ ਵਾਲਾ ਪਰਿਵਾਰ ਦੋ ਭਰਾ ਵੱਡਾ ਝੰਡਾ ਸਿੰਘ ਤੇ ਛੋਟਾ ਝੰਡਾ ਸਿੰਘ ਇਹਨਾਂ ਦਾ ਪਿਤਾ ਅਤਰ ਸਿੰਘ ਦਾਦਾ ਗੁਰਦਿੱਤ ਸਿੰਘ ਤਿੰਨ ਪੀੜ੍ਹੀਆਂ ਤੋਂ ਸੇਵਕ ਸਨ। ਵੱਡੇ ਝੰਡਾ ਸਿੰਘ ਦੇ ਸਹੁਰੇ ਪਿੰਡ ਵਾਲਿਆਂ ਵਾਲੀ ਸਨ ਅਤੇ ਇਹਨਾਂ ਸਹੁਰਿਆਂ ਦੀ ਗੋਤ ਸੋਹੀ ਸੀ, ਸੰਬੰਧੀ ਦਾ ਨਾਮ ਗੁਰਦਿੱਤ ਸਿੰਘ ਜੀ। ਇਕ ਵਾਰ ਝੰਡੇ ਹੋਰਾਂ ਦੇ ਪਿਉ ਨੇ ਬਾਬਾ ਜੀ ਕੋਲ ਬੇਨਤੀ ਕੀਤੀ, "ਮਹਾਰਾਜ ਵਾਲਿਆਂ ਵਾਲੀ ਵਾਲੇ ਸੋਹੀ ਦੀ ਜ਼ਮੀਨ ਅਸੀਂ ਲੈ ਲਈਏ।" ਬਾਬਾ ਜੀ ਨੇ ਹੁਕਮ ਕੀਤਾ, "ਨਹੀਂ ਲੈਣੀ, ਸੋਹੀ ਦੀ ਜ਼ਮੀਨ ਵਿਚ ਗਧੇ ਲਿਟਣਗੇ।" ਵਰਤਣ ਵਾਲਾ ਭਾਣਾ ਪਹਿਲੇ ਹੀ ਦੱਸ ਦਿੱਤਾ ਤੇ ਸੇਵਕਾਂ ਦੀ ਰੱਖਿਆ ਹੋ ਗਈ। ਫਿਰ ਗੁਰਦਿੱਤ ਸਿੰਘ ਸੋਹੀ ਨੇ ਚੱਕ ਫਤੇ ਸਿੰਘ ਜੋਗਿੰਦਰ ਸਿੰਘ ਨੂੰ ਜ਼ਮੀਨ ਦੇ ਦਿੱਤੀ, ਆਪਣੀ ਭੈਣ ਕੋਲ ਰਿਹਾਇਸ਼ ਕਰ ਲਈ ਜ਼ਮੀਨ ਵੇਚ ਕੇ ਆਪਣੀ ਭੈਣ ਨੂੰ ਪੈਸੇ ਦੇ ਦਿੱਤੇ, ਕੁਝ ਆਪ ਸ਼ਰਾਬ ਪੀ ਜਾਣੀ। ਸੋਹੀ ਨੇ ਆਪਣੀ ਸਾਰੀ ਜ਼ਮੀਨ ਇਸੇ ਤਰਾਂ ਹੀ ਗੁਆਈ ਸੋਹੀ ਵਾਲੀ ਜ਼ਮੀਨ ਦੇ ਪੈਸਿਆਂ ਤੋਂ ਜਿਹੜੀ ਚੱਕ ਫਤੇ ਸਿੰਘ ਹਵੇਲੀ ਵਾਲਿਆਂ ਨੇ ਖ਼ਰੀਦੀ, ਉਸ ਵਿਚ ਗਧੇ ਹੀ ਲਿਟਦੇ ਰਹੇ। ਸਭ ਕੁਝ ਪ੍ਰਤੱਖ ਹੋ ਗਿਆ।

**ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥**

(ਇਹ ਬਚਨ ਵੱਡਾ ਝੰਡਾ ਸਿੰਘ ਸੇਮਾ ਨਿਵਾਸੀ ਤੋਂ ਮਿਲਿਆ।)

# ਕਹੁ ਭੀਖਨ ਦੁਇ ਨੈਨ ਸੰਤੋਖੇ ਜਹ ਦੇਖਾ ਤਹ ਸੋਈ॥

ਇਕ ਵਾਰ ਬਾਬਾ ਅਨੰਦ ਸਿੰਘ ਜੀ ਨੇ ਭਾਈ ਡਰੋਲੀ ਨਾਲ ਬਚਨ ਕਰਦਿਆਂ ਦੱਸਿਆ ਕਿ ਡਰੋਲੀ ਅਸੀਂ ਇਕ ਵਾਰ ਭੁੱਚੋ ਵਾਲਿਆਂ ਕੋਲ ਬੇਨਤੀ ਕੀਤੀ ਕਿ ਮਹਾਰਾਜ ਸਾਨੂੰ ਨਰਸਿੰਘ ਦਾ ਦਰਸ਼ਨ ਕਰਾਓ ਤੁਸੀਂ ਸੇਵਕਾਂ ਨੂੰ ਕਰਾਇਆ ਹੈ ਸੁਣ ਕੇ ਭੁੱਚੋ ਵਾਲਿਆਂ ਨੇ ਤਾੜਨਾ ਭਰੇ ਲਹਿਜੇ ਵਿਚ ਬਚਨ ਕੀਤਾ, "ਮਹਾਂ ਪੁਰਖੋ, ਗੁਰੂ ਨਾਨਕ ਵੇਖ ਕੇ ਨਰਸਿੰਘ ਦੀ ਕੀ ਲੋੜ ਹੈ ਵੇਖਣ ਦੀ, ਉਹ ਤਾਂ ਸਾਡੀ ਆਪਣੀ ਖੇਡ ਹੈ ਇਹੋ ਜਿਹੀਆਂ ਖੇਡਾਂ ਅਸੀਂ ਲੋਕਾਂ ਨਾਲ ਕਰਦੇ ਹਾਂ, ਤੁਸੀਂ ਅਨੰਦ ਰਹੋ, ਜੇ ਕਹੋ ਤਾਂ ਵਿਖਾ ਦਿੰਦੇ ਹਾਂ।" ਬਾਬਾ ਅਨੰਦ ਸਿੰਘ ਜੀ ਨੇ ਦੱਸਿਆ ਉਪਰੰਤ ਅਸੀਂ ਮਾਫ਼ੀ ਮੰਗ ਲਈ ਫਿਰ ਅਸੀਂ ਅੱਗੇ ਜ਼ਿਕਰ ਹੀ ਨਹੀਂ ਤੋਰਿਆ।

**ਐਸਾ ਨਾਮੁ ਰਤਨੁ ਨਿਰਮੋਲਕੁ ਪੁੰਨਿ ਪਦਾਰਥੁ ਪਾਇਆ॥**
**ਅਨਿਕ ਜਤਨ ਕਰਿ ਹਿਰਦੈ ਰਾਖਿਆ**
**ਰਤਨੁ ਨ ਛਪੈ ਛਪਾਇਆ॥੧॥**
**ਹਰਿ ਗੁਨ ਕਹਤੇ ਕਹਨੁ ਨ ਜਾਈ॥**
**ਜੈਸੇ ਗੂੰਗੇ ਕੀ ਮਿਠਿਆਈ॥੧॥ ਰਹਾਉ॥**
**ਰਸਨਾ ਰਮਤ ਸੁਨਤ ਸੁਖੁ ਸ੍ਰਵਨਾ ਚਿਤ ਚੇਤੇ ਸੁਖੁ ਹੋਈ॥**
**ਕਹੁ ਭੀਖਨ ਦੁਇ ਨੈਨ ਸੰਤਖੇ ਜਹ ਦੇਖਾਂ ਤਹ ਸੋਈ॥੨॥**

*(ਸੋਰਠਿ ਭੀਖਣ ਜੀ, ਅੰਗ ੬੫੯)*

(ਇਹ ਬਚਨ ਲੇਖਕ ਨੂੰ ਪਿਤਾ ਜੀ ਪਾਸੋਂ ਮਿਲਿਆ।)

# ਚਾਕਰੁ ਕਹੀਐ ਖਸਮ ਕਾ ਸਉਹੇ ਉਤਰ ਦੇਇ ॥
# ਵਜਹੁ ਗਵਾਏ ਆਪਨਾ ਤਖਤਿ ਨ ਬੈਸਹਿ ਸੇਇ ॥

ਜੇ ਸੇਵਕ ਸਤਿ ਬਚਨ ਦਾ ਅਧਿਕਾਰੀ ਨਾ ਬਣੇ ਸੇਵਾ ਸਿਮਰਨ ਭਾਵੇਂ ਕਿਤਨਾ ਵੀ ਕਰੇ ਕੀਤੀ ਹੋਈ ਕਮਾਈ ਨੂੰ ਫਲ ਨਹੀਂ ਲੱਗਦਾ। ਇਸੇ ਤਰ੍ਹਾਂ ਬਾਬਾ ਜੀ ਦੇ ਇਕ ਪ੍ਰੇਮੀ ਸੀ ਜਿਸ ਦੇ ਨਾਮ ਦਾ ਅਤੇ ਨਗਰ ਦਾ ਪਤਾ ਨਹੀਂ ਲੱਗਿਆ ਇਸ ਨੇ ਸੇਵਾ ਤੇ ਸਿਮਰਨ ਬੇਅੰਤ ਕੀਤਾ ਸੀ, ਪਰ ਹਰ ਸਮੇਂ ਬਾਬਾ ਜੀ ਦੇ ਕੀਤੇ ਬਚਨ ਉੱਤੇ ਕਿੰਤੂ ਕਰਦਾ ਰਹਿੰਦਾ ਸੀ। ਇਸ ਤਰਾਂ ਇਸ ਨੂੰ ਕਰਦੇ ਵੇਖ ਕੇ ਕਈ ਸੇਵਾਦਾਰਾਂ ਨੇ ਬਾਬਾ ਜੀ ਨੂੰ ਕਹਿਣਾ, "ਮਹਾਰਾਜ, ਇਹ ਐਨੇ ਸਵਾਲ-ਜਵਾਬ ਕਿਉਂ ਕਰਦਾ ਹੈ।" ਅੱਗੋਂ ਹਜ਼ੂਰ ਨੇ ਉੱਤਰ ਦੇਣਾ, "ਸਾਡੇ ਨਾਲ ਸਵਾਲ-ਜਵਾਬ ਕਰ ਕੇ ਸਾਡਾ ਫ਼ਾਇਦਾ ਹੀ ਕਰਦਾ ਹੈ ਜੇ ਇਹ ਸਤਿ ਬਚਨ ਦਾ ਅਧਿਕਾਰੀ ਬਣ ਕੇ ਰਹੇ ਤਾਂ ਇਸ ਨੂੰ ਬਹੁਤ ਕੁਝ ਦੇਣਾ ਪਏਗਾ ਇਹ ਆਪਣੇ ਕੰਮ ਨੂੰ ਆਪੇ ਹੀ ਵਿਗਾੜੀ ਜਾ ਰਿਹਾ ਹੈ। ਤੁਸੀਂ ਚੁੱਪ ਰਹੋ।"

**ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ ॥**
**ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ ॥**

*(ਮਹਲਾ ੨, ਅੰਗ ੪੭੪)*

## ਭਏ ਕ੍ਰਿਪਾਲ ਸੁਆਮੀ ਮੇਰੇ ਜੀਉ ॥
## ਪਤਿਤ ਪਵਿਤ ਲਗਿ ਗੁਰ ਕੇ ਪੈਰੇ ਜੀਉ ॥
## ਭ੍ਰਮ ਭਉ ਕਾਟਿ ਕੀਏ ਨਿਰਵੈਰੇ ਜੀਉ ॥
## ਗੁਰ ਮਨ ਕੀ ਆਸ ਪੂਰਾਈ ਜੀਉ ॥

ਗੁਰੂ ਨਾਨਕ ਬਖ਼ਸ਼ਿੰਦ, ਜਿਸ ਨੇ ਸੱਜਣ ਠੱਗ, ਕੌਡੇ ਰਾਖਸ਼ ਤੇ ਭੂਮੀਏ ਚੋਰ ਜਿਹੇ ਬਖ਼ਸ਼ੇ। ਦਸਾਂ ਸਤਿਗੁਰਾਂ ਨੇ ਬੇਅੰਤ ਪਾਪੀ ਤਾਰ ਦਿੱਤੇ। ਉਹੀ ਗੁਰੂ ਨਾਨਕ ਦਾ ਨਾਮ ਜਿਸ ਹਿਰਦੇ ਵਿਚ ਵੱਸਿਆ, ਨਾਮ ਦੇ ਪ੍ਰਤਾਪ ਕਰ ਕੇ ਉਸ ਮਹਾਂਪੁਰਖ ਨੇ ਸਭ ਨੂੰ ਬਖ਼ਸ਼ਿਆ। ਇਸੇ ਤਰ੍ਹਾਂ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਸਭ ਨੂੰ ਬਖ਼ਸ਼ਿਆ। ਇਸ ਸਮੇਂ ਬਾਬਾ ਅਨੰਦ ਸਿੰਘ ਜੀ ਮਾਝੇ ਵੱਲੋਂ ਕੁਝ ਸੰਗੀਆਂ ਸਮੇਤ ਦਰਸ਼ਨ ਕਰਨ ਆਏ। ਕੁਝ ਸੰਗਤ ਤਾਂ ਕੋਠੀ ਦੇ ਬਰਾਂਡੇ ਵਿਚ ਹੁਕਮ ਅਨੁਸਾਰ ਟਿਕ ਗਈ। ਕਲੇਰਾਂ ਵਾਲੇ ਬਾਬਾ ਜੀ ਦਾ ਆਸਣ ਟਿੱਲੇ ਉੱਤੇ ਕਰਾ ਦਿੱਤਾ ਗਿਆ। ਇਕ ਵਾਰ ਸੰਗਤ ਵਿਚ ਬੈਠਿਆਂ ਬਾਬਾ ਜੀ ਨੇ ਬਚਨ ਕੀਤਾ, "ਮਹਾਂਪੁਰਖੋ, ਪਟਿਆਲੇ ਵਾਲਾ ਰਾਜਾ ਹੈ ਨਾ, ਉਸ ਨੇ ਸਾਡਾ ਇਕ ਬਚਨ ਵੀ ਨਹੀਂ ਮੰਨਿਆ, ਅਸੀਂ ਉਸ ਦੀ ਅਤੇ ਉਸ ਦੇ ਰਾਜ ਦੀ ਕਈ ਵਾਰ ਰੱਖਿਆ ਕੀਤੀ ਹੈ। ਜੇ ਤਾਂ ਉਹ ਬਚਨ ਮੰਨ ਲੈਂਦਾ ਤਾਂ ਸਾਰੇ ਗੁਨਾਹ ਬਖ਼ਸ਼ ਦਿੰਦੇ। ਹੁਣ ਉਸ ਦਾ ਅੰਤ ਤੁਸੀਂ ਸੰਭਾਲਣਾ ਹੈ। ਉਸ ਦੇ ਕੀਤੇ ਪਾਪ ਸਾਰੇ ਉਸ ਦੇ ਸਰੀਰ ਉੱਤੇ ਭੁਗਤਾ ਕੇ ਐਨ ਅੰਤਲੇ ਸਵਾਸ ਵੇਲੇ ਤੁਸੀਂ ਉਸ ਦੇ ਪਾਸ ਪਹੁੰਚਣਾ, ਜਾਣਾ ਵੀ ਉਸ ਵੇਲੇ ਹੈ ਜਦੋਂ ਉਹ ਕੋਈ ਮੰਗ ਕਰਨ ਜੋਗਾ ਨਾ ਰਹੇ। ਉਸ ਨੂੰ ਹੋਰ ਸਵਾਸ ਮਿਲ ਗਏ ਤਾਂ ਫਿਰ ਵੀ ਉਸ ਨੇ ਮਾੜੇ ਕੰਮ ਨਹੀਂ ਛੱਡਣੇ।" ਅੱਗੋਂ ਬਾਬਾ ਅਨੰਦ ਸਿੰਘ ਜੀ ਨੇ ਬੇਨਤੀ ਕੀਤੀ, "ਗ਼ਰੀਬ ਨਿਵਾਜ, ਤੁਹਾਡਾ

ਹੁਕਮ ਹੋਵੇ ਤਾਂ ਦਾਸ ਨਰਕ ਵਿਚ ਜਾਣ ਨੂੰ ਤਿਆਰ ਹੈ, ਪਰ ਉਥੇ ਸਭ ਕੁਝ ਪਾਪ ਦਾ ਅੰਨ, ਧਨ, ਪਾਪ ਹੀ ਪਾਪ ਹੈ। ਆਪ ਵੀ ਜਾਣਦੇ ਹੋ।" ਅੱਗੋਂ ਸ੍ਰੀ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਬਚਨ ਕੀਤਾ, "ਰਿਖੀ ਜੀ, ਤੁਹਾਡੀ ਨਿਗਾਹ ਵਿਚ ਗੁਰੂ ਨਾਨਕ, ਤੁਹਾਡੇ ਹਿਰਦੇ ਵਿਚ ਗੁਰੂ ਨਾਨਕ, ਰਸਨਾ ਵਿਚ ਗੁਰੂ ਨਾਨਕ, ਤੁਹਾਡੀ ਅੰਮ੍ਰਿਤ ਰੂਪ ਨਿਗਾਹ ਜਿਥੇ ਗਈ, ਜ਼ਹਿਰ ਤੋਂ ਵੀ ਅੰਮ੍ਰਿਤ ਬਣ ਜਾਏਗਾ। ਉਸ ਦਾ ਇਹ ਮੌਕਾ ਸੰਭਾਲਣਾ ਹੈ।" ਅੱਗੋਂ ਬਾਬਾ ਅਨੰਦ ਸਿੰਘ ਜੀ ਨੇ ਸਤਿ ਬਚਨ ਕਰ ਦਿੱਤਾ। ਬਾਬਾ ਜੀ ਨੇ ਬਚਨ ਕੀਤਾ, "ਮਹਾਂਪੁਰਖੋ, ਸ਼ੁੱਧ ਹੈ।" ਉਪਰੰਤ ਬਾਬਾ ਅਨੰਦ ਸਿੰਘ ਜੀ ਨੇ ਆਗਿਆ ਮੰਗੀ ਤਾਂ ਭੁੱਚੋ ਵਾਲਿਆਂ ਨੇ ਬਚਨ ਕੀਤਾ, "ਆਗਿਆ ਅੱਜ ਤੇ ਸਵੇਰੇ ਨਹੀਂ ਮਿਲਣੀ, ਪਰਸੋਂ ਤੋਰ ਦਿਆਂਗੇ।" ਨਾਲ ਹੀ ਬਚਨ ਕੀਤਾ, "ਮਹਾਂਪੁਰਖੋ, ਐਡੀ ਕਾਹਲੀ ਕਿਉਂ ਕਰਦੇ ਹੋ ?" ਵਿਚੋਂ ਇਕ ਸੰਗੀ ਬੋਲ ਪਿਆ, "ਜੀ, ਗਰਮੀ ਬੜੀ ਹੈ।" ਬਾਬਾ ਜੀ ਨੇ ਹੱਸ ਕੇ ਬਚਨ ਕੀਤਾ, "ਲਓ ਆਪਾਂ ਠੰਡ ਕਰ ਲੈਂਦੇ ਹਾਂ।" ਉਸੇ ਸਮੇਂ ਠੰਡੀ ਹਵਾ ਚੱਲ ਪਈ, ਗਰਮੀ ਤੋਂ ਸਰਦੀ ਬਣ ਗਈ।

**ਤਪਤ ਮਾਹਿ ਠਾਢਿ ਵਰਤਾਈ॥ ਅਨਦੁ ਭਇਆ ਦੁਖ ਨਾਠੇ ਭਾਈ॥**

*(ਗਉੜੀ ਸੁਖਮਨੀ ਮਹਲਾ ੫, ਅੰਗ ੨੮੭)*

ਸਾਰਾ ਵਾਤਾਵਰਨ ਬਦਲ ਗਿਆ। ਉਪਰੰਤ ਬਾਬਾ ਅਨੰਦ ਸਿੰਘ ਜੀ ਟਿੱਲੇ ਉਪਰ ਚਲੇ ਗਏ। ਹਜ਼ੂਰ ਨੇ ਹੁਕਮ ਕੀਤਾ, "ਬਾਲਿਆ, ਡਰੋਲੀ ਵਾਲਿਆਂ ਦੋਹਾਂ ਜੀਆਂ ਨੂੰ ਹਾਜ਼ਰ ਕਰੋ।" ਹੁਕਮ ਅਨੁਸਾਰ ਸੰਤ ਨਰੈਣ ਸਿੰਘ ਜੀ ਬੁਲਾ ਕੇ ਲੈ ਆਏ। ਹਾਜ਼ਰ ਹੋਣ ਉਪਰੰਤ ਬਾਬਾ ਜੀ ਨੇ ਬਚਨ ਕੀਤਾ, "ਸਵੇਰੇ ਅਸੀਂ ਮਹਾਂਪੁਰਖਾਂ ਨੂੰ ਤੁਹਾਡੀ ਬਾਂਹ ਫੜਾਵਾਂਗੇ। ਦੇਵੀ, ਜਦੋਂ ਮਹਾਂਪੁਰਖ ਤੇਰੇ ਪਤੀ ਦੀ ਬਾਂਹ ਫੜਨ, ਤੂੰ ਉਹਨਾਂ ਦੇ ਚਰਨਾਂ 'ਤੇ ਮੱਥਾ ਟੇਕ ਦੇਵੀਂ।" ਇਹਨਾਂ ਨੇ ਸਤਿ ਬਚਨ ਕੀਤਾ। ਅਗਲੇ ਦਿਨ ਬਾਬਾ ਅਨੰਦ ਸਿੰਘ ਜੀ ਹਜ਼ੂਰੀ ਸੇਵਕ ਰਾਹੀਂ ਆਗਿਆ ਲੈ ਕੇ ਫਿਰ ਦਰਸ਼ਨ ਕਰਨ ਆਏ, ਨਮਸਕਾਰ ਕੀਤੀ। ਸਭ ਸੰਗਤ ਬੈਠੀ ਸੀ, ਹਜ਼ੂਰ ਨੇ ਬਚਨ ਕੀਤਾ, "ਮਹਾਂਪੁਰਖੋ, ਤੁਹਾਡਾ ਬਿਹੰਗਮੀ ਠਾਠ ਹੈ। ਸਭ ਬਿਹੰਗਮ ਹੀ ਰਹਿਣਗੇ,

ਸਾਡਾ ਕੰਮ ਰਲਵਾਂ ਹੈ। ਸਾਡੇ ਕੋਲ ਡਰੋਲੀ ਵਾਲੇ ਦੋਵੇਂ ਜੀਅ ਰਹਿੰਦੇ ਹਨ। ਇਹ ਅੱਗੇ ਤੋਂ ਤੁਹਾਡੇ ਨਾਲ ਰਹਿਣਗੇ।" ਅੱਗੋਂ ਬਾਬਾ ਅਨੰਦ ਸਿੰਘ ਜੀ ਨੇ ਸਤਿ ਬਚਨ ਕਰ ਦਿੱਤਾ। ਫਿਰ ਆਪ ਜੀ ਨੇ ਬਚਨ ਕੀਤਾ, "ਰਿਖੀ ਜੀ, ਸਾਡੇ ਸਾਹਮਣੇ ਬਾਂਹ ਫੜੋ।" ਬਾਬਾ ਅਨੰਦ ਸਿੰਘ ਜੀ ਨੇ ਬਚਨ ਕੀਤਾ, "ਗ਼ਰੀਬ ਨਿਵਾਜ, ਤੁਹਾਡਾ ਹੁਕਮ ਸਿਰ ਮੱਥੇ 'ਤੇ ਹੈ।" ਤਾਂ ਫਿਰ ਭੁੱਚੋ ਵਾਲੇ ਮਹਾਰਾਜ ਨੇ ਹੱਸ ਕੇ ਬਚਨ ਕੀਤਾ, "ਨਹੀਂ, ਸਾਡੇ ਸਾਹਮਣੇ ਬਾਂਹ ਫੜ ਕੇ ਵਿਖਾਓ।" ਇਸ ਤਰ੍ਹਾਂ ਬਚਨ ਕਰ ਕੇ ਰਤਨ ਸਿੰਘ ਡਰੋਲੀ ਨੂੰ ਹੁਕਮ ਕੀਤਾ, "ਲਿਆ ਬਈ, ਬਾਂਹ ਫੜਾ।" ਡਰੋਲੀ ਨੇ ਬਾਂਹ ਅੱਗੇ ਕਰ ਦਿੱਤੀ, ਬਾਬਾ ਜੀ ਮਹਾਂ ਹਰਿਨਾਮ ਸਿੰਘ ਜੀ ਨੇ ਬਾਂਹ ਫੜ ਕੇ ਬਾਬਾ ਅਨੰਦ ਸਿੰਘ ਜੀ ਨੂੰ ਫੜਾ ਕੇ ਬਚਨ ਕੀਤਾ, "ਮਹਾਂਪੁਰਖੋ, ਬਾਂਹ ਫੜੀ ਦੀ ਲਾਜ ਰੱਖਣੀ, ਮਿਹਰ ਕਰਨੀ।" ਹੁਕਮ ਅਨੁਸਾਰ ਜੈ ਕੌਰ ਨੇ ਚਰਨਾਂ 'ਤੇ ਮੱਥਾ ਟੇਕ ਦਿੱਤਾ। ਬਾਬਾ ਅਨੰਦ ਸਿੰਘ ਜੀ ਨੇ ਬਚਨ ਕੀਤਾ, "ਆਹ ਕੀ ਹੋ ਗਿਆ ?" ਅੱਗੋਂ ਭੁੱਚੋ ਵਾਲੇ ਮਹਾਰਾਜ ਜੀ ਨੇ ਬਚਨ ਕੀਤਾ, "ਠੀਕ ਹੈ ਮਹਾਂਪੁਰਖੋ, ਜੋ ਹੋ ਗਿਆ ਠੀਕ ਹੈ, ਸ਼ੁੱਧ ਹੈ।" ਉਪਰੰਤ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਪੁੱਛਿਆ, "ਮਹਾਂਪੁਰਖੋ, ਆਸਣ ਕਿਥੇ ਪੱਕਾ ਲਾਇਆ ਹੈ ?" ਤਾਂ ਅੱਗੋਂ ਕਲੇਰਾਂ ਵਾਲਿਆਂ ਬਾਬਾ ਜੀ ਨੇ ਬਚਨ ਕੀਤਾ, "ਮਹਾਰਾਜ, ਇਕ ਜਗ੍ਹਾ ਕਲੇਰਾਂ ਤੇ ਚੂਹੜ ਚੱਕ ਕਾਉਂਕੇ ਦੇ ਵਿਚਾਲੇ ਜਗਰਾਵਾਂ ਦੀ ਜ਼ਮੀਨ ਬੇ-ਆਬਾਦ ਹੈ। ਕਦੇ-ਕਦੇ ਉਥੇ ਜਾ ਟਿਕੀਦਾ ਹੈ।" ਭੁੱਚੋ ਵਾਲੇ ਮਹਾਰਾਜ ਨੇ ਬਚਨ ਕੀਤਾ, "ਉਥੇ ਪੱਕਾ ਆਸਣ ਲਾ ਲਵੋ, ਸ਼ੁੱਧ ਹੈ।" ਹੋਰ ਕਈ ਪ੍ਰਕਾਰ ਦੇ ਬਚਨ-ਬਿਲਾਸ ਹੋਏ। ਉਪਰੰਤ ਭੁੱਚੋ ਵਾਲੇ ਮਹਾਰਾਜ ਨੇ ਬਚਨ ਕੀਤਾ, "ਮਹਾਂਪੁਰਖੋ, ਕੋਈ ਮੰਗ ਮੰਗੋ। ਇੰਦਰ, ਉਪਿੰਦਰ, ਫਨਿੰਦਰ, ਮਨਿੰਦਰ, ਤੁਹਾਨੂੰ ਕੀ ਬਣਾਈਏ।" ਬਾਬਾ ਅਨੰਦ ਸਿੰਘ ਜੀ ਨੇ ਬੇਨਤੀ ਕੀਤੀ, "ਗ਼ਰੀਬ ਨਿਵਾਜ, ਕੋਈ ਮੰਗ ਨਹੀਂ।" ਭੁੱਚੋ ਵਾਲਿਆਂ ਨੇ ਫਿਰ ਬਚਨ ਦੁਹਰਾਇਆ, "ਨਹੀਂ, ਕੋਈ ਮੰਗ ਮੰਗੋ, ਬਚਨ ਖ਼ਾਲੀ ਨਾ ਜਾਏ।" ਸੋਚ-ਸੋਚ ਕੇ ਬਾਬਾ ਜੀ ਨੇ ਮੰਗ ਮੰਗੀ, "ਤਿੰਨ ਲੋਕ ਵਿਚ ਸੂਈ ਦੇ ਨੱਕੇ ਜਿੰਨੀ ਜਗ੍ਹਾ ਉੱਤੇ ਮੇਰੀ ਮੇਰ ਨਾ ਹੋਵੇ।" ਭੁੱਚੋ ਵਾਲਿਆਂ ਨੇ ਬਚਨ ਕੀਤਾ,

"ਮਹਾਂਪੁਰਖੋ, ਤੁਸੀਂ ਪਹਿਲ ਕਰ ਗਏ। ਤੁਹਾਡਾ ਘਰ ਪਹਿਲਾਂ ਬਣੇਗਾ, ਪਿੱਛੋਂ ਸਾਡਾ। ਅੱਗੇ ਸਾਡਾ ਪਹਿਲਾ ਬਣਨਾ ਸੀ, ਹੁਣ ਤੁਹਾਡਾ ਪਹਿਲਾਂ ਸਾਡਾ ਪਿੱਛੋਂ। ਤੁਹਾਡਾ ਘਰ ਪੱਕਾ, ਸੰਗਮਰਮਰ, ਸੋਨਾ ਲੱਗੇਗਾ।" ਬਾਬਾ ਅਨੰਦ ਸਿੰਘ ਜੀ ਨੇ ਬੇਨਤੀ ਕੀਤੀ, "ਗ਼ਰੀਬ ਨਿਵਾਜ, ਸਾਡਾ ਤਾਂ ਰੋਜ਼ਾ ਹੈ।" ਅੱਗੋਂ ਹਜ਼ੂਰ ਨੇ ਬਚਨ ਕੀਤਾ, "ਤੁਹਾਡਾ ਰੋਜ਼ਾ ਹੀ ਰਹੇਗਾ, ਪਿੱਛੋਂ ਬਣ ਜਾਏਗਾ, ਬਣੇਗਾ ਜ਼ਰੂਰ। ਰਿਖੀ ਜੀ, ਤੁਹਾਡੀ ਸੇਵਾ ਨੂੰ ਅਮੀਰ-ਵਜ਼ੀਰ, ਰਾਜੇ, ਮਹਾਰਾਜੇ ਮੰਗ-ਮੰਗ ਕੇ ਲੈਣਗੇ।" ਜਿਵੇਂ ਗੁਰਬਾਣੀ ਵਿਚ ਸਾਹਿਬ ਨੇ ਫ਼ੁਰਮਾਇਆ ਹੈ :

**ਜਿਤਨੇ ਪਾਤਿਸਾਹ ਸਾਹ ਰਾਜੇ ਖਾਨ ਉਮਰਾਵ ਸਿਕਦਾਰ ਹਹਿ**
**ਤਿਤਨੇ ਸਭਿ ਹਰਿ ਕੇ ਕੀਏ ॥**
**ਜੋ ਕਿਛੁ ਹਰਿ ਕਰਾਵੈ ਸੁ ਓਇ ਕਰਹਿ**
**ਸਭਿ ਹਰਿ ਕੇ ਅਰਥੀਏ ॥**
**ਸੋ ਐਸਾ ਹਰਿ ਸਭਨਾ ਕਾ ਪ੍ਰਭੁ ਸਤਿਗੁਰ ਕੈ ਵਲਿ ਹੈ**
**ਤਿਨਿ ਸਭਿ ਵਰਨ ਚਾਹੇ ਖਾਣੀ**
**ਸਭ ਸ੍ਰਿਸਟਿ ਗੋਲੇ ਕਰਿ**
**ਸਤਿਗੁਰ ਅਗੈ ਕਾਰ ਕਮਾਵਣ ਕਉ ਦੀਏ ॥**

*(ਬਿ. ਵਾਰ, ਅੰਗ ੮੫੧)*

ਮਹਾਂਪੁਰਖੋ, ਤੁਹਾਡੇ ਹਿਰਦੇ ਵਿਚ ਗੁਰੂ ਨਾਨਕ ਦਾ ਨਿਵਾਸ ਹੈ। ਜਿਥੇ ਗੁਰੂ ਨਾਨਕ ਉਥੇ ਸਭ ਕੁਝ ਆਪਣੇ ਆਪ ਹੀ ਆ ਜਾਂਦਾ ਹੈ।" ਐਸੀ ਪਰਮ-ਉੱਚ ਅਵਸਥਾ ਵਾਲੇ ਗੁਰਸਿੱਖ ਮਹਾਤਮਾ ਮਹਾਂਪੁਰਖ ਸਨ ਬਾਬਾ ਅਨੰਦ ਸਿੰਘ ਜੀ ਕਲੇਰਾਂ ਵਾਲੇ। ਇਸ ਤਰ੍ਹਾਂ ਦੇ ਬੇਅੰਤ ਬਚਨ ਅਸ਼ੀਰਵਾਦ ਦੇ ਰੂਪ ਵਿਚ ਜਾਂ ਭਵਿੱਖਤ ਦੇ ਰੂਪ ਵਿਚ ਹੋਏ। ਇਸ ਤੋਂ ਉਪਰੰਤ ਬਾਬਾ ਅਨੰਦ ਸਿੰਘ ਜੀ ਇਕ ਰਾਤ ਹੋਰ ਟਿਕੇ। ਤੀਸਰੇ ਦਿਨ ਵਿਦਾ ਕੀਤੇ। ਬੇਅੰਤ ਖ਼ੁਸ਼ੀਆਂ ਬਖ਼ਸ਼ੀਆਂ। ਜਾਣ ਸਮੇਂ ਭਾਈ ਰਤਨ ਸਿੰਘ ਡਰੋਲੀ ਅਤੇ ਜੈ ਕੌਰ ਨੂੰ ਹੁਕਮ ਕੀਤਾ, "ਮਹਾਂਪੁਰਖ ਜਾ ਰਹੇ ਹਨ, ਵਿਦਾ ਕਰ ਕੇ ਆਓ।" ਹੁਕਮ ਅਨੁਸਾਰ ਕੁਝ ਦੂਰ ਦੋਵੇਂ ਜਣੇ ਨਾਲ ਗਏ। ਅੱਗੇ ਜਾ ਕੇ ਬਾਬਾ ਜੀ ਕਲੇਰਾਂ

ਵਾਲਿਆਂ ਨੇ ਰੋਕ ਦਿੱਤੇ ਅਤੇ ਪੁੱਛਿਆ, "ਹੁਣ ਤੁਸੀਂ ਇਥੇ ਕੀ ਸੇਵਾ ਕਰਦੇ ਹੋ ?" ਭਾਈ ਰਤਨ ਸਿੰਘ ਡਰੋਲੀ ਨੇ ਸਾਰੀ ਵਾਰਤਾ ਪਿੰਡ ਜਾਣ ਵਾਲੀ ਸੁਣਾ ਕੇ ਕਿਹਾ, "ਜੀ, ਉਸ ਦਿਨ ਤੋਂ ਸਾਡੀ ਸੇਵਾ ਬੰਦ ਹੈ।" ਸੁਣ ਕੇ ਬਾਬਾ ਜੀ ਕਲੇਰਾਂ ਵਾਲਿਆਂ ਨੇ ਬਚਨ ਕੀਤਾ, "ਹੁਣ ਤੁਹਾਨੂੰ ਸੇਵਾ ਮਿਲ ਜਾਏਗੀ। ਤਕੜੇ ਹੋ ਕੇ ਸੇਵਾ ਕਰੋ। ਹੋਰ ਸਭ ਕੁਝ ਮਿਲ ਜਾਏਗਾ, ਪਰ ਇਹ ਸੇਵਾ ਦਾ ਮੌਕਾ ਫਿਰ ਹੱਥ ਨਹੀਂ ਆਉਣਾ। ਤੁਸੀਂ ਘਰ ਜਾ ਕੇ ਭੁੱਲ ਕੀਤੀ ਹੈ।"

**ਸੁਤੁ ਅਪਰਾਧ ਕਰਤ ਹੈ ਜੇਤੇ॥ ਜਨਨੀ ਚੀਤਿ ਨ ਰਾਖਸਿ ਤੇਤੇ॥**

*(ਆਸਾ ਕਬੀਰ ਜੀ, ਅੰਗ ੪੭੮)*

ਇਹ ਸਾਰਾ ਸ਼ਬਦ ਇਸ ਮੌਕੇ ਨਾਲ ਮੇਲ ਖਾਂਦਾ ਹੈ। ਉਪਰੰਤ ਬਾਬਾ ਅਨੰਦ ਸਿੰਘ ਜੀ ਅੱਗੇ ਚਲੇ ਗਏ। ਭਾਈ ਰਤਨ ਸਿੰਘ ਡਰੋਲੀ ਅਤੇ ਜੈ ਕੌਰ ਪਿੱਛੇ ਮੁੜ ਆਏ। ਜਿਸ ਸਮੇਂ ਲੰਗਰ ਪਕਾਉਣ ਦਾ ਸਮਾਂ ਆਇਆ, ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਹੁਕਮ ਕੀਤਾ, "ਬਾਲਿਆ, ਅੱਜ ਡਰੋਲੀ ਵਾਲਿਆਂ ਨੂੰ ਮਹਾਂਪੁਰਖ ਸੇਵਾ ਦੇ ਗਏ ਹਨ, ਲੰਗਰ ਇਹ ਤਿਆਰ ਕਰਨਗੇ।" ਇਸ ਪ੍ਰਕਾਰ ਕਰ ਕੇ ਆਪ ਹੀ ਸੇਵਾ ਖੋਹੀ ਅਤੇ ਫਿਰ ਦੂਜੀ ਵਾਰ ਇਸ ਬਹਾਨੇ ਦਿੱਤੀ। ਇਸ ਸ਼ਬਦ ਨਾਲ ਇਹ ਪ੍ਰਸੰਗ ਖ਼ਤਮ ਹੋਇਆ। ਫਿਰ ਲਗਾਤਾਰ ਅੱਗੇ ਵਾਂਗ ਸੇਵਾ ਚੱਲਦੀ ਰਹੀ।

**ਆਗੈ ਹੀ ਤੇ ਸਭੁ ਕਿਛੁ ਹੂਆ ਅਵਰੁ ਕਿ ਜਾਣੈ ਗਿਆਨਾ॥**
**ਭੂਲ ਚੂਕ ਅਪਨਾ ਬਾਰਿਕੁ ਬਖਸਿਆ ਪਾਰਬ੍ਰਹਮ ਭਗਵਾਨਾ॥੧॥**
**ਸਤਿਗੁਰੁ ਮੇਰਾ ਸਦਾ ਦਇਆਲਾ ਮੋਹਿ ਦੀਨ ਕਉ ਰਾਖਿ ਲੀਆ॥**
**ਕਾਟਿਆ ਰੋਗੁ ਮਹਾ ਸੁਖੁ ਪਾਇਆ ਹਰਿ ਅੰਮ੍ਰਿਤੁ ਮੁਖਿ ਨਾਮੁ ਦੀਆ॥੧॥ ਰਹਾਉ॥**

*(ਆਸਾ ਮਹਲਾ ੫, ਅੰਗ ੩੮੩)*

(ਇਹ ਪ੍ਰਸੰਗ ਪਿਤਾ ਜੀ ਪਾਸੋਂ ਮਿਲਿਆ।)

## ਜਿਸੁ ਭਾਵੈ ਤਿਸੁ ਆਪਨ ਨਾਇ ਲਾਵੈ॥
## ਜਿਸੁ ਭਾਵੈ ਤਿਸੁ ਖੇਲ ਖਿਲਾਵੈ॥

ਪਿਛਲੇ ਹਿੱਸੇ ਵਿਚ ਪਾਠਕ ਪੜ੍ਹ ਚੁੱਕੇ ਹਨ ਕਿ ਬਾਬਾ ਸੌਣ ਸਿੰਘ ਢਿੱਲੋਂ ਇਸ ਸਾਰੇ ਪਰਿਵਾਰ ਉੱਤੇ ਕਿਤਨੀ ਕਿਤਨੀ ਬਾਬਾ ਜੀ ਦੀ ਕ੍ਰਿਪਾ ਸੀ, ਕਈ ਵਾਰ ਕਿਸੇ ਸੰਗੀ ਸੇਵਕ ਦੀ ਸਿਫ਼ਾਰਸ਼ ਵੀ ਸੌਣ ਸਿੰਘ ਕਰ ਦਿੰਦਾ ਤਾਂ ਬਾਬਾ ਜੀ ਮੋੜਦੇ ਨਹੀਂ ਸਨ। ਇਕ ਵਾਰ ਕਿਸੇ ਸੇਵਕ ਨੇ ਬੇਨਤੀ ਕੀਤੀ, "ਮਹਾਰਾਜ, ਤੁਸੀਂ ਸੌਣ ਸਿੰਘ ਦੀ ਸਿਫ਼ਾਰਸ਼ ਮੰਨ ਲੈਂਦੇ ਹੋ, ਹੋਰ ਕਿਸੇ ਸੇਵਕ ਨੂੰ ਕਿਸੇ ਦੀ ਸਿਫ਼ਾਰਸ਼ ਕਰਨ ਦੀ ਮਨਾਹੀ ਹੈ। ਇਉਂ ਕਿਉਂ।" ਅੱਗੋਂ ਬਾਬਾ ਜੀ ਨੇ ਉੱਤਰ ਦਿੱਤਾ, "ਸੌਣ ਸਿੰਘ ਨਾਲ ਸਾਡਾ ਪੁਰਾਣਾ ਕਿਸ ਤਰ੍ਹਾਂ ਦਾ ਸੰਬੰਧ ਹੈ ਕਿਸੇ ਨੂੰ ਕੀ ਪਤਾ ਹੈ ਇਸੇ ਕਰਕੇ ਇਸ ਦੀ ਸਿਫ਼ਾਰਸ਼ ਨਹੀਂ ਮੋੜਦੇ।" ਇਕ ਵਾਰ ਬਾਬਾ ਜੀ ਕਿਸੇ ਆਏ ਹੋਏ ਯਾਤਰੂ ਪਾਸੋਂ ਮਾਂ, ਪਿਉ, ਨਾਨਕੇ, ਦਾਦਕੇ ਸਭ ਸੰਬੰਧੀਆਂ ਦੇ ਨਾਮ ਲਿਖਾ ਰਹੇ ਸਨ। ਨਾਨਕਿਆਂ ਦਾ ਨਾਮ ਲਿਖਾਉਣ ਵੇਲੇ ਉਹ ਕੁਝ ਸੰਕੋਚ ਕਰੇ ਬਾਬਾ ਜੀ ਬਾਰ-ਬਾਰ ਪੁੱਛਦੇ ਰਹੇ ਅਖ਼ੀਰ ਉੱਤੇ ਉਸ ਨੇ ਦੱਸਿਆ, "ਜੀ ਮੇਰੇ ਪਿਉ ਨੇ ਮੁੱਲ ਦਾ ਵਿਆਹ ਕਰਾਇਆ ਸੀ।" ਉਸ ਸਮੇਂ ਸੌਣ ਸਿੰਘ ਵੀ ਕੋਲ ਹਾਜ਼ਰ ਸੀ। ਉਸ ਨੇ ਬਾਬਾ ਜੀ ਨੂੰ ਕਿਹਾ, "ਮਹਾਰਾਜ, ਕਬੀਲਦਾਰ ਬੰਦਿਆਂ ਨੇ ਕਈ ਤਰ੍ਹਾਂ ਦਾ ਕੰਮ ਓਹਲਾ ਰੱਖ ਕੇ ਕੀਤੇ ਹੁੰਦੇ ਹਨ। ਤੁਸੀਂ ਕਿਸੇ ਦਾ ਪਰਦਾ ਰਹਿਣ ਦਿਆ ਕਰੋ।" ਅੱਗੋਂ ਬਾਬਾ ਜੀ ਨੇ ਹੱਸ ਕੇ ਬਚਨ ਕੀਤਾ, "ਸ਼ੁੱਧ ਹੈ ਸੌਣ ਸਿਆਂ।" ਫਿਰ ਕੁਝ ਸਮਾਂ ਨਾਨਕੇ ਜੇ ਕਿਸੇ ਨੇ ਦੱਸ ਦਿੱਤੇ ਤਾਂ ਲਿਖਾ ਲਏ ਨਹੀਂ ਤਾਂ ਨਹੀਂ।

ਮਹਾਂਪੁਰਖਾਂ ਦੇ ਕੌਣ ਨੇੜੇ ਕੌਣ ਦੂਰ ਕਿਸ ਦੀ ਕਿਉਂ ਮੰਨਦੇ ਹਨ ਇਸ ਗੱਲ ਨੂੰ ਉਹੀ ਜਾਨਣ। ਗੁਰਵਾਕ ਹੈ:

**ਕਹੁ ਕਬੀਰ ਲਿਵ ਲਾਗਿ ਰਹੀ ਹੈ ਜਹਾ ਬਸੇ ਦਿਨ ਰਾਤੀ॥**
**ਉਆ ਕਾ ਮਰਮੁ ਓਹੀ ਪਰੁ ਜਾਨੈ ਓਹੁ ਤਉ ਸਦਾ ਅਬਿਨਾਸੀ॥**

*(ਰਾਗ ਗਉੜੀ ਕਬੀਰ ਜੀ, ਅੰਗ ੩੩੪)*

(ਇਹ ਪ੍ਰਸੰਗ ਗੁਲਵੰਤ ਸਿੰਘ ਢਿੱਲੋਂ ਅਤੇ ਕਾਕਾ ਜੀ ਢਿੱਲੋਂ ਪਾਸੋਂ ਸੁਣਿਆ।)

# ਤੁਮਰੀ ਬਿਧਿ ਤੁਮ ਹੀ ਜਾਨਹੁ ਤੁਮ ਜਲ ਹਮ ਮੀਨਾ॥

ਜਿਵੇਂ-ਜਿਵੇਂ ਬਾਬਾ ਜੀ ਦਾ ਸਮਾਂ ਨੇੜੇ ਆਉਂਦਾ ਜਾਂਦਾ ਸੀ, ਤਿਵੇਂ-ਤਿਵੇਂ ਹਜ਼ੂਰ ਆਪਣੀ ਸਭ ਤਰ੍ਹਾਂ ਦੀ ਕਿਰਿਆ ਸੰਕੋਚਦੇ ਜਾ ਰਹੇ ਸਨ। ਇਕ ਵਾਰ ਉਚੇਚਾ ਸੇਵਾਦਾਰ ਜੱਸੀ ਪੌ ਵਾਲੀ ਸੰਤ ਬਹਾਲ ਦਾਸ ਜੀ ਵੱਲ ਭੇਜ ਕੇ ਇਕ ਖ਼ਾਸ ਦਿਨ ਦੱਸ ਕੇ ਉਸ ਦਿਨ ਭੁੱਚੋ ਆਉਣ ਲਈ ਹੁਕਮ ਭੇਜਿਆ ਤੇ ਫਿਰ ਅਚਾਨਕ ਹੀ ਬਚਨ ਕੀਤਾ, "ਮਹਾਂਪੁਰਖ ਆ ਰਹੇ ਹਨ, ਸਭ ਤਰ੍ਹਾਂ ਦੀ ਸਫ਼ਾਈ ਕਰੋ।" ਉਪਰੰਤ ਹੁਕਮ ਅਨੁਸਾਰ ਡੇਰੇ ਵਿਚ ਝਾੜੂ ਆਦਿਕ ਫੇਰ ਕੇ ਸਫ਼ਾਈ ਕਰਾਈ ਗਈ। ਇਕ ਦਿਨ ਬਾਬਾ ਅਨੰਦ ਸਿੰਘ ਜੀ ਵੀ ਪਹੁੰਚ ਗਏ, ਨਾਲ ਕੁਝ ਸੰਗਤ ਵੀ ਸੀ। ਉਸ ਸਮੇਂ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਹੁਕਮ ਕੀਤਾ, "ਮਹਾਂਪੁਰਖੋ, ਆਪਣੇ ਸਭ ਸੰਗੀਆਂ ਸੇਵਕਾਂ ਦੇ ਨਾਮ ਲਿਖਾ ਦਿਉ, ਜੋ ਤੁਹਾਡਾ ਸੰਗੀ ਸੇਵਕ ਹੋਏਗਾ, ਨਰਕ ਨੂੰ ਨਹੀਂ ਜਾਏਗਾ।" ਹੁਕਮ ਅਨੁਸਾਰ ਸਭ ਸੇਵਕਾਂ ਦੇ ਵਧ ਚੜ੍ਹ ਕੇ ਨਾਮ ਲਿਖਾਏ। ਸ. ਜਸਵੰਤ ਸਿੰਘ ਆਦਿਕ ਬਾਗ਼ਾਂ ਵਿਚੋਂ ਵੀ ਕੁਝ ਸੰਗੀ ਸਨ। ਭਾਈ ਸਾਹਿਬ ਭਾਈ ਉੱਤਮ ਸਿੰਘ ਜੀ, ਸਭ 'ਤੇ ਕ੍ਰਿਪਾ ਦ੍ਰਿਸ਼ਟੀ ਹੋਈ। ਬਾਬਾ ਅਨੰਦ ਸਿੰਘ ਜੀ ਦਾ ਆਸਣ ਹੁਕਮ ਕਰ ਕੇ ਟਿੱਲੇ ਉਪਰ ਕਰਾ ਦਿੱਤਾ ਗਿਆ। ਅਗਲੇ ਦਿਨ ਸੰਤ ਬਹਾਲ ਦਾਸ ਜੀ ਵੀ ਪਹੁੰਚ ਗਏ। ਦੁਪਹਿਰ ਦਾ ਪ੍ਰਸ਼ਾਦਾ ਤਿਆਰ ਕਰ ਕੇ ਹਜ਼ੂਰੀ ਵਿਚ ਲਿਆ ਕੇ ਵਰਤਾਉਣ

ਉਪਰੰਤ ਸੰਤ ਚਿੰਤ ਰਾਮ ਜੀ ਵਾਸਤੇ ਪ੍ਰਸ਼ਾਦਾ ਲੈ ਜਾਣ ਸਮੇਂ ਹੁਕਮ ਕੀਤਾ। ਉਪਰੰਤ ਬਾਬਾ ਜੀ ਨੇ ਰਤਨ ਸਿੰਘ ਡਰੋਲੀ ਨੂੰ ਹੁਕਮ ਕੀਤਾ, "ਤੂੰ ਚਿੰਤ ਰਾਮ ਨੂੰ ਨਾਲ ਲੈ ਆਈਂ।" ਹੁਕਮ ਅਨੁਸਾਰ ਰਤਨ ਸਿੰਘ ਡਰੋਲੀ ਵੱਲੋਂ ਸੰਤ ਚਿੰਤ ਰਾਮ ਜੀ ਦੀ ਸਾਰੀ ਸੇਵਾ ਕਰਨ ਉਪਰੰਤ ਚਿੰਤ ਰਾਮ ਜੀ ਨੇ ਹੱਸ ਕੇ ਬਚਨ ਕੀਤਾ, "ਭਾਈ ਰਤਨ ਸਿੰਘ, ਅੱਜ ਮੈਨੂੰ ਮਹਾਰਾਜ ਨੇ ਯਾਦ ਕੀਤਾ ਹੈ, ਚਲੋ ਚੱਲੀਏ।" ਅੱਗੇ ਵੀ ਜਿਸ ਸਮੇਂ ਬਾਬਾ ਜੀ ਯਾਦ ਕਰਦੇ ਸਨ, ਚਿੰਤ ਰਾਮ ਜੀ ਆਪ ਹੀ ਦੱਸ ਕੇ ਨਾਲ ਤੁਰ ਪੈਂਦੇ ਸਨ। ਰਤਨ ਸਿੰਘ ਡਰੋਲੀ ਨੇ ਬਾਬਾ ਜੀ ਪਾਸ ਬੇਨਤੀ ਕਰ ਦਿੱਤੀ, "ਮਹਾਰਾਜ, ਚਿੰਤ ਰਾਮ ਹਾਜ਼ਰ ਹੈ।" ਹਜ਼ੂਰ ਨੇ ਹੁਕਮ ਕੀਤਾ, "ਕੋਠੀ ਦੇ ਬਰਾਂਡੇ ਵਿਚ ਬਿਠਾ ਦਿਉ।" ਪਿਛਲੇ ਪਹਿਰ ਤਕ ਬਾਬਾ ਅਨੰਦ ਸਿੰਘ ਜੀ, ਸੰਤ ਚਿੰਤ ਰਾਮ ਜੀ, ਸੰਤ ਬਹਾਲ ਦਾਸ ਜੀ ਬਾਬਾ ਜੀ ਦੀ ਹਜ਼ੂਰੀ ਵਿਚ ਇਕੱਠੇ ਹੋ ਗਏ। ਪਿਛਲੇ ਪਹਿਰ ਦਾ ਸਮਾਂ ਕੁਝ ਗਿਣਤੀ ਦੇ ਪ੍ਰੇਮੀ ਸਨ। ਸਭ ਤੋਂ ਪਹਿਲਾਂ ਸੰਤ ਬਹਾਲ ਦਾਸ ਜੀ ਨੂੰ ਹਜ਼ੂਰ ਨੇ ਆਪਣੇ ਸਾਹਮਣੇ ਬੁਲਾ ਕੇ ਖੜ੍ਹਾ ਕਰ ਕੇ ਹੁਕਮ ਕੀਤਾ, "ਬਹਾਲ ਦਾਸ, ਤਕੜਾ ਹੋ, ਸ਼ਕਤੀ ਆ ਰਹੀ ਹੈ, ਸੰਭਾਲ।" ਸੰਤ ਬਹਾਲ ਦਾਸ ਜੀ ਦਾ ਸਰੀਰ ਕੰਬਣ ਲੱਗ ਪਿਆ, "ਜੀ ਬਖ਼ਸ਼ ਲਵੋ" ਕਰਨ ਲੱਗ ਪਏ। ਤਤਕਾਲ ਹੀ ਬਾਬਾ ਜੀ ਨੇ ਬਚਨ ਕੀਤਾ, "ਚੰਗਾ ਫਿਰ, ਤੂੰ ਪਾਸੇ ਹੋ ਜਾ।" ਉਪਰੰਤ ਸੰਤ ਚਿੰਤ ਰਾਮ ਜੀ ਹੁਕਮ ਅਨੁਸਾਰ ਸਾਹਮਣੇ ਖੜ੍ਹੇ ਕੀਤੇ ਗਏ। ਹਜ਼ੂਰ ਨੇ ਆਪਣੇ ਦੋਵੇਂ ਹੱਥ ਮਲ ਕੇ ਬਚਨ ਕੀਤਾ, "ਚਿੰਤ ਰਾਮਾ, ਤਕੜਾ ਹੋ ਸੰਭਾਲ।" ਸੰਤ ਚਿੰਤ ਰਾਮ ਜੀ ਖੜ੍ਹੇ-ਖੜ੍ਹੇ ਡਿੱਗ ਪਏ ਅਤੇ ਮੁੱਖ ਤੋਂ ਮਾਰ ਲਉ-ਮਾਰ ਲਉ ਕਿਹਾ। ਉਸੇ ਸਮੇਂ ਹੀ ਬਾਬਾ ਜੀ ਨੇ ਬਚਨ ਕੀਤਾ, "ਚਲੋ ਜਾਣ ਦਿਉ।" ਤੀਜੇ ਥਾਂ ਉੱਤੇ ਬਾਬਾ ਅਨੰਦ ਸਿੰਘ ਜੀ ਹੁਕਮ ਅਨੁਸਾਰ ਸਾਹਮਣੇ ਆਏ। ਹਜ਼ੂਰ ਨੇ ਬਾਬਾ ਅਨੰਦ ਸਿੰਘ ਜੀ ਦੇ ਦੋਵੇਂ ਹੱਥ ਆਪਣੇ ਹੱਥਾਂ ਵਿਚ ਘੁੱਟੇ ਤੇ ਬਚਨ ਕੀਤਾ, "ਤਕੜੇ ਹੋਵੇ।" ਇਕ ਵਾਰੀ ਤਾਂ ਬਾਬਾ ਅਨੰਦ ਸਿੰਘ ਜੀ ਦਾ ਸਰੀਰ ਕੰਬਣ ਲੱਗ ਪਿਆ। ਕਿਤਨਾ ਸਮਾਂ ਹੱਥ ਫੜੀ ਰੱਖਣ ਉਪਰੰਤ ਬਚਨ ਕੀਤਾ, "ਸ਼ੁੱਧ ਹੈ।" ਤੇ ਫਿਰ ਹੁਕਮ ਅਨੁਸਾਰ ਬਾਬਾ ਅਨੰਦ ਸਿੰਘ ਜੀ ਵੀ ਇਕ ਪਾਸੇ ਹੋ ਕੇ ਬੈਠ ਗਏ। ਹਜ਼ੂਰ ਨੇ ਬਚਨ ਕੀਤਾ, "ਮਹਾਂਪੁਰਖੋ, ਕਿੰਨੇ ਸਾਲ ਹੋ

ਗਏ, ਤੁਸੀਂ ਸਾਨੂੰ ਜਾਣ ਨਹੀਂ ਦਿੰਦੇ। ਅਸੀਂ ਚਾਹੁੰਦੇ ਹਾਂ, ਤੁਸੀਂ ਸਾਨੂੰ ਖ਼ੁਸ਼ੀ ਨਾਲ ਤੋਰੋ। ਕਿਉਂ ਬਹਾਲ ਦਾਸ ਤੇ ਚਿੰਤ ਰਾਮ, ਤੂੰ ਵੀ ਕੁਝ ਬੋਲ।" ਇਹ ਬਚਨ ਸੁਣਨ ਸਾਰ ਪਤਾ ਨਹੀਂ ਸੇਵਕਾਂ ਦੇ ਮਨ 'ਤੇ ਕੀ ਵਾਪਰੀ, ਬਹਾਲ ਦਾਸ ਜੀ ਤਾਂ ਆਪਣੇ ਬਸਤਰ ਨਾਲ ਬਾਰ-ਬਾਰ ਮੁੱਖ ਸਾਫ਼ ਕਰ ਰਹੇ ਸਨ। ਚਿੰਤ ਰਾਤ ਜੀ ਦੇ ਮੁੱਖ ਤੋਂ ਇੰਨੀ ਗੱਲ ਹੀ ਨਿਕਲੀ, "ਮਹਾਰਾਜ, ਇਹ ਕੀ ਹੋਇਆ ?"

**ਬਹਾਲ ਦਾਸ ਜੀ ਨੇ ਸੁਣੇ ਬਚਨ ਮੁੱਖ ਤੋਂ**
**ਅੱਖਾਂ ਆਪ ਮੁਹਾਰੀਆਂ ਡੁੱਲ੍ਹ ਪਈਆਂ।**
**ਚਿੰਤ ਰਾਮ ਨੂੰ ਚਿੰਤਾ ਨੇ ਆਣ ਫੜਿਆ**
**ਉਸ ਨੂੰ ਸੁੰਨ ਸਮਾਧੀਆਂ ਭੁੱਲ ਗਈਆਂ।**
**ਦਰਸ਼ਨ ਬਿਨਾਂ ਨਾ ਮਨ ਨੂੰ ਚੈਨ ਆਵੇ**
**ਆਪਣਾ ਦਰਸ ਨਾ ਸਾਥੋਂ ਛੁਪਾਇਓ ਜੇ।**
**ਹਥ ਜੋੜ ਕੇ ਕਹਿਣ ਅਨੰਦ ਸਿੰਘ ਜੀ**
**ਪਹਿਲਾਂ ਤੋਰ ਸਾਨੂੰ ਪਿੱਛੋਂ ਜਾਇਓ ਜੇ।**

ਗ਼ਰੀਬ ਨਿਵਾਜ, ਆਪ ਜੀ ਤੋਂ ਬਿਨਾਂ ਸਾਡੀ ਕੀ ਜ਼ਿੰਦਗੀ ਹੈ। ਬਾਬਾ ਅਨੰਦ ਸਿੰਘ ਜੀ ਨੇ ਬਚਨ ਕੀਤਾ, "ਪਹਿਲਾਂ ਸਾਨੂੰ ਤੋਰੋ, ਪਿੱਛੋਂ ਜੋ ਰਜ਼ਾ ਹੋਵੇ, ਕਰਨਾ।" ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਬਚਨ ਕੀਤਾ, "ਰਿਖੀ ਜੀ, ਸਾਨੂੰ ਤੁਹਾਡੇ ਉੱਤੇ ਅੰਤ ਸਮੇਂ ਮਾਇਆ ਪਾਉਣੀ ਪਵੇਗੀ। ਅਸੀਂ ਇਹ ਕੁਝ ਨਹੀਂ ਕਰਨਾ ਚਾਹੁੰਦੇ, ਜਦੋਂ ਸਾਨੂੰ ਹੁਣ ਹੁਕਮ ਆਇਆ, ਅਸੀਂ ਨਹੀਂ ਮੋੜਨਾ। ਬਹਾਲ ਦਾਸ, ਚਿੰਤ ਰਾਮ, ਮਹਾਂਪੁਰਖੋ, ਤੁਹਾਡੇ ਸਭ ਦੇ ਘਰ ਪੂਰੇ ਕਰ ਦਿੱਤੇ ਹਨ।" ਇਸ ਤੋਂ ਉਪਰੰਤ ਸੰਤ ਬਹਾਲ ਦਾਸ ਜੀ ਨੂੰ ਜੱਸੀ ਪੌਂ ਵਾਲੀ ਤੁਰ ਜਾਣ ਦੀ ਆਗਿਆ ਹੋ ਗਈ। ਸੰਤ ਚਿੰਤ ਰਾਮ ਜੀ ਵੀ ਹੁਕਮ ਅਨੁਸਾਰ ਉੱਠ ਕੇ ਚਲੇ ਗਏ। ਉਪਰੰਤ ਬਾਬਾ ਅਨੰਦ ਸਿੰਘ ਜੀ ਵੀ ਹੁਕਮ ਲੈ ਕੇ ਮਾਝੇ ਵੱਲ ਨੂੰ ਚਲੇ ਗਏ।

(ਇਹ ਬਚਨ ਮਾਤਾ-ਪਿਤਾ ਪਾਸੋਂ ਮਿਲਿਆ।)

# ਪੂਰਾ ਗੁਰੁ ਪੂਰੀ ਬਣਤ ਬਣਾਈ॥
# ਨਾਨਕ ਭਗਤ ਮਿਲੀ ਵਡਿਆਈ॥

ਸੰਤ ਨਰੈਣ ਸਿੰਘ ਜੀ ਮਹਿਨਿਆਂ ਵਾਲੇ ਜਿਤਨਾ ਸਮਾਂ ਬਾਬਾ ਮਹਾਂ ਹਰਿਨਾਮ ਸਿੰਘ ਜੀ ਦੀ ਹਜ਼ੂਰੀ ਸੇਵਾ ਵਿਚ ਰਹੇ, ਸਤਿ ਬਚਨ ਦੇ ਅਧਿਕਾਰੀ ਬਣ ਕੇ ਸੇਵਾ ਨਿਭਾਈ ਇਕ ਸੌ ਇਕ ਪਾਠ ਜਪੁਜੀ ਸਾਹਿਬ ਦਾ ਰੋਜ਼ ਕਰਨਾ। ਇਸ ਤੋਂ ਉਪਰੰਤ ਜਿਤਨੀ ਸੇਵਾ ਬਾਬਾ ਜੀ ਦੀ ਹੁੰਦੀ ਸੀ ਸਭ ਇਹਨਾਂ ਦੇ ਰਾਹੀਂ ਹੁੰਦੀ ਸੀ। ਬਾਬਾ ਜੀ ਦੇ ਆਸੇ ਪਾਸੇ ਖੜੇ ਹੀ ਢੋ ਲਾ ਕੇ ਬੇਸ਼ੱਕ ਸੌਂ ਗਏ ਹੋਣ ਨਹੀਂ ਤਾਂ ਹਰ ਵੇਲੇ ਹਾਜ਼ਰ ਹੀ ਰਹਿੰਦੇ ਸਨ। ਇਕ ਵਾਰ ਬਾਬਾ ਜੀ ਨੇ ਆਪਣੇ ਕੋਲੋਂ ਛੋਟਾ ਜਿਹਾ ਪਰਨਾ ਦੇ ਕੇ ਬਚਨ ਕੀਤਾ, "ਲੈ ਬਾਲਿਆ, ਇਹ ਬੰਨ੍ਹ ਲੈ।" ਬਚਨ ਸੁਣ ਕੇ ਸੰਤ ਨਰੈਣ ਸਿੰਘ ਜੀ ਹੈਰਾਨ ਜਿਹੇ ਹੋ ਕੇ ਕਹਿਣ ਲੱਗੇ ਮਹਾਰਾਜ ਇਹ ਕੀ। ਸੁਣ ਕੇ ਹਜ਼ੂਰ ਨੇ ਬਚਨ ਕੀਤਾ, "ਸ਼ੁੱਧ ਹੈ।" ਉਪਰੰਤ ਸੰਤ ਨਰੈਣ ਸਿੰਘ ਜੀ ਨੇ ਬਚਨ ਕੀਤਾ, "ਮਹਾਰਾਜ ਇੰਨਾ ਵੱਡਾ ਕੰਮ ਮੈਂ ਕਿਸ ਤਰ੍ਹਾਂ ਕਰਾਂਗਾ। ਚਾਰ ਸੇਰ ਆਟਾ, ਸੇਰ ਮੂੰਗੀ ਦੀ ਦਾਲ ਇਸ ਵਿਚੋਂ ਹੀ ਆਪ ਸਭ ਕੁਝ ਕਰ ਕਰਾ ਦਿੰਦੇ ਹੋ। ਹਜ਼ੂਰ ਨੇ ਬਚਨ ਕੀਤਾ, "ਬਾਲਿਆ, ਸਮਾਂ ਹੀ ਐਸਾ ਆ ਰਿਹਾ ਹੈ ਕਰਾਂਗੇ ਸਭ ਕੁਝ ਅਸੀਂ ਤੂੰ ਸਿਰਫ਼ ਸਾਡੇ ਆਸਣ ਦਾ ਬਾਰ ਖੋਲ੍ਹ ਕੇ ਬੈਠ ਜਾਈਂ।" ਇਕ ਸਾਡੇ ਖ਼ਜ਼ਾਨੇ ਵਾਲੀ ਕੋਠੜੀ ਦਾ ਦਰਵਾਜ਼ਾ ਨਾ ਛੇੜਿਓ ਬਾਹਰ ਜੋ ਮਰਜ਼ੀ ਬਣਾਈ ਜਾਇਓ। ਇਸ ਹੁਕਮ ਨੂੰ ਮੰਨ ਕੇ ਸੰਤ ਨਰੈਣ ਸਿੰਘ ਜੀ ਨੇ ਉਹ ਕੱਪੜਾ ਲੈ ਕੇ ਸਿਰ ਉੱਤੇ ਬੰਨ੍ਹ ਲਿਆ ਬਾਕੀ ਸਾਰੀ ਸਮਾਂ ਸੇਵਾ ਸਿਦਕ ਅਤੇ ਪ੍ਰੇਮ ਨਾਲ ਨਿਭਾਈ ਸਾਰੀ ਜ਼ਿੰਦਗੀ ਇਥੇ ਹੀ ਗੁਜ਼ਾਰੀ ਸੇਵਾ ਅਤੇ ਸਿਮਰਨ ਕਰਦੇ ਰਹੇ।

ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ ॥
ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ ਲੈ ਚਾਲਿਓ ॥੧॥
ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥ ਜੀਵਤ ਸਾਹਿਬੁ ਸੇਵਿਓ ਆਪਨਾ ਚਲਤੇ ਰਾਖਿਓ ਚੀਤਿ ॥੧॥ ਰਹਾਉ ॥
ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਓ ॥
ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ ਉਠਿ ਉਆਹੂ ਕਉ ਦਉਰਿਓ ॥੧॥
ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ ॥
ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ ॥੨॥
ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ ਸਵਰੇ ਹਲਤ ਪਲਾਤਾ ॥
ਧੰਨੁ ਸੇਵਕੁ ਸਫਲੁ ਓਹੁ ਆਇਆ ਜਿਨਿ ਨਾਨਕ ਖਸਮੁ ਪਛਾਤਾ ॥੩॥

*(ਮਾਰੂ ਮਹਲਾ ੫, ਅੰਗ ੧੦੦੦)*

*(ਇਹ ਪ੍ਰਸੰਗ ਭੁੱਚੋ ਦੀ ਸੰਗਤ ਤੋਂ ਮਿਲਿਆ।)*

# ਜਾ ਕਾ ਹਰਿ ਸੁਆਮੀ ਪ੍ਰਭੁ ਬੇਲੀ। ਪੀੜ ਗਈ ਫਿਰਿ ਨਹੀ ਦੁਹੇਲੀ।

ਨਗਰ ਮਹਿਲ ਕਲਾਂ ਵਿਚ ਇਕ ਸਿੰਘ ਜਿਸ ਦਾ ਨਾਮ ਈਸ਼ਰ ਸਿੰਘ ਸੀ, ਸਰੀਰਕ ਤੌਰ ’ਤੇ ਬੜਾ ਮਜ਼ਬੂਤ, ਲੜਾਈ-ਝਗੜੇ ਕਰਨ ਵਿਚ ਵੀ ਤਕੜਾ ਸੀ। ਵਾਹ ਲੱਗਦੀ ਕਦੇ ਕਿਸੇ ਤੋਂ ਹਾਰ ਵੀ ਨਹੀਂ ਸੀ ਮੰਨਦਾ। ਇਕ ਇਸ ਦਾ ਦੂਸਰਾ ਸਾਥੀ, ਉਸ ਦਾ ਨਾਮ ਵੀ ਈਸ਼ਰ ਸਿੰਘ ਹੀ ਸੀ, ਇਸ ਨੂੰ ਬਿੱਲਾ ਆਖ ਕੇ ਵੀ ਬੁਲਾਉਂਦੇ ਸਨ। ਪਹਿਲੇ ਈਸ਼ਰ ਸਿੰਘ ਨੂੰ ਡੁੱਡਾ ਕਹਿੰਦੇ ਸਨ। ਸ਼ਰੀਕੇ ਵਿਚ ਕਈ ਵਾਰ ਲੜਾਈ ਤੇ ਕਈ ਵਾਰ ਸੁਲਾਹ ਸਫ਼ਾਈ ਹੋਈ। ਇਕ ਵਾਰ ਕਿਸੇ ਮਾਈ ਨੇ ਦੋਵੇਂ ਈਸ਼ਰ ਸਿੰਘ ਡੁੱਡਾ

ਤੇ ਈਸ਼ਰ ਸਿੰਘ ਬਿੱਲਾ ਨੂੰ ਆਪਣੇ ਕੋਲੋਂ ਦੁੱਧ ਪਿਆ ਦਿੱਤਾ। ਬਿੱਲਾ ਤਾਂ ਉਸੇ ਵੇਲੇ ਉੱਛਲ ਗਿਆ ਤੇ ਈਸ਼ਰ ਸਿੰਘ ਡੁੱਡਾ ਨਾ ਉਛਲਿਆ। ਦੁੱਧ ਵਿਚ ਮਿਲੀ ਹੋਈ ਚੀਜ਼ ਨੇ ਇਸ 'ਤੇ ਅਸਰ ਕਰਨਾ ਸ਼ੁਰੂ ਕਰ ਦਿੱਤਾ। ਰੋਗ ਵਧਦਾ-ਵਧਦਾ ਅਖ਼ੀਰ 'ਤੇ ਪਹੁੰਚ ਗਿਆ। ਬਚਣ ਦੀ ਉਮੀਦ ਨਾ ਰਹੀ। ਦਿਨ-ਬ-ਦਿਨ ਰੋਗ ਭਿਆਨਕ ਸ਼ਕਲ ਧਾਰਨ ਕਰ ਗਿਆ। ਈਸ਼ਰ ਸਿੰਘ ਡੁੱਡੇ ਨੂੰ ਹਰਿਨਾਮ ਸਿੰਘ ਗ੍ਰੰਥੀ ਨੇ ਕਿਹਾ, "ਈਸ਼ਰ ਸਿੰਘ, ਮੈਂ ਸੁਣਿਆ ਹੈ ਕਿ ਭੁੱਚੋ ਇਕ ਮਹਾਂਪੁਰਖ ਹਨ ਤੇ ਆਪਾਂ ਉਥੇ ਚੱਲੀਏ ਤਾਂ ਤੇਰੀ ਜ਼ਿੰਦਗੀ ਬਚ ਸਕਦੀ ਹੈ।" ਇਹਨਾਂ ਦਿਨਾਂ ਵਿਚ ਮਹਿਲ ਕਲਾਂ ਤੋਂ ਇਕ ਮਿਸਤਰੀ ਸਿੰਘਾਂ ਦੀ ਜੰਞ ਭੁੱਚੋ ਕਲਾਂ ਆਉਣੀ ਸੀ, ਉਸ ਨਾਲ ਹਰਿਨਾਮ ਸਿੰਘ ਗ੍ਰੰਥੀ ਨੇ ਆਉਣਾ ਸੀ ਤੇ ਉਹ ਈਸ਼ਰ ਸਿੰਘ ਡੁੱਡੇ ਨੂੰ ਨਾਲ ਲੈ ਆਇਆ। ਹਰਿਨਾਮ ਸਿੰਘ ਗ੍ਰੰਥੀ ਤੇ ਈਸ਼ਰ ਸਿੰਘ ਡੁੱਡਾ ਦੋਵੇਂ ਮਿਲ ਕੇ ਬਾਬਾ ਜੀ ਪਾਸ ਡੇਰੇ ਪਹੁੰਚੇ। ਬਾਬਾ ਜੀ ਪੁੱਛਿਆ, "ਦਰਸ਼ਨ ਕਰਨ ਆਏ ਕਿ ਪ੍ਰਸ਼ਨ ਕਰਨ ਆਏ।" ਪਹਿਲਾਂ ਤਾਂ ਦੋਹਾਂ ਨੇ ਦਰਸ਼ਨ ਕਰਨ ਆਏ ਹੀ ਆਖਿਆ। ਅੱਗੋਂ ਬਾਬਾ ਜੀ ਨੇ ਮੋੜਵਾਂ ਉੱਤਰ ਦਿੱਤਾ, "ਅਜੇ ਤਾਂ ਲੱਡੂ ਖਾਂਦੇ ਫਿਰਦੇ ਹੋ।" ਉਪਰੰਤ ਹਰਿਨਾਮ ਸਿੰਘ ਗ੍ਰੰਥੀ ਨੇ ਈਸ਼ਰ ਸਿੰਘ ਡੁੱਡੇ ਵੱਲ ਇਸ਼ਾਰਾ ਕਰ ਕੇ ਬੇਨਤੀ ਕੀਤੀ, "ਮਹਾਰਾਜ, ਇਹ ਬੀਮਾਰ ਬਹੁਤ ਜ਼ਿਆਦਾ ਹੈ। ਇਸ 'ਤੇ ਕ੍ਰਿਪਾ ਕਰੋ।" ਹਜ਼ੂਰ ਨੇ ਬੇ-ਪਰਵਾਹੀ ਦੇ ਅੰਦਾਜ਼ ਵਿਚ ਬਚਨ ਕੀਤਾ, "ਇਕ ਸਾਨ੍ਹ ਛੱਤਰਾ ਇੱਜੜ ਵਿਚੋਂ ਚੁੱਕ ਕੇ ਖਾਧਾ, ਇਕ ਛੱਤਰਾ ਓਡਾਂ ਦਾ ਚੁੱਕ ਕੇ ਖਾਧਾ, ਤੁਹਾਨੂੰ ਦੋ ਜਣਿਆਂ ਨੂੰ ਇਕੱਠਾ ਦੁੱਧ ਪਿਆਇਆ। ਇਕ ਇੱਟਾਂ 'ਤੇ ਬੈਠਾ ਸੀ, ਉਹ ਤਾਂ ਉੱਛਲ ਗਿਆ ਤੇ ਬਚ ਗਿਆ ਤਾਂ ਹੀ ਉਹ ਆਇਆ ਨਹੀਂ। ਤੈਨੂੰ ਪਚ ਗਿਆ, ਤੇਰੀ ਇਹ ਹਾਲਤ ਹੋ ਗਈ। ਇਕ ਮਾਈ ਨੇ ਇਹ ਕੰਮ ਕੀਤਾ ਹੈ।" ਇਹ ਬਚਨ ਸੁਣ ਕੇ ਈਸ਼ਰ ਸਿੰਘ ਡੁੱਡਾ ਅਤੇ ਹਰਿਨਾਮ ਸਿੰਘ ਗ੍ਰੰਥੀ ਹੈਰਾਨ ਹੋ ਗਏ। ਮਨ ਵਿਚ ਯਕੀਨ ਆ ਗਿਆ ਕਿ ਹੁਣ ਜੇ ਮਿਹਰ ਹੋ ਗਈ ਤਾਂ ਜ਼ਿੰਦਗੀ ਬਚ ਸਕਦੀ ਹੈ। ਮਹਾਂਪੁਰਖ ਪੂਰੇ ਹਨ। ਫਿਰ ਬੇਨਤੀ ਕੀਤੀ, "ਮਹਾਰਾਜ, ਕ੍ਰਿਪਾ ਕਰੋ।" ਬਾਬਾ ਜੀ ਨੇ ਈਸ਼ਰ ਸਿੰਘ

ਡੁੱਡੇ ਨੂੰ ਮੁਖ਼ਾਤਿਬ ਕਰ ਕੇ ਬਚਨ ਕੀਤਾ, "ਤੂੰ ਕੁਝ ਪੜ੍ਹਿਆ ਹੈਂ ?" ਉਸ ਸਮੇਂ ਹਰਿਨਾਮ ਸਿੰਘ ਗ੍ਰੰਥੀ ਨੇ ਦੱਸਿਆ, "ਜੀ, ਮੈਂ ਪੜ੍ਹਿਆ ਹਾਂ ਤੇ ਇਹ ਅਨਪੜ੍ਹ ਹੈ।" ਹਜ਼ੂਰ ਨੇ ਇਕ ਕਾਗ਼ਜ਼ ਚੁੱਕ ਕੇ ਤਵੀਤ ਵਾਂਗੂੰ ਕਰ ਕੇ ਤਿੰਨ ਹਿੱਸੇ ਕਰ ਕੇ ਬਚਨ ਕੀਤਾ, "ਇਕ ਨੂੰ ਘੋਲ ਕੇ ਪੀ ਲੈਣਾ, ਦੂਜੇ ਨੂੰ ਅੱਗ ਵਿਚ ਸੁੱਟ ਦੇਣਾ, ਤੀਜੇ ਨਾਲ ਇਸ਼ਨਾਨ ਕਰ ਲੈਣਾ। ਅਉਖੀ ਘੜੀ ਨਾ ਦੇਖਣ ਦੇਈ ਵਾਲਾ ਸ਼ਬਦ ਪੜ੍ਹ ਕੇ ਸਭ ਕੁਝ ਕਰਨਾ।" ਆਰਾਮ ਤਾਂ ਬਚਨ ਨਾਲ ਵੀ ਕਰ ਸਕਦੇ ਸਨ ਪਰ ਇਹ ਇਕ ਬਹਾਨਾ ਸੀ, ਉਹ ਸਾਰਾ ਸ਼ਬਦ ਇਥੇ ਲਿਖਿਆ ਜਾ ਰਿਹਾ ਹੈ :

**ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ ॥**
**ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ ਪ੍ਰਤਿਪਾਲੇ ॥੧॥**
**ਪ੍ਰਭ ਸਿਉ ਲਾਗਿ ਰਹਿਓ ਮੇਰਾ ਚੀਤੁ ॥**
**ਆਦਿ ਅੰਤਿ ਪ੍ਰਭੁ ਸਦਾ ਸਹਾਈ**
**ਧੰਨੁ ਹਮਾਰਾ ਮੀਤੁ ॥ ਰਹਾਉ ॥**
**ਮਨਿ ਬਿਲਾਸ ਭਏ ਸਾਹਿਬ ਕੇ ਅਚਰਜ ਦੇਖਿ ਬਡਾਈ ॥**
**ਹਰਿ ਸਿਮਰਿ ਸਿਮਰਿ ਆਨਦ ਕਰਿ ਨਾਨਕ**
**ਪ੍ਰਭਿ ਪੂਰਨ ਪੈਜ ਰਖਾਈ ॥**

*(ਧਨਾਸਰੀ ਮਹਲਾ ੫, ਅੰਗ ੬੮੨)*

ਨਾਲ ਬਚਨ ਕੀਤਾ, "ਤੇਰੇ ਪਿਛਲੇ ਗੁਨਾਹ ਸਭ ਬਖ਼ਸ਼ੇ, ਅੱਗੇ ਨੂੰ ਨਾ ਕਰੀਂ। ਜੇ ਕਰੇਂਗਾ ਤਾਂ ਅਸੀਂ ਜ਼ਿੰਮੇਵਾਰ ਨਹੀਂ।" ਈਸ਼ਰ ਸਿੰਘ ਡੁੱਡੇ ਨੇ ਹੁਕਮ ਅਨੁਸਾਰ ਜੋ ਇਲਾਜ ਬਾਬਾ ਜੀ ਨੇ ਦੱਸਿਆ, ਕਰ ਲਿਆ। ਸਰੀਰ ਤੰਦਰੁਸਤ ਹੋ ਗਿਆ। ਈਸ਼ਰ ਸਿੰਘ ਡੁੱਡੇ ਨੂੰ ਰਾਜ਼ੀ ਹੋਇਆ ਵੇਖ ਕੇ ਸਭ ਲੋਕ ਹੈਰਾਨ ਹੋ ਗਏ। ਰਾਜ਼ੀ ਹੋ ਕੇ ਫਿਰ ਉਹਨਾਂ ਕੰਮਾਂ ਵਿਚ ਲੱਗ ਗਿਆ। ਜਿਸ ਦਾ ਨਤੀਜਾ ਇਹ ਹੋਇਆ ਕਿ ਸ਼ਰੀਕੇ ਵਾਲਿਆਂ ਨੇ ਕਿਸੇ ਬਹਾਨੇ ਘਰੋਂ ਬਾਹਰ ਸੱਦ ਕੇ ਕੁੱਟ ਕੇ ਲੱਤ ਭੰਨ ਦਿੱਤੀ ਤੇ ਈਸ਼ਰ ਸਿੰਘ ਡੁੱਡਾ ਅਖਵਾਇਆ। ਸਾਰੀ ਜ਼ਿੰਦਗੀ ਖਰੌੜੀ 'ਤੇ ਤੁਰਦਾ ਰਿਹਾ। ਮਹਾਂਪੁਰਖਾਂ ਦਾ ਪ੍ਰਤੱਖ ਪ੍ਰਮਾਣ ਵੇਖ ਕੇ ਵੀ ਆਪਣੇ ਆਪ ਨੂੰ ਸੰਭਾਲ

ਨਾ ਸਕਿਆ, ਖੋਟੀਆਂ ਆਦਤਾਂ ਨਹੀਂ ਛੱਡੀਆਂ। ਭਗਤ ਕਬੀਰ ਜੀ ਦਾ ਕਥਨ ਹੈ:

**ਜਨ ਭਗਤਨ ਕੋ ਕਹੋ ਨ ਮਾਨੋ ਕੀਓ ਅਪਨੋ ਪਈ ਹੈ ॥੨॥**
**ਦੁਖ ਸੁਖ ਕਰਤ ਮਹਾ ਭ੍ਰਮਿ ਬੂਡੋ ਅਨਿਕ ਜੋਨਿ ਭਰਮਈ ਹੈ ॥**
**ਰਤਨ ਜਨਮੁ ਖੋਇਓ ਪ੍ਰਭੁ ਬਿਸਰਿਓ**
**ਇਹੁ ਅਉਸਰੁ ਕਤ ਪਈ ਹੈ ॥੩॥**

*(ਰਾਗ ਗੂਜਰੀ ਭਗਤ ਕਬੀਰ ਜੀ, ਅੰਗ ੫੨੪)*

ਸਤਿ ਸੰਗਤ ਤੋਂ ਟੁੱਟ ਕੇ ਹਰ ਇਕ ਦੀ ਇਹੀ ਹਾਲਤ ਹੁੰਦੀ ਹੈ, ਭਾਵੇਂ ਕੋਈ ਕਿਤਨਾ ਵੀ ਸਿਆਣਾ ਕਿਉਂ ਨਾ ਬਣ ਜਾਏ।

**ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥**
**ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥੧੫॥**

*(ਸਲੋਕ ਫਰੀਦ ਜੀ, ਅੰਗ ੧੩੭੮)*

ਇਸ ਦੇ ਸਾਥੀ ਈਸ਼ਰ ਸਿੰਘ ਬਿੱਲੇ ਨੇ ਸਾਰੀ ਜ਼ਮੀਨ ਨਾਨਕਸਰ ਜੋ ਮਹਿਲ ਕਲਾਂ ਵਿਚ ਹੈ, ਉਸ ਦੇ ਨਾਮ ਕਰਵਾ ਦਿੱਤੀ। ਈਸ਼ਰ ਸਿੰਘ ਡੁੱਡਾ ਸਿਰਫ਼ ਇਕ ਗੇਟ ਹੀ ਬਣਾ ਸਕਿਆ, ਜਦੋਂ ਕਿ ਚਾਹੁੰਦਾ ਸੀ ਕਿ ਮੇਰੀ ਜ਼ਮੀਨ ਵੀ ਨਾਨਕਸਰ ਮਹਿਲ ਕਲਾਂ ਦੇ ਨਾਮ ਲੱਗੇ, ਪਰ ਲੱਗ ਨਾ ਸਕੀ। ਫਿਰ ਕਿਸੇ ਸਮੇਂ ਈਸ਼ਰ ਸਿੰਘ ਡੁੱਡਾ ਭੁੱਚੋ ਡੇਰੇ ਆ ਕੇ ਦਰਸ਼ਨ ਵੀ ਕਰ ਗਿਆ ਸੀ।

(ਇਹ ਪ੍ਰਸੰਗ ਜੀਤ ਸਿੰਘ, ਨਾਜਰ ਸਿੰਘ, ਸੁਖਦੇਵ ਸਿੰਘ ਮਹਿਲ ਕਲਾਂ ਨੇ ਲਿਖਾਇਆ।)

## ਭਰਮਿ ਭੁਲਾਈ ਸਭੁ ਜਗੁ ਫਿਰੀ ਫਾਵੀ ਹੋਈ ਭਾਲਿ ॥
## ਸੋ ਸਹੁ ਸਾਂਤਿ ਨ ਦੇਵਈ ਕਿਆ ਚਲੈਤਿਸੁ ਨਾਲਿ ॥

ਇਨਸਾਨ ਦੁਨਿਆਵੀ ਲੋੜ ਪੂਰੀ ਕਰਨ ਵਾਸਤੇ ਨਾਮ ਜਪਦਾ ਹੈ, ਸੇਵਾ ਕਰਦਾ ਹੈ ਪਰੰਤੂ ਉਸ ਦੀ ਲੋੜ ਪੂਰੀ ਨਾ ਹੋਣ ਕਰਕੇ ਸੇਵਾ ਸਿਮਰਨ ਵੱਲੋਂ ਬੇਮੁਖ ਹੋ ਜਾਂਦਾ ਹੈ। ਜਦੋਂ ਕਿ ਉਹੋ ਜਿਹੀ ਦੁਨਿਆਵੀ ਮੰਗ ਕਿਸੇ ਬੰਦੇ ਦੀ ਹੋਰ ਪਾਸੇ ਤੋਂ ਪੂਰੀ ਹੋ ਗਈ ਵੇਖਦਾ ਹੈ ਤਾਂ ਮਨ ਵਿਚ ਹੋਰ ਕਈ ਤਰ੍ਹਾਂ ਦੇ ਵਿਚਾਰ ਆਉਂਦੇ ਹਨ। ਐਸਾ ਹੀ ਇਕ ਕੋਈ ਪ੍ਰੇਮੀ ਕਿਸੇ ਸਮੇਂ ਬਾਬਾ ਅਨੰਦ ਸਿੰਘ ਜੀ ਪਾਸ ਆਇਆ। ਅੱਗੇ ਬਾਬਾ ਅਨੰਦ ਸਿੰਘ ਜੀ ਨਾਮ ਜਪਣ ਦੀ ਵਿਸ਼ੇਸ਼ਤਾ ਦੱਸ ਰਹੇ ਸਨ। ਸਮਾਂ ਵੇਖ ਕੇ ਇਸ ਪ੍ਰੇਮੀ ਨੇ ਵੀ ਆਪਣੇ ਨਾਲ ਵਾਪਰੀ ਸਾਰੀ ਕਹਾਣੀ ਦੱਸੀ ਤੇ ਨਾਲ ਹੀ ਬੇਨਤੀ ਕਰ ਦਿੱਤੀ, "ਮੈਂ ਇਤਨਾ ਚਿਰ ਸਿਮਰਨ ਕੀਤਾ, ਮੇਰੀ ਮਾਮੂਲੀ ਜਿਹੀ ਮੰਗ ਪੂਰੀ ਨਹੀਂ ਹੋਈ। ਮੇਰੇ ਨਾਲ ਦੇ ਸਾਥੀ ਆਪਣੀਆਂ ਮੰਗਾਂ ਪੂਰੀਆਂ ਕਰ ਚੁੱਕੇ ਹਨ।" ਕਿਤਨਾ ਚਿਰ ਚੁੱਪ ਰਹਿਣ ਤੋਂ ਬਾਅਦ ਬਾਬਾ ਅਨੰਦ ਸਿੰਘ ਜੀ ਨੇ ਬਚਨ ਕੀਤਾ, "ਤੂੰ ਭੁੱਚੋ ਪਹੁੰਚ, ਉਥੇ ਸਾਡੇ ਗੁਰੂ ਹਨ, ਉਹ ਤੇਰੀ ਸ਼ੰਕਾ ਜਿਵੇਂ ਕਹੇਂਗਾ ਉਵੇਂ ਹੀ ਪੂਰੀ ਕਰ ਦੇਣਗੇ। ਇਹਨਾਂ ਗੱਲਾਂ ਦਾ ਜਵਾਬ ਉਹਨਾਂ ਪਾਸ ਹੈ।" ਇਸ ਹੁਕਮ ਨੂੰ ਸੁਣ ਕੇ ਉਹ ਪ੍ਰੇਮੀ ਤੁਰਦਾ-ਤੁਰਦਾ ਭੁੱਚੋ ਪਹੁੰਚ ਗਿਆ। ਜਿਸ ਸਮੇਂ ਇਸ ਸਿੰਘ ਨੇ ਪਹਿਰੇਦਾਰ ਰਾਹੀਂ ਆਗਿਆ ਲੈ ਕੇ ਬਾਬਾ ਜੀ ਪਾਸ ਪਹੁੰਚ ਕੇ ਨਮਸਕਾਰ ਕੀਤੀ, ਹਜ਼ੂਰ ਨੇ ਉਸੇ ਵੇਲੇ ਹੀ ਬਚਨ ਕੀਤਾ, "ਕੇਸਰਾ, ਮਹਾਂਪੁਰਖਾਂ ਨੇ ਇਕ ਨਵਾਂ ਹੀ ਗੋਰਖਧੰਦਾ ਸਾਡੇ ਗਲ ਪਾ ਦਿੱਤਾ ਹੈ। ਭਲਾ ਉਹ ਆਪ ਨਹੀਂ ਸੀ ਕਰ ਸਕਦੇ।" ਇਸ ਤੋਂ ਉਪਰੰਤ ਉਸ ਨੂੰ ਆਪ-ਬੀਤੀ ਸੁਣਾਉਣ ਦਾ ਹੁਕਮ ਹੋਇਆ। ਉਸ ਨੇ ਦੱਸਿਆ, "ਜੀ, ਮੈਂ ਇਕ ਮਾਮੂਲੀ ਜਿਹੀ ਘਰੇਗੀ ਲੋੜ ਪੂਰੀ ਕਰਨ ਭਾਵ ਕਿ ਮਾਇਆ ਵਾਸਤੇ

ਇਕ-ਇਕ ਕਰ ਕੇ ਬੱਤੀ ਲੱਖ ਮੂਲ ਮੰਤਰ ਦਾ ਪਾਠ ਕੀਤਾ ਹੈ। ਮੇਰਾ ਤਾਂ ਕੰਮ ਉਥੇ ਹੀ ਹੈ ਪਰ ਮੇਰੇ ਨਾਲ ਦੇ ਸਾਥੀ ਮੌਜਾਂ ਕਰਦੇ ਹਨ ਤੇ ਉਹਨਾਂ ਵੱਲ ਵੇਖ ਕੇ ਮੇਰਾ ਮਨ ਉਦਾਸ ਹੋ ਗਿਆ ਹੈ। ਇਤਨਾ ਭਜਨ, ਨਿਤਨੇਮ ਕਰਨ ਨਾਲ ਜੇ ਛੋਟਾ ਜਿਹਾ ਕੰਮ ਹੀ ਨਹੀਂ ਹੋਇਆ ਤਾਂ ਹੋਰ ਵੱਡਾ ਕਿਵੇਂ ਹੋ ਸਕਦਾ ਹੈ।" ਉੱਤਰ ਵਿਚ ਬਾਬਾ ਜੀ ਨੇ ਬਚਨ ਕੀਤਾ, "ਮੇਰੀ ਤਸੱਲੀ ਕਰਾ ਕੇ ਤੈਨੂੰ ਤੋਰਾਂਗੇ। ਸਭ ਕੁਝ ਆਪਣਾ ਵੇਖ ਲਵੀਂ। ਤੈਨੂੰ ਇਥੇ ਕੁਝ ਦਿਨ ਰਹਿਣਾ ਪਵੇਗਾ।" ਉਸ ਨੇ ਸਤਿ ਬਚਨ ਕੀਤਾ। ਉਪਰੰਤ ਹੁਕਮ ਕੀਤਾ, "ਤੂੰ ਰੂੰਮੀ ਜਾ ਕੇ ਠਹਿਰ, ਲੰਗਰ ਵਿਚੋਂ ਪ੍ਰਸ਼ਾਦਾ ਛੱਕ ਕੇ ਹਾਜ਼ਰੀ ਲੁਆ ਕੇ ਚਲਾ ਜਾਇਆ ਕਰੀਂ।" ਮੂਲ ਮੰਤਰ ਦੇ ਪਾਠ ਕਰਨ ਦਾ ਉਸ ਨੂੰ ਫਿਰ ਹੁਕਮ ਹੋਇਆ। ਇਸ ਦੇ ਨਾਲ ਹੀ ਉਸ ਨੇ ਸਤਿ ਬਚਨ ਕਰ ਦਿੱਤਾ ਅਤੇ ਰੂੰਮੀ ਰਹਿਣ ਲੱਗ ਪਿਆ। ਤਕਰੀਬਨ ਵੀਹ ਕੁ ਦਿਨ ਰਹਿਣ ਤੋਂ ਬਾਅਦ ਇਕ ਦਿਨ ਉਹ ਮੂੰਹ-ਹਨੇਰੇ ਹੀ ਬਾਬਾ ਜੀ ਪਾਸ ਆ ਪਹੁੰਚਿਆ। ਹਜ਼ੂਰ ਨੇ ਅਜੇ ਕੋਠੜੀ ਦਾ ਦਰਵਾਜ਼ਾ ਖੋਲ ਕੇ ਸੰਗਤ ਨਾਲ ਬਚਨ ਹੀ ਸ਼ੁਰੂ ਕੀਤੇ ਸਨ, ਇਸ ਨੇ ਆ ਨਮਸਕਾਰ ਕੀਤੀ। ਤਤਕਾਲ ਹੀ ਬਾਬਾ ਜੀ ਨੇ ਬਚਨ ਕੀਤਾ, "ਕਿਉਂ ਬਈ, ਤੈਥੋਂ ਖ਼ੁਸ਼ੀ ਝੱਲੀ ਨਾ ਗਈ, ਝੱਟ ਠਹਿਰ ਕੇ ਆ ਜਾਂਦਾ।" ਉਸ ਨੇ ਬੇਨਤੀ ਕੀਤੀ, "ਜੀ, ਆਪ ਜਾਣਦੇ ਹੀ ਹੋ, ਮੈਂ ਕੀ ਦੱਸਾਂ।" ਬਾਬਾ ਜੀ ਨੇ ਬਚਨ ਕੀਤਾ, "ਹੁਣ ਤੂੰ ਆਪਣੇ ਅੱਖੀਂ ਵੇਖਿਆ ਆਪੇ ਦੱਸ।" ਉਪਰੰਤ ਉਸ ਨੇ ਦੱਸਣਾ ਸ਼ੁਰੂ ਕੀਤਾ, "ਜੀ, ਅੱਜ ਤੜਕੇ ਆਪ ਜੀ ਦੇ ਹੁਕਮ ਅਨੁਸਾਰ ਮੈਂ ਇਸ਼ਨਾਨ ਕਰ ਕੇ ਨਿਤਨੇਮ ਕਰਨ ਲੱਗਾ। ਪਤਾ ਨਹੀਂ ਮੈਂ ਜਾਗਦਾ ਸੀ ਕਿ ਸੁੱਤਾ, ਪਰ ਮੈਂ ਚੌਂਕੜੀ ਮਾਰ ਕੇ ਬੈਠਾ ਰਿਹਾ। ਹਾਂ, ਇਕ ਦਮ ਮੇਰੇ ਸਾਹਮਣੇ ਚਾਨਣ ਹੀ ਚਾਨਣ ਹੋ ਗਿਆ। ਬੜੀ ਮਿੱਠੀ-ਮਿੱਠੀ ਵਾਸ਼ਨਾ ਆਉਣ ਲੱਗ ਪਈ। ਇਕ ਸੋਹਣਾ-ਸੋਹਣਾ ਕੁਝ ਦਿਖਾਈ ਦੇ ਰਿਹਾ ਸੀ। ਦੋ ਤਖ਼ਤ, ਇਕ ਦੇ ਉੱਤੇ ਆਪ ਬੈਠੇ ਹੋ, ਦੂਜੇ ਉੱਤੇ ਗੁਰੂ ਨਾਨਕ ਸਾਹਿਬ ਬੈਠੇ ਹਨ। ਬੇਅੰਤ ਸੰਗਤ ਬੈਠੀ ਹੈ। ਇਕ ਦੇਵਤਾ ਜਿਸ ਦੇ ਕੋਲ ਕੁਝ ਕਾਗ਼ਜ਼ਾਂ ਦੀਆਂ ਕਾਪੀਆਂ ਵਰਗੀਆਂ ਚੀਜ਼ਾਂ ਚੁੱਕੀਆਂ ਹਨ। ਤੁਹਾਡੇ ਤੇ ਸਤਿਗੁਰੂ ਦੇ ਅੱਗੇ ਹੱਥ ਜੋੜ ਕੇ ਖੜਾ ਹੈ। ਉਸ ਨੇ ਪੜ੍ਹ

ਕੇ ਸੁਣਾਇਆ ਹੈ, ਮੈਂ ਸੁਣ ਰਿਹਾ ਹਾਂ। ਦੱਸਿਆ ਗਿਆ ਕਿ ਮੈਂ ਬੱਤੀ ਲੱਖ ਮੂਲ ਮੰਤਰ ਦਾ ਪਾਠ ਕੀਤਾ, ਮੇਰਾ ਤਿੰਨ ਜਨਮ ਦਾ ਕੋਹੜ ਹਟਿਆ ਹੈ।

**ਅਪਨੇ ਲੋਭ ਕਉ ਕੀਨੋ ਮੀਤੁ ॥**
**ਸਗਲ ਮਨੋਰਥ ਮੁਕਤਿ ਪਦੁ ਦੀਤੁ ॥**
**ਐਸਾ ਮੀਤੁ ਕਰਹੁ ਸਭੁ ਕੋਇ ॥**
**ਜਾ ਤੇ ਬਿਰਥਾ ਕੋਇ ਨ ਹੋਇ ॥ ਰਹਾਉ ॥**
**ਅਪਨੈ ਸੁਆਇ ਰਿਦੈ ਲੈ ਧਾਰਿਆ ॥**
**ਦੂਖ ਦਰਦ ਰੋਗ ਸਗਲ ਬਿਦਾਰਿਆ ॥੨॥**
**ਰਸਨਾ ਗੀਧੀ ਬੋਲਤ ਰਾਮ ॥**
**ਪੂਰਨ ਹੋਏ ਸਗਲੇ ਕਾਮ ॥੩॥**
**ਅਨਿਕ ਬਾਰ ਨਾਨਕ ਬਲਿਹਾਰਾ ॥**
**ਸਫਲ ਦਰਸਨੁ ਗੋਬਿੰਦੁ ਹਮਾਰਾ ॥**

*(ਗਉੜੀ ਮਹਲਾ ੫, ਅੰਗ ੧੯੫)*

ਜੇ ਕੋਹੜ ਨਹੀਂ ਹਟਾਉਣਾ ਤਾਂ ਉਸ ਦਾ ਫਲ ਮਿਲ ਸਕਦਾ ਹੈ। ਫਿਰ ਮੈਨੂੰ ਹੁਕਮ ਹੋਇਆ ਕਿ ਜੋ ਕੁਝ ਆਖਣਾ ਹੈ, ਮੈਂ ਤੁਹਾਡੇ ਪਾਸ ਪਹੁੰਚ ਕੇ ਕਹਿ ਦੇਵਾਂ। ਸੋ ਮੈਂ ਹੁਣ ਹਾਜ਼ਰ ਹੋਇਆ ਹਾਂ। ਕ੍ਰਿਪਾ ਕਰੋ, ਮੈਨੂੰ ਨਾਮ ਜਪਾਓ। ਮੈਂ ਨਾਮ ਜਪਣ ਤੋਂ ਬਿਨਾਂ ਕੁਝ ਨਹੀਂ ਮੰਗਦਾ, ਮੇਰੀ ਸਭ ਤਰ੍ਹਾਂ ਤਸੱਲੀ ਹੋ ਗਈ ਹੈ।" ਉਪਰੰਤ ਬਾਬਾ ਜੀ ਨੇ ਉਸ ਨੂੰ ਬਹੁਤ ਖ਼ੁਸ਼ੀਆਂ ਬਖ਼ਸ਼ੀਆਂ। ਪੂਰਨ ਪੁਰਖ ਦੀ ਮਿਹਰ ਸਦਕਾ ਸਭ ਸੰਸੇ ਨਵਿਰਤ ਹੁੰਦੇ ਹਨ।

**ਸਾਹਿਬੁ ਮੇਰਾ ਉਜਲਾ ਜੇ ਕੋ ਚਿਤਿ ਕਰੇਇ ॥**
**ਨਾਨਕ ਸੋਈ ਸੇਵੀਐ ਸਦਾ ਸਦਾ ਜੋ ਦੇਇ ॥**
**ਨਾਨਕ ਸੋਈ ਸੇਵੀਐ ਜਿਤੁ ਸੇਵਿਐ ਦੁਖੁ ਜਾਇ ॥**
**ਅਵਗੁਣ ਵੰਞਨਿ ਗੁਣ ਰਵਹਿ ਮਨਿ ਸੁਖੁ ਵਸੈ ਆਇ ॥**

*(ਰਾਮਕਲੀ ਵਾਰ ਮਹਲਾ ੧, ਅੰਗ ੯੫੬)*

**ਬ੍ਰਹਮ ਮਹੇਸ਼ਰ ਬਿਸਨ ਸਦਾ ਜਸ ਜਾ ਕੋ ਗਾਵਤ।**

**ਇੰਦ੍ਰ ਕੁਬੇਰ ਗਣੇਸ਼ ਸ਼ੇਸ਼ ਸਦ ਸੀਸ ਨਿਵਾਵਤ।**
**ਧਰਮ ਰਾਜ ਤਰਪਤ ਰਹੈ ਸਿਧ ਸਾਧਕ ਡਰਪਾਇਆ।**
**ਡਰਪੈ ਕੌਲਾਂ ਛਲ ਬਪੁਰੀ ਜਿਸ ਨੇ ਸਭ ਬ੍ਰਹਿਮੰਡ ਭੁਲਾਇਆ।**
**ਆਦ ਰੂਪ ਪੋਖਣ ਭਰਨ ਸਰਬ ਥਾਨ ਮਹਿ ਸਦਾ ਸਦਾ।**
**ਸੋ ਰੂਪ ਮਹਾਂ ਹਰਿਨਾਮ ਸਿੰਘ ਅਨੰਦੁ ਸਿੰਘ ਸੇ ਨਹਿ ਜੁਦਾ।**

(ਇਹ ਪ੍ਰਸੰਗ ਪਿਤਾ ਜੀ ਪਾਸੋਂ ਮਿਲਿਆ।)

# ਜਾ ਕਉ ਬਖਸੇ ਮੇਲੇ ਸੋਇ॥
# ਐਥੈ ਓਥੈ ਸਦਾ ਸੁਖੁ ਹੋਇ॥

ਗੁਰੂ ਨਾਨਕ ਦੀ ਮਿਹਰ ਪੱਥਰਾਂ, ਬਿਰਛਾਂ, ਦੇਵ, ਦਾਨਵ, ਮਨੁੱਖ, ਸਭ 'ਤੇ ਹੋਈ। ਸਰਬੱਤ ਨੂੰ ਤਾਰਿਆ, ਪਤਾ ਨਹੀਂ ਲੱਗਦਾ ਇਨਸਾਨ ਦੀ ਸਮਝ ਤੋਂ ਬਾਹਰ ਇਹ ਗੱਲ ਕਦੋਂ ਤੇ ਕਿਵੇਂ ਹੁੰਦੀ ਹੈ। ਮਹਾਂਪੁਰਖ ਦੇ ਮਨ ਮਿਹਰ ਪੈ ਜਾਏ ਤਾਂ ਕਲਿਆਣ ਕਰਦਿਆਂ ਇਕ ਸੈਕਿੰਡ ਵੀ ਨਹੀਂ ਲੱਗਦਾ। ਇਸ ਸਮੇਂ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਬਚਨ ਕੀਤਾ, "ਨੀਲਾ ਸਿੰਆਂ, ਅੱਜ ਤੂੰ ਪਹਿਰੇ 'ਤੇ ਖੜਨਾ ਹੈ। ਇਕ ਬਾਂਦਰਾਂ ਦਾ ਤਮਾਸ਼ਾ ਕਰਨ ਵਾਲਾ ਆਏਗਾ, ਉਸ ਨੂੰ ਅੰਦਰ ਲੈ ਆਵੀਂ।" ਦੁਪਹਿਰ ਤੋਂ ਬਾਅਦ ਇਕ ਕਲੰਦਰ, ਜਿਸ ਦੇ ਕੋਲ ਬਾਂਦਰਾਂ ਦੀ ਜੋੜੀ ਸੀ, ਆਇਆ। ਉਪਰੰਤ ਬਾਬਾ ਜੀ ਕੋਲ ਬੇਨਤੀ ਕਰ ਦਿੱਤੀ। ਹਜ਼ੂਰ ਉਸ ਵੇਲੇ ਦੁੱਧ ਛੱਕ ਰਹੇ ਸਨ ਤੇ ਬਚਨ ਕੀਤਾ, "ਮੌਕੇ ਸਿਰ ਹੀ ਆ ਗਿਆ। ਕੋਠੀ ਦੇ ਬਰਾਂਡੇ ਵਿਚ ਅਟਕਾਓ।" ਦੁੱਧ ਛਕਣ ਉਪਰੰਤ ਅੱਗੇ ਜਿਨ੍ਹਾਂ ਸੇਵਕਾਂ ਨੂੰ ਸੀਤ ਪ੍ਰਸ਼ਾਦ ਮਿਲਦਾ ਸੀ, ਉਸ ਵਕਤ ਇਕ ਬਾਂਦਰ ਕਿਵੇਂ ਨਾ ਕਿਵੇਂ ਕਲੰਦਰ ਕੋਲੋਂ ਛੁੱਟ ਕੇ ਬਾਬਾ ਜੀ ਦੇ ਆਸਣ ਦੇ ਬਾਹਰ ਆ ਕੇ ਬੈਠ ਕੇ ਬੋਲਣ ਲੱਗ ਪਿਆ। ਬਾਬਾ ਜੀ

ਨੇ ਬਚਨ ਕੀਤਾ, "ਸਮਝ ਗਏ, ਤੂੰ ਮੁਕਤੀ ਮੰਗਦਾ ਹੈਂ।" ਤੇ ਬਚਨ ਕੀਤਾ, "ਬਾਲਿਆ, ਟਿੱਲੇ ਉੱਤੋਂ ਇਕ ਠੀਕਰਾ ਲੈ ਕੇ ਉਸ ਵਿਚ ਇਸ ਨੂੰ ਸੀਤ ਪ੍ਰਸ਼ਾਦ ਪਾ ਦੇ।" ਸੰਤ ਨਰੈਣ ਸਿੰਘ ਜੀ ਨੇ ਹੁਕਮ ਅਨੁਸਾਰ ਇਵੇਂ ਹੀ ਕੀਤਾ। ਜਿਸ ਸਮੇਂ ਬਾਂਦਰ ਨੂੰ ਦੁੱਧ ਪਾਇਆ, ਉਸ ਨੇ ਨਾਲ ਦੀ ਨਾਲ ਪੀ ਲਿਆ। ਫਿਰ ਬਾਬਾ ਜੀ ਵੇਖ ਕੇ ਹੱਸਦੇ ਰਹੇ, ਉਪਰੰਤ ਬਾਂਦਰ ਉਥੇ ਹੀ ਲੰਮਾ ਪੈ ਗਿਆ ਅਤੇ ਕਲੰਦਰ ਵੀ ਵੇਖ ਰਿਹਾ ਸੀ। ਬਾਬਾ ਜੀ ਨੇ ਬਚਨ ਕੀਤਾ, "ਬਾਲਿਆ, ਕਲੰਦਰ ਨੂੰ ਪੰਜ ਰੁਪਈਏ ਖ਼ਜ਼ਾਨੇ ਵਿਚੋਂ ਦਿਉ।" ਹੁਕਮ ਅਨੁਸਾਰ ਪੰਜ ਰੁਪਏ ਦੇ ਦਿੱਤੇ ਤੇ ਕਲੰਦਰ ਨੂੰ ਹੁਕਮ ਹੋਇਆ, "ਤੂੰ ਹੁਣ ਜਾ, ਇਹ ਸਾਡਾ ਸੀ, ਸਾਡੇ ਕੋਲ ਆ ਗਿਆ ਹੈ। ਇਸ ਦੀ ਮੁਕਤੀ ਹੋ ਗਈ ਹੈ।" ਕੁਝ ਸਮੇਂ ਦੇ ਅੰਦਰ-ਅੰਦਰ ਹੀ ਬਾਂਦਰ ਸਰੀਰ ਛੱਡ ਗਿਆ। ਕਲੰਦਰ ਹੈਰਾਨ ਹੋ ਕੇ ਪਹਿਲਾਂ ਵੇਖਦਾ ਰਿਹਾ, ਫਿਰ ਚਲਾ ਗਿਆ। ਨਾਮ ਦੇ ਪ੍ਰਤਾਪ ਨਾਲ ਸਭ ਕੁਝ ਹੋ ਸਕਦਾ ਹੈ।

**ਹਰਿ ਕੈ ਭਜਨਿ ਕਉਨ ਕਉਨ ਨ ਤਾਰੇ ॥**
**ਖਗ ਤਨ ਮੀਨ ਤਨ ਮ੍ਰਿਗ ਤਨ**
**ਬਰਾਹ ਤਨ ਸਾਧੂ ਸੰਗਿ ਉਧਾਰੇ ॥੧॥ ਰਹਾਉ ॥**
**ਦੇਵ ਕੁਲ ਦੈਤ ਕੁਲ ਜਖ ਕਿੰਨਰ**
**ਨਰ ਸਾਗਰ ਉਤਰੇ ਪਾਰੇ ॥**
**ਜੋ ਜੋ ਭਜਨੁ ਕਰੈ ਸਾਧੂ ਸੰਗਿ**
**ਜਾ ਤੇ ਦੂਖ ਬਿਦਾਰੇ ॥੧॥**

*(ਮਲਾਰ ਮਹਲਾ ੫, ਅੰਗ ੧੨੬੯)*

*(ਇਹ ਪ੍ਰਸੰਗ ਮਾਤਾ-ਪਿਤਾ ਪਾਸੋਂ ਮਿਲਿਆ। ਇਕ ਵਾਰ ਛੋਟਾ ਝੰਡਾ ਸਿੰਘ ਤੋਂ ਸੁਣਿਆ।)*

# ਸੰਤ ਬਾਬਾ ਸੁਖਦੇਵ ਸਿੰਘ ਜੀ
# ਮੰਦਰ ਮੁਹਾਰ ਨਾਨਕਸਰ ਤੋਂ ਭੁੱਚੋ ਸਾਹਿਬ ਤੱਕ

ਸੰਤ ਬਾਬਾ ਸੁਖਦੇਵ ਸਿੰਘ ਜੀ ਦਾ ਜਨਮ ਪਿੰਡ ਮੁਹਾਰ ਤਹਿਸੀਲ ਜੀਰਾ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਮਾਤਾ ਸੋਮਾਵੰਤੀ ਕੌਰ ਅਤੇ ਪਿਤਾ ਸਰਦਾਰ ਜਗਤਾਰ ਸਿੰਘ ਦੇ ਗ੍ਰਹਿ ਵਿਖੇ 1 ਹਾੜ (15 ਜੂਨ 1954) ਨੂੰ ਅੰਮ੍ਰਿਤ ਵੇਲੇ ਹੋਇਆ। ਬਾਬਾ ਜੀ ਦੇ ਪਿਤਾ ਜੀ ਇਲਾਕੇ ਵਿੱਚ ਪੂਰੇ ਮਾਨ ਅਤੇ ਸਤਿਕਾਰ ਵਾਲੇ ਪੁਰਸ਼ ਸਨ। ਆਪ ਜੀ ਦੇ ਪਿਤਾ ਜੀ 25 ਸਾਲ ਆਪਣੇ ਪਿੰਡ ਦੇ ਸਰਪੰਚ ਰਹੇ। ਬਾਬਾ ਜੀ ਆਪਣੇ ਪਰਿਵਾਰ ਵਿੱਚ 6 ਭਰਾ ਅਤੇ 2 ਭੈਣਾਂ ਵਿੱਚ ਸਭ ਤੋਂ ਛੋਟੇ ਹਨ। ਬਾਬਾ ਜੀ ਨੇ ਪੰਜ ਕਲਾਸਾਂ ਆਪਣੇ ਪਿੰਡ ਦੇ ਨੇੜੇ ਸਰਕਾਰੀ ਪ੍ਰਇਮਰੀ ਸਕੂਲ ਮੰਦਰ ਮੁਹਾਰ ਵਿੱਚ ਪਾਸ ਕੀਤੀਆਂ। ਇਸ ਵਿਚਕਾਰ ਬਾਬਾ ਜੀ ਆਪਣੇ ਦਾਦਾ ਲਾਭ ਸਿੰਘ (ਬਾਪੂ ਜੀ) ਨਾਲ ਜਾਂ ਇਕੱਲੇ ਹੀ ਬਾਬਾ ਸੁੰਦਰ ਦਾਸ ਜੀ ਪਾਸ ਜਾਇਆ ਕਰਦੇ ਸਨ। ਇਨ੍ਹਾਂ ਦਾ ਡੇਰਾ ਪਿੰਡ ਤੋਂ 6 ਕਿਲੋਮੀਟਰ ਦੀ ਦੂਰੀ 'ਤੇ ਕੋਟ ਈਸੇ ਖਾਂ ਵਿਖੇ ਸਥਿਤ ਹੈ। ਬਾਬਾ ਸੁੰਦਰ ਦਾਸ ਜੀ ਬਾਬਾ ਸ੍ਰੀ ਚੰਦ ਦੀ ਪੂਜਾ ਕਰਦੇ ਹਨ ਅਤੇ ਨਾਮ ਜਪਾਉਂਦੇ ਹਨ। ਬਾਬਾ ਸੁਖਦੇਵ ਸਿੰਘ ਜੀ ਦਾ ਛੋਟੀ ਉਮਰ ਵਿੱਚ ਹੀ ਗੁਰਦਆਰੇ ਜਾ ਕੇ ਸਤਸੰਗ ਵਿੱਚ ਹੀ ਮਨ ਲਗਾ ਰਹਿੰਦਾ ਸੀ। ਬਾਬਾ ਸੁੰਦਰ ਦਾਸ ਜੀ ਨੇ ਇਨ੍ਹਾਂ ਦੀ ਲਗਨ 'ਤੇ ਚਿਹਰਾ ਪੜਕੇ ਬਾਪੂ ਲਾਭ ਸਿੰਘ ਜੀ ਨੂੰ ਕਹਿ ਦਿੱਤਾ ਸੀ। ਇਹ ਤਾਂ ਸੰਤ ਮਹਾਂ ਪੁਰਸ਼ ਹਨ। ਬਾਬਾ ਜੀ ਪੰਜਵੀ ਕਲਾਸ ਦੇ ਆਖਰੀ ਪੇਪਰ ਤੋਂ ਬਾਅਦ ਦੂਸਰੇ ਦਿਨ ਹੀ ਬਾਬਾ ਕੁੰਦਨ ਸਿੰਘ ਜੀ ਦੇ ਕਹਿਣ ਮੁਤਾਬਕ ਨਾਨਕਸਰ ਜਗਰਾਓਂ ਆ ਗਏ। 12 ਸਾਲ ਦੀ ਉਮਰ ਵਿੱਚ ਬਾਬਾ ਕੁੰਦਨ ਸਿੰਘ ਜੀ ਨੇ ਇਨ੍ਹਾਂ ਦੀ ਡਿਊਟੀ ਸੁਖਮਨੀ ਸਾਹਿਬ ਦਾ ਪਾਠ ਕਰਨ ਅਤੇ ਜੋੜੀ ਤੇ ਹਰਮੋਨੀਅਮ ਦੀ ਵਿਦਿਆ ਸਿੱਖਣ ਵਿੱਚ

ਲਗਾ ਦਿੱਤੀ। ਕੀਰਤਨ ਦੀ ਵਿਦਿਆ ਤੋਂ ਬਾਅਦ ਬਾਬਾ ਜੀ ਦੀ ਡਿਊਟੀ ਕਰਨਪੁਰ ਠਾਠ (ਗੰਗਾਨਗਰ) ਇਲਾਕੇ ਵਿੱਚ ਲਗਾ ਦਿੱਤੀ। 14 ਸਾਲ ਦੀ ਉੱਮਰ ਵਿੱਚ 2 ਸਾਲ ਤਕ ਆਪ ਨੇ ਇਥੇ ਸੇਵਾ ਕੀਤੀ। ਜਦ ਕਿ ਕੋਈ ਹੋਰ ਬਹਿੰਗਮ ਇਥੇ ਜਾਣ ਲਈ ਤਿਆਰ ਨਹੀਂ ਸੀ। 16 ਸਾਲ ਦੀ ਉਮਰ ਵਿੱਚ ਆਪ ਜੀ ਦੀ ਡਿਊਟੀ ਬਾਬਾ ਜੀ ਨੇ ਗੁਰਦੁਆਰਾ ਨਾਨਕਸਰ ਲੁਧਿਆਣੇ (ਨਹਿਰ ਦੇ ਕੰਢੇ ਲਾਈ) ਉਸ ਠਾਠ ਵਿੱਚ ਕਾਫੀ ਸਾਲ ਸੇਵਾ ਕੀਤੀ । ਬਾਬਾ ਜੀ ਨੇ ਇਥੇ ਰਹਿ ਕੇ ਲੁਧਿਆਣਾ ਨਾਨਕਸਰ ਠਾਠ 'ਤੇ ਬਾਬਾ ਈਸ਼ਰ ਸਿੰਘ ਪਬਲਿਕ ਸਕੂਲ ਭਾਈ ਰਣਧੀਰ ਸਿੰਘ ਨਗਰ ਨੂੰ ਮੁਕੰਮਲ ਕਰਾਇਆ। ਇਸ ਤੋਂ ਬਾਅਦ ਬਾਬਾ ਜੀ ਨੇ ਆਪਣੇ ਪਿੰਡ 15 ਏਕੜ ਜ਼ਮੀਨ ਵਿੱਚ ਗੁਰਦੁਆਰਾ ਨਾਨਕਸਰ ਮੰਦਰ ਮੁਹਾਰ ਅਤੇ ਪਬਲਿਕ ਸਕੂਲ ਮੰਦਰ ਮੁਹਾਰ ਦੀ ਤਿਆਰੀ ਕਰਾਈ ਅਤੇ ਕਈ ਸਾਲ ਇਥੇ ਸੇਵਾ ਕੀਤੀ। ਇਸ ਤੋਂ ਬਾਅਦ ਸੰਤ ਬਾਬਾ ਕੁੰਦਨ ਸਿੰਘ ਜੀ ਆਪ ਜੀ ਦੀ ਡਿਊਟੀ ਜਿਥੇ ਕੰਮ ਰੁਕਣਾ ਜਾਂ ਨਵੀਂ ਸੇਵਾ ਕਰਾਉਣੀ ਹੋਵੇ, ਬਾਬਾ ਜੀ ਆਪ ਜੀ ਦੀ ਡਿਊਟੀ ਲਗਾਉਂਦੇ। ਆਪ ਜੀ ਨੇ ਛੋਟੀ ਉਮਰ ਵਿੱਚ ਹੀ ਕਾਰ ਸੇਵਾਵਾਂ ਸ਼ੁਰੂ ਕਰਾਉਣ ਨਾਲ ਕਈ ਸੇਵਾ ਪੂਰੀਆਂ ਕੀਤੀਆਂ ਕਾਫੀ ਅਜੇ ਚੱਲ ਰਹੀਆਂ ਹਨ ਜਿਨ੍ਹਾਂ ਵਿੱਚੋਂ ਸਕੂਲ ਤੇ ਕਾਲਜ ਵੀ ਹਨ। ਜਿਨ੍ਹਾਂ ਵਿੱਚ ਪੰਜਾਬ, ਯੂ.ਪੀ. ਰਾਜਸਥਾਨ, ਮਹਾਰਾਸ਼ਟਰ ਮਦਰਾਸ ਹੋਰ ਵੀ ਕਈ ਸਟੇਟਾਂ ਸ਼ਾਮਿਲ ਹਨ। ਤਕਰੀਬਨ ਕੋਈ 60-70 ਅਸਥਾਨਾਂ ਦੀਆਂ ਸੇਵਾਵਾਂ ਕਰਵਾਈਆਂ ਤੇ ਹੋਰ ਵੀ ਸੇਵਾਵਾਂ ਚੱਲ ਰਹੀਆਂ ਹਨ।

ਬਾਬਾ ਕੁੰਦਨ ਸਿੰਘ ਜੀ ਜਿਥੇ ਆਪ ਜੀ ਦੀ ਡਿਊਟੀ ਲਗਾਉਂਦੇ ਸਨ। ਆਪ ਜੀ ਸੇਵਾ ਪੂਰੀ ਕਰਕੇ ਕਸਵੱਟੀ 'ਤੇ ਪੂਰੇ ਉਤਰਦੇ ਸਨ। ਸੰਤ ਬਾਬਾ ਕੁੰਦਨ ਸਿੰਘ ਜੀ ਪਾਸ ਜਦੋਂ ਵੀ ਬਾਹਰਲੀ ਸੰਗਤ ਆਉਣੀ ਜਾਂ ਕੋਈ ਬੇਨਤੀ ਕਰਨੀ ਤਾਂ ਬਾਬਾ ਜੀ ਨੇ ਕਹਿਣਾ ਸਾਰਾ ਕੁਝ ਸੁਖੀ ਕੋਲ ਹੈ ਭਰਿਆ ਪਿਆ ਹੈ ਜੋ ਮਰਜ਼ੀ ਲੈ ਲਵੋ। ਜਿਥੇ ਬਾਬਾ ਕੁੰਦਨ ਸਿੰਘ ਜੀ ਨੇ ਸੇਵਾ ਦਾ ਆਖਣਾ ਬਾਬਾ ਸੁਖਦੇਵ ਸਿੰਘ ਜੀ ਨੇ ਇਲਾਕੇ ਵਿੱਚੋਂ ਸੰਗਤ ਲਿਆ ਕੇ ਸੇਵਾ ਕਰਾਵਾਉਣੀ। ਭੁੱਚੋ ਸਾਹਿਬ ਸਰੋਵਰ ਦੀ ਸੇਵਾ ਆਰੰਭ ਹੋਈ ਬਾਬਾ

ਕੁੰਦਨ ਸਿੰਘ ਜੀ ਬਹਿੰਗਮਾਂ ਅਤੇ ਸੰਗਤਾਂ ਸਮੇਤ ਬਾਬਾ ਖੇਮ ਸਿੰਘ ਜੀ ਕੋਲ ਭੁੱਚੋ ਸਾਹਿਬ ਪਹੁੰਚੇ ਅਤੇ ਆਖਣ ਲੱਗੇ ਸੁੱਖਾ ਸਿੰਘ ਆਪ ਜੀ ਨੂੰ ਸੌਂਪ ਦਿੱਤਾ ਹੈ। ਇਸ ਤੋਂ ਬਾਅਦ ਸੰਤ ਬਾਬਾ ਸੁਖਦੇਵ ਸਿੰਘ ਜੀ ਦਾ ਸੰਤ ਬਾਬਾ ਖੇਮ ਸਿੰਘ ਜੀ ਪਾਸ ਆਉਣਾਂ ਜਾਣਾ ਸ਼ੁਰੂ ਹੋ ਗਿਆ ਤੇ ਨੇੜਤਾ ਵੱਧ ਗਈ। ਬਾਬਾ ਖੇਮ ਸਿੰਘ ਜੀ ਦੇ ਹੁਕਮ ਨਾਲ ਮਾਲਾ, ਗੁਟਕੇ ਦੇਸ਼ ਦੇ ਕੋਨੇ ਕੋਨੇ ਵਿੱਚ ਵੰਡਣ ਜਾਂਦੇ ਅਖੰਡ ਪਾਠ, ਸੰਪਟ ਪਾਠ, ਤੁਕ-2 ਵਾਲੇ ਮਹਾਂ ਸੰਪਟ ਪਾਠ ਨਾਨਕ ਸਰ ਦੀਆਂ ਠਾਠਾਂ ਵਿੱਚ ਕਰਵਾਏ ਅਤੇ ਸੰਗਤਾਂ ਨੂੰ ਅੰਮ੍ਰਿਤ ਛੱਕਣ ਲਈ ਪ੍ਰੇਰਨਾ ਕੀਤੀ ਅਤੇ ਪ੍ਰਚਾਰ ਹਿਤ ਕਈ ਰੇਲ ਯਾਤਰਾ, ਬੱਸ ਯਾਤਰਾ, ਜਹਾਜ਼ ਯਾਤਰਾ, ਸਾਇਕਲ ਯਾਤਰਾਵਾਂ ਕੀਤੀਆਂ। ਸੰਤ ਬਾਬਾ ਕੁੰਦਨ ਸਿੰਘ ਜੀ ਦੇ ਸਵਰਗਵਾਸ ਹੋਣ ਤੋਂ ਬਾਅਦ ਸੰਤ ਬਾਬਾ ਸੁਖਦੇਵ ਸਿੰਘ ਜੀ ਨੇ ਸੰਤ ਬਾਬਾ ਖੇਮ ਸਿੰਘ ਜੀ ਦੀ ਰਹਿਨਮਾਈ ਵਿੱਚ 250 ਕਮਰੇ ਹਜ਼ੂਰ ਸਾਹਿਬ (ਸਰਾਂਵਾ) 5 ਗੁਰਦੁਆਰੇ ਸਾਹਿਬ ਕਈ ਲੰਗਰ ਚਲਾਏ ਤੇ ਸੰਤ ਬਾਬਾ ਖੇਮ ਸਿੰਘ ਆਖਰੀ ਟਾਇਮ ਤੇ ਆਪ ਜੀ ਦੀ ਡਿਊਟੀ ਜਪ ਤਪ 'ਤੇ ਲਗਾਈ ਜਿਹੜੀ ਆਪ ਜੀ ਨੇ ਬੇਖੂਬੀ ਨਿਭਾਈ ਇਸ ਤੋਂ ਖੁਸ਼ ਹੋ ਕੇ ਸੰਤ ਬਾਬਾ ਖੇਮ ਸਿੰਘ ਜੀ ਨੇ ਫੋਨ ਤੇ ਆਪ ਜੀ ਨੂੰ ਖੁਸ਼ੀਆਂ ਬਖਸ਼ੀਆਂ ਕਿ ਅਸੀਂ ਦੱਸ ਨਹੀਂ ਸਕਦੇ ਕਿ ਅਸੀਂ ਤੇਰੇ 'ਤੇ ਕਿੰਨੇ ਖੁਸ਼ ਹਾਂ।

ਸੰਤ ਬਾਬਾ ਖੇਮ ਸਿੰਘ ਜੀ ਨੇ ਸਾਰੀਆਂ ਪਾਵਰ ਆਫ ਅਟਰਰਨੀ ਬਾਬਾ ਜੀ ਦੇ ਨਾਮ ਕੀਤੀਆਂ ਸਨ। 3 ਪਾਵਰ ਆਫ ਅਟਾਰਨੀ ਹਜ਼ੂਰ ਸਾਹਿਬ, 2 ਨਥਾਨੇ ਤੇ ਜਰਨਲ ਪਾਵਰ ਆਫ ਅਟਾਰਨੀ ਬਾਬਾ ਜੀ ਦੇ ਨਾਮ ਕੀਤੀਆਂ ਸਨ।

ਸੰਤ ਬਾਬਾ ਖੇਮ ਸਿੰਘ ਜੀ ਦੇ ਸਵਰਗਵਾਸ ਹੋਣ ਤੋਂ ਬਾਅਦ ਦਸਮੀ ਦੇ ਮੌਕੇ 5-02-2010 ਨੂੰ ਦੇਸ਼ ਵਿਦੇਸ਼ ਤੋਂ, ਨਿਰਮਲੇ, ਸੰਪਰਦਾਇ, ਦਮਦਮੀ ਟਕਸਾਲ, ਜਥੇਬੰਦੀਆਂ ਇਲਾਕੇ ਦੇ ਸਾਰੀਆਂ ਪੰਚਾਇਤਾਂ ਵੱਲੋਂ ਲਿੱਖਤ ਕਰਕੇ ਡੇਰੇ ਦੇ ਪੰਜਵੇ ਮੁੱਖੀ ਸੇਵਾਦਾਰ ਵੱਲੋਂ ਦਸਤਾਰ ਬੰਦੀ ਕੀਤੀ ਗਈ ਅਤੇ ਡੇਰਾ ਬਾਬਾ ਰੂੰਮੀ ਵਾਲਾ ਭੁੱਚੋ ਕਲਾ ਦਾ ਮੁੱਖੀ ਥਾਪਿਆ ਗਿਆ। ਸੰਤ ਬਾਬਾ ਸੁਖਦੇਵ ਸਿੰਘ ਜੀ ਵੱਲੋਂ 14 ਦਿਨਾਂ ਵਿੱਚ ਰੂੰਮੀ ਸਾਹਿਬ ਪਿੰਡ

ਸੋਮਾਂ ਵਿੱਚ ਤਾਂਬੇ ਦੀਆਂ ਪੌੜੀਆਂ ਵਾਲਾ ਸਰੋਵਰ ਸੰਗਤਾਂ ਦੇ ਸਹਿਯੋਗ ਨਾਲ ਤਿਆਰ ਕਰਵਾਇਆ ਇਸ ਸੇਵਾ ਸਬੰਧੀ 4 ਦਿਨ ਬਾਅਦ ਬਾਬਾ ਮਹ ਂਹਿਰਨਾਮ ਸਿੰਘ ਦੀਆਂ ਪੁਰਾਤਨ ਲਿਖਤਾਂ ਵਿੱਚੋਂ ਸਰੋਵਰ ਬਾਰੇ ਲਿਖਤ ਮਿਲੀ। ਸਰੋਵਰ ਪੂਰਾ ਲਿੱਖਤ ਮੁਤਾਬਕ ਹੀ ਬਣਿਆ ਸੀ। ਹੁਣ ਬਾਬਾ ਸੁਖਦੇਵ ਸਿੰਘ ਜੀ ਭੱਚੋ ਸਾਹਿਬ ਵਿਖੇ ਲੰਗਰ ਹਾਲ ਦੀ ਸੇਵਾ, ਦੀਵਾਨ ਹਾਲ ਅਤੇ ਗੱਦੀ ਸਾਹਿਬ ਦੀ ਸੇਵਾ ਕਰਵਾ ਰਹੇ ਹਨ।

***